ਵਿਚ ਪੰਜਾਬ ਵੀ ਸ਼ਾਮਲ ਹੈ) ਦਸੰਬਰ, 2005 ਤੱਕ ਹੀ ਇਸ ਨਵੀਂ ਨਿਸਚਿਤ ਕਟੌਤੀ ਵਾਲੀ ਪੈਨਸ਼ਨ ਪ੍ਰਣਾਲੀ ਨੂੰ ਅਪਣਾ ਲਿਆ। ਬਾਕੀ ਦੇ 20 ਹੋਰ ਰਾਜ ਵੀ 2011 ਤੱਕ ਇਸ 'ਪੈਨਸ਼ਨ ਬਿੱਲ' ਦੇ ਪਾਸ ਹੋਣ ਤੋਂ ਪਹਿਲਾਂ ਹੀ ਇਸ ਪ੍ਰਣਾਲੀ ਵਿਚ ਸ਼ਾਮਲ ਹੋ ਗਏ ਸਨ।

• ਇਸੇ ਤਰ੍ਹਾਂ ਕੇਂਦਰ ਸਰਕਾਰ ਦੇ ਕਿਰਤ ਮੰਤਰਾਲੇ ਨੇ ਵੀ ਆਪਣੀ ਇਕ ਕਮੇਟੀ ਦੀ ਮਈ, 2000 'ਚ ਪੇਸ਼ ਕੀਤੀ ਗਈ ਰਿਪੋਰਟ ਦੇ ਆਧਾਰ 'ਤੇ ਚਲ ਰਹੀਆਂ ਮੌਜੂਦਾ ਵੱਖ-ਵੱਖ ਸਮਾਜਿਕ ਸੁਰੱਖਿਆ ਸਕੀਮਾਂ-ਕਰਮਚਾਰੀ ਪ੍ਰਾਵੀਡੈਂਟ ਫੰਡ ਸੰਸਥਾ, ਕਰਮਚਾਰੀ ਰਾਜ ਬੀਮਾ ਕਾਰਪੋਰੇਸ਼ਨ ਅਤੇ ਕਰਮਚਾਰੀ ਪੈਨਸ਼ਨ ਸਕੀਮ ਨੂੰ ਇਕੋ ਹੀ ਏਜੰਸੀ/ਅਦਾਰੇ ਅਧੀਨ ਲਿਆਉਣ ਵੱਲ ਕਦਮ ਪੁੱਟਣੇ ਸ਼ੁਰੂ ਕੀਤੇ ਜੋ ਕਿ ਇਨ੍ਹਾਂ ਪ੍ਰਣਾਲੀਆਂ ਨੂੰ ਵੀ ਇਸ 'ਨਵੀਂ ਪੈਨਸ਼ਨ ਪ੍ਰਣਾਲੀ' ਦੇ ਪ੍ਰਬੰਧ ਹੇਠ ਕਰਨ ਦੇ ਉਪਰਾਜਿਆਂ ਦਾ ਹੀ ਹਿੱਸਾ ਹੈ।

ਉਕਤ ਸਾਰੀਆਂ ਰਿਪੋਰਟਾਂ/ਸਿਫਾਰਸ਼ਾਂ ਨਾਲ ਪੂਰੀ ਤਰ੍ਹਾਂ ਲੈੱਸ ਹੋ ਕੇ ਹੀ ਐਨ. ਡੀ. ਏ. ਸਰਕਾਰ ਦੇ ਵਿੱਤ ਮੰਤਰਾਲੇ ਨੇ 10 ਅਕਤੂਬਰ 2003 ਨੂੰ 'ਪੈਨਸ਼ਨ ਫੰਡ ਵਿਵਸਥਾ ਤੇ ਵਿਕਾਸ ਅਥਾਰਟੀ' (PFRDA) ਸਥਾਪਿਤ ਕਰਨ ਦਾ ਗਜ਼ਟ ਨੋਟੀਫਿਕੇਸ਼ਨ ਜਾਰੀ ਕੀਤਾ ਜਿਸ ਨੂੰ ਪੈਨਸ਼ਨ ਬਜ਼ਾਰ ਵਿਕਸਤ ਕਰਨ ਤੇ ਇਸ ਦਾ ਨਿਯਮਤ ਪ੍ਰਬੰਧਨ ਕਰਨ ਲਈ ਵਿਸਥਾਰਤ ਬਿੱਲ ਤਿਆਰ ਕਰਨ ਦਾ ਜ਼ਿੰਮਾ ਸੌਂਪਿਆ ਗਿਆ ਤੇ ਇਹ ਪ੍ਰਬੰਧ ਪਾਰਲੀਮੈਂਟ 'ਚ ਬਿੱਲ ਪਾਸ ਹੋਣ ਤੱਕ ਆਰਜ਼ੀ ਪ੍ਰਬੰਧ ਵਜੋਂ ਕੀਤਾ ਗਿਆ ਤੇ ਇਹੋ ਆਰਜ਼ੀ ਪ੍ਰਬੰਧ ਹੀ ਸਤੰਬਰ 20013 ਤੱਕ ਬਿੱਲ ਪਾਸ ਹੋਣ ਤੱਕ ਚਲਦਾ ਰਿਹਾ।

• ਪਾਸ ਹੋਏ 'ਪੈਨਸ਼ਨ ਬਿੱਲ' ਅੰਦਰ 'ਨਵੀਂ ਪੈਨਸ਼ਨ ਪ੍ਰਣਾਲੀ' ਨੂੰ ਲਾਗੂ ਕਰਨ, ਇਸ ਦਾ ਪ੍ਰਬੰਧਨ ਕਰਨ ਤੇ ਇਸ ਅੰਦਰ ਲੋੜੀਂਦੀਆਂ, ਸੋਧਾਂ ਕਰਨ ਦੀ ਸਾਰੀ ਜ਼ਿੰਮੇਵਾਰੀ ਪੀ. ਐਫ. ਆਰ. ਡੀ. ਏ. ਨੂੰ ਹੀ ਸੌਂਪੀ ਗਈ ਹੈ। ਜੇ ਅਸੀਂ ਉਕਤ ਰਿਪੋਰਟਾਂ/ਸਿਫਾਰਸ਼ਾਂ ਨੂੰ ਜਿਨ੍ਹਾਂ ਦੇ ਆਧਾਰ 'ਤੇ ਇਹ ਬਿੱਲ ਬਣਾਇਆ ਗਿਆ ਹੈ, ਡੂੰਘਾਈ ਨਾਲ ਵਾਚੀਏ ਅਤੇ ਇਨ੍ਹਾਂ ਦੇ ਨਾਲ ਮਾਰਚ 2008 ਦੇ ਪੀ. ਐਫ. ਆਰ. ਡੀ. ਏ. ਦੇ ਚੇਅਰਮੈਨ ਡਾ. ਸਵਰੂਪ ਦੇ ਉਸ ਬਿਆਨ ਨੂੰ ਰੱਖਕੇ ਪੜ੍ਹੀਏ ਜੋ ਉਸ ਨੂੰ 'ਸਮਾਜਿਕ ਸੁਰੱਖਿਆ ਐਸੋਸੀਏਸ਼ਨ, ਭਾਰਤ' ਨੂੰ ਸੰਬੋਧਨ ਕਰਦਿਆਂ ਦਿੱਤਾ ਸੀ ਤਾਂ ਤਸਵੀਰ ਬਿਲਕੁਲ ਸਾਫ਼ ਹੋ ਜਾਵੇਗੀ ਕਿ ਇਸ ਬਿੱਲ ਦੀ ਲਪੇਟ 'ਚ ਕਰਮਚਾਰੀਆਂ ਦੇ ਹੋਰ ਕਿਹੜੇ ਕਿਹੜੇ ਹਿੱਸੇ ਨੇੜ ਭਵਿੱਖ 'ਚ ਆ ਸਕਦੇ ਹਨ। ਡਾ. ਸਵਰੂਪ ਨੇ ਆਪਣੇ ਭਾਸ਼ਣ 'ਚ ਸਪਸ਼ਟ ਕੀਤਾ ਸੀ ਕਿ "ਨਵੀਂ ਪੈਨਸ਼ਨ ਪ੍ਰਣਾਲੀ 'ਨਿਸਚਿਤ ਲਾਭ ਪੈਨਸ਼ਨ ਯੋਜਨਾਵਾਂ' ਨੂੰ ਤਿਆਗ ਕੇ 'ਨਿਸਚਿਤ ਕਟੌਤੀ ਆਧਾਰਤ ਯੋਜਨਾਵਾਂ' ਅਪਣਾਉਣ ਦਾ ਇਕ ਉਪਰਾਲਾ ਹੈ। ਪ੍ਰੰਤੂ ਇਹ ਤਬਦੀਲੀ ਕੇਵਲ ਨਵੇਂ ਭਰਤੀ ਹੋਣ ਵਾਲੇ ਕਰਮਚਾਰੀਆਂ ਉਪਰ ਹੀ ਲਾਗੂ ਹੋਵੇਗੀ। ਪਹਿਲਾਂ ਤੋਂ ਚਲ ਰਹੀਆਂ ਗੈਰ ਸਹਾਇਤਾ ਪ੍ਰਾਪਤ ਜਾਂ ਅਰਧ ਸਹਾਇਤਾ ਪ੍ਰਾਪਤ ਪੈਨਸ਼ਨ ਯੋਜਨਾਵਾਂ ਦੀ ਪੈਨਸ਼ਨ ਦੇਣਦਾਰੀ ਤਾਰਨ ਦੀ ਸਮੱਸਿਆ ਤਾਂ ਅਗਲੇ ਦੋ ਜਾਂ ਤਿੰਨ ਦਹਾਕਿਆਂ ਤੱਕ ਸਿਰ 'ਤੇ ਖੜ੍ਹੀ ਹੀ ਰਹੇਗੀ। ਇਸ ਲਈ ਇਸ ਦੇਣਦਾਰੀ ਨੂੰ ਕਾਰਗਰ ਤੇ ਤਸੱਲੀਬਖਸ਼ ਢੰਗ ਨਾਲ ਤਾਰਨ ਲਈ ਕੁਝ ਠੋਸ ਨਿਸਚਿਤ (Parametric) ਤਬਦੀਲੀਆਂ ਕਰਨੀਆਂ ਲਾਜ਼ਮੀ ਹੋਣਗੀਆਂ। ਇਸ ਲਈ 'ਮਾਲੀ ਬੋਝ' ਨੂੰ ਘਟਾਉਣ ਲਈ 'ਨਵੀਂ ਪੈਨਸ਼ਨ ਪ੍ਰਣਾਲੀ' ਦਾ ਘੇਰਾ ਵਧਾਉਣ ਦੇ ਨਾਲ ਨਾਲ ਮੌਜੂਦਾ 'ਨਿਸਚਿਤ ਲਾਜ਼ਮੀ ਲਾਭ' ਵਾਲੀਆਂ ਪੈਨਸ਼ਨ ਪ੍ਰਣਾਲੀਆਂ ਅੰਦਰ ਠੋਸ ਨਿਸਚਿਤ ਤਬਦੀਲੀਆਂ ਵੀ ਉਨੀਆਂ ਹੀ ਜ਼ਰੂਰੀ ਹਨ।"

ਉਕਤ ਰਿਪੋਰਟ/ਸਿਫਾਰਸ਼ਾਂ ਅਤੇ 'ਪੀ. ਐਫ. ਆਰ. ਡੀ. ਏ.' ਦੇ ਚੇਅਰਮੈਨ ਡਾ. ਸਵਰੂਪ ਵਲੋਂ ਸੁਝਾਈਆਂ ਗਈਆਂ ਠੋਸ ਨਿਸਚਿਤ ਤਬਦੀਲੀਆਂ 'ਚ ਸਪਸ਼ਟ ਸੰਕੇਤ ਹੈ ਕਿ ਇਕ ਜਨਵਰੀ, 2004 ਤੋਂ ਪਹਿਲਾਂ ਦੇ ਭਾਰਤੀ ਨਿਸਚਿਤ ਲਾਭ ਪ੍ਰਣਾਲੀ ਪੈਨਸ਼ਨ' ਹਾਸਲ ਕਰਨ ਵਾਲਿਆਂ ਨੂੰ ਮਿਲਣ ਵਾਲੇ ਮੌਜੂਦਾ ਪੈਨਸ਼ਨਰੀ ਲਾਭ (ਪੈਨਸ਼ਨ ਗਰੈਚੂਟੀ, ਕਮਿਊਟੇਸ਼ਨ ਲੀਵ ਇਨਕੈਸਮੈਂਟ, ਭੱਤੇ ਆਦਿ) ਵੀ ਖ਼ਤਰੇ ਹੇਠ ਹਨ। ਸੇਵਾ ਮੁਕਤ ਹੋ ਚੁੱਕੇ ਪੈਨਸ਼ਨਰ ਵੀ ਇਸ ਦੀ ਮਾਰ ਹੇਠ ਆ ਸਕਦੇ ਹਨ। ਪ੍ਰਾਈਵੇਟ ਕੰਪਨੀਆਂ ਅੰਦਰ ਕੰਮ ਕਰ ਰਹੇ ਕਰਮਚਾਰੀਆਂ ਦੀ ਏ. ਪੀ. ਐਫ./ਪੈਨਸ਼ਨ ਪ੍ਰਣਾਲੀ ਖਤਮ ਕਰਕੇ, 'ਨਵੀਂ ਪੈਨਸ਼ਨ ਪ੍ਰਣਾਲੀ' ਅਧੀਨ ਲਿਆਉਣ ਦੇ ਉਪਰਾਲੇ ਤਾਂ ਪਹਿਲਾਂ ਹੀ ਸ਼ੁਰੂ ਹੋ ਚੁੱਕੇ ਹਨ। ਸਰਕਾਰਾਂ ਦੀਆਂ ਨਜ਼ਰਾਂ 'ਚ (ਸੰਸਾਰ ਬੈਂਕ ਦੀਆਂ ਐਨਕਾਂ ਰਾਹੀਂ ਦੇਖਿਆਂ) ਸਰਕਾਰੀ ਖਜ਼ਾਨੇ ਉਪਰ ਬੋਝ ਬਣ ਰਹੀਆਂ ਸਰਕਾਰੀ ਤੇ ਅਰਧ ਸਰਕਾਰੀ ਕਰਮਚਾਰੀਆਂ ਦੀਆਂ ਪੈਨਸ਼ਨ ਤੇ ਤਨਖਾਹਾਂ ਦੀਆਂ ਵੱਧ ਰਹੀਆਂ ਦੇਣਦਾਰੀਆਂ ਨੂੰ ਘਟਾਉਣ ਲਈ ਪੁਨਰਗਠਨ ਦੇ ਨਾਂ ਹੇਠ ਪੋਸਟਾਂ ਦੀ ਕਟੌਤੀ ਕਰਨੀ ਪੋਸਟਾਂ ਲਗਾਤਾਰ ਖਾਲੀ ਰੱਖਣੀਆਂ,ਭਰਤੀ ਨਾ ਕਰਨੀ, ਰੈਗੂਲਰ ਭਰਤੀ ਦੀ ਜਗ੍ਹਾ ਨਿਗੂਣੀ ਤਨਖਾਹ ਉਪਰ ਠੇਕਾ ਭਰਤੀ ਕਰਨੀ ਵਿਕੇਂਦਰੀਕਰਨ/ ਪੰਚਾਇਤੀਕਰਨ, ਨਿਗਮੀਕਰਨ ਆਦਿ ਦੀ ਆੜ ਹੇਠ ਸਮਾਜਿਕ ਭਲਾਈ ਵਿਭਾਗਾਂ-ਸਿੱਖਿਆ, ਸਿਹਤ, ਜਲ ਸਪਲਾਈ, ਬਿਜਲੀ, ਰੇਲਵੇ, ਟਰਾਂਸਪੋਰਟ ਆਦਿ ਖੇਤਰਾਂ 'ਚੋਂ ਸਰਕਾਰੀ ਨਿਵੇਸ਼ ਘਟਾ ਕੇ, ਇਨ੍ਹਾਂ ਖੇਤਰਾਂ ਨੂੰ ਨਿੱਜੀ ਹੱਥਾਂ 'ਚ ਸੌਂਪਣ ਦਾ ਅਮਲ ਚਲਾਉਣਾ ਵੀ ਪੈਨਸ਼ਨਾਂ ਤੇ ਤਨਖਾਹਾਂ ਦੀ ਦੇਣਦਾਰੀ ਘੱਟ ਕਰਨ ਦੀ ਦਿਸ਼ਾ 'ਚ ਹੀ ਪੁੱਟੇ ਜਾ ਰਹੇ ਕਦਮ ਹਨ। ਪੰਜਾਬ ਸਰਕਾਰ ਦੀ ਨਕਲ ਕਰਦਿਆਂ ਕੇਂਦਰ ਸਰਕਾਰ ਜਾਂ ਕੋਈ ਵੀ ਰਾਜ ਸਰਕਾਰ ਬਕਾਏ ਦੀਆਂ ਤੇ ਡੀ. ਏ. ਦੀਆਂ ਰੈਗੂਲਰ ਕਿਸ਼ਤਾਂ ਨੂੰ ਸਾਲਾਂਬੱਧੀ ਪਿਛੇ ਪਾਉਣ ਦਾ 'ਸ਼ੁਭਕਾਰਜ' ਵੀ ਅਰੰਭ ਕਰ ਸਕਦੀਆਂ ਹਨ।



**• ਪੈਨਸ਼ਨ ਦੇਣਦਾਰੀਆਂ ਦੇ ਵਧਣ ਦਾ ਕੱਚ-ਸੱਚ**

ਕੇਂਦਰ ਤੇ ਰਾਜ ਸਰਕਾਰਾਂ ਵਜੋਂ 'ਨਵੀਂ ਪੈਨਸ਼ਨ ਪ੍ਰਣਾਲੀ' ਲਾਗੂ ਕਰਨ ਪਿਛੇ ਸ੍ਰੀ ਯਸ਼ਵੰਤ ਸਿਨਹਾ ਦੀ ਤਰਜ਼ 'ਤੇ ਹੀ ਜੀ. ਡੀ. ਪੀ. ਦੀ ਫੀਸਦੀ ਦੇ ਹਿਸਾਬ ਨਾਲ ਪੈਨਸ਼ਨ ਦੇਣਦਾਰੀਆਂ ਦੇ ਵਧ ਰਹੇ ਖਰਚੇ ਦਾ ਜੋ ਇਕੋ ਇਕ 'ਸਿੱਕੇ ਬੰਦ' ਤਰਕ ਪੇਸ਼ ਕੀਤਾ ਜਾ ਰਿਹਾ ਹੈ ਉਹ ਵੀ ਤੱਥਾਂ ਤੇ ਸਰਕਾਰੀ ਅੰਕੜਿਆਂ ਦੀ ਕਸੌਟੀ ਉਪਰ ਖਰਾ ਨਹੀਂ ਉਤਰਦਾ। ਇਹ ਖਰਚਾ ਸਗੋਂ ਜੀ. ਡੀ. ਪੀ. ਦੀ ਫੀਸਦੀ ਦੇ ਹਿਸਾਬ ਨਾਲ ਘਟ ਰਿਹਾ ਹੈ। 1999-2000 'ਚ ਇਹ ਜੀ.ਡੀ.ਪੀ. ਦਾ 1.1 ਫੀਸਦੀ ਸੀ ਜਿਹੜਾ ਕਿ ਘਟ ਕੇ 2000-2001 'ਚ 1.0 ਫੀਸਦੀ ਅਤੇ 2004-05 'ਚ 0.93 ਫੀਸਦੀ ਰਹਿ ਗਿਆ ਸੀ। ਇਸ ਤੋਂ ਬਿਨਾਂ ਪਿਛਲੇ ਸਮੇਂ ਦੌਰਾਨ ਕਰਮਚਾਰੀਆਂ ਦੀ ਭਰਤੀ ਦਰ ਵੀ ਘਟੀ ਹੈ। 1970 'ਚ ਕੇਂਦਰੀ ਕਰਮਚਾਰੀਆਂ ਦੀ ਭਰਤੀ ਦਰ ਵਾਧਾ 3.94 ਫੀਸਦੀ ਸੀ ਜੋ ਕਿ 2003-04 'ਚ ਘਟ ਕੇ 2.68 ਫੀਸਦੀ ਹੋ ਗਿਆ ਸੀ। ਕੇਂਦਰ ਸਰਕਾਰ ਦੇ ਕਰਮਚਾਰੀਆਂ ਦੀਆਂ ਤਨਖਾਹਾਂ+ਭੱਤਿਆਂ ਦਾ ਕੁੱਲ ਖਰਚਾ ਵੀ ਜੋ 1970 'ਚ 417 ਕਰੋੜ ਰੁਪਏ (ਜੀ. ਡੀ. ਪੀ. ਦਾ 2. ਫੀਸਦੀ) ਸੀ ਪ੍ਰੰਤੂ 2004-05 ਭਾਵੇਂ ਕੁੱਲ ਖਰਚਾ ਤਾਂ 36704 ਕਰੋੜ ਰੁਪਏ ਹੋ ਗਿਆ ਸੀ ਪ੍ਰੰਤੂ ਜੀ.ਡੀ.ਪੀ. ਦੀ ਫੀਸਦੀ ਘੱਟ ਕੇ 1.18 ਫੀਸਦੀ ਹੀ ਰਹਿ ਗਿਆ ਸੀ। ਇਸ ਲਈ ਸਰਕਾਰਾਂ ਦਾ ਤਾਂ ਇਹ ਅਜਿਹਾ ਬਹਾਨਾ ਹੈ ਕਿ "ਕੁੱਤੇ ਨੂੰ ਪਹਿਲਾਂ ਹਲਕਿਆ ਕਹਿ ਦਿਓ, ਫਿਰ ਮਾਰ ਦਿਓ।" ਕਰਮਚਾਰੀਆਂ ਦੀਆਂ ਤਨਖਾਹਾਂ ਤੇ ਪੈਨਸ਼ਨ ਦੇਣਦਾਰੀਆਂ' ਨੂੰ ਪਹਿਲਾਂ 'ਸਰਕਾਰੀ ਖਜ਼ਾਨੇ ਉਪਰ ਬੋਝ' ਕਰਾਰ ਦੇ ਦਿਓ ਫਿਰ ਉਨ੍ਹਾਂ ਦੀ ਕਟੌਤੀ ਕਰ ਦਿਓ ਜਾਂ ਬੰਦ ਕਰ ਦਿਓ। ਇਕ ਤੱਥ ਹੋਰ ਕਿ ਸਾਰੇ ਸੈਕਟਰਾਂ ਦੇ ਕੁੱਲ ਪੈਨਸ਼ਨ ਖਰਚੇ ਦਾ ਅੱਧੇ ਤੋਂ ਵੱਧ ਹਿੱਸਾ ਸੁਰੱਖਿਆ ਖੇਤਰ ਦੀ ਪੈਨਸ਼ਨ ਦੇਣਦਾਰੀਆਂ ਦਾ ਬਣਦਾ ਹੈ ਜਿਸ ਕਾਰਨ 'ਨਵੀਂ ਪੈਨਸ਼ਨ ਪ੍ਰਣਾਲੀ' ਲਾਗੂ ਕਰਨ ਨਾਲ ਵੀ ਪੈਨਸ਼ਨ ਦੇਣਦਾਰੀ 'ਚ ਬਹੁਤੀ ਕਮੀ ਨਹੀਂ ਆਉਣੀ।

**• ਪੈਨਸ਼ਨ-ਸੁਪਰੀਮ ਕੋਰਟ ਦੀਆਂ ਨਜ਼ਰਾਂ 'ਚ**

ਉਕਤ ਤੱਥਾਂ ਤੇ ਅੰਕੜਿਆਂ ਦੇ ਬਾਵਜੂਦ ਸਰਕਾਰਾਂ ਜਿਸ ਪੈਨਸ਼ਨ ਦੀ ਦੇਣਦਾਰੀ ਨੂੰ ਸਰਕਾਰੀ ਖਜ਼ਾਨੇ ਉਪਰ ਬੋਝ ਸਮਝਦੀਆਂ ਹਨ, ਕਰਮਚਾਰੀਆਂ ਨੂੰ ਦਿੱਤੀ ਜਾਣ ਵਾਲੀ ਇਕ ਕਿਸਮ ਦੀ 'ਖ਼ੈਰਾਤ' ਵਜੋਂ ਲੈਂਦੀਆਂ ਹਨ ਜਿਸ ਨੂੰ ਉਹ ਆਪਣੀ ਲੋੜ ਤੇ ਇੱਛਾ ਮੁਤਾਬਕ ਬੰਦ ਕਰਨ ਦਾ ਅਧਿਕਾਰ ਸਮਝਦੀਆਂ ਹਨ, ਉਸ ਨੂੰ ਭਾਰਤ ਦੀ ਮਾਨਯੋਗ ਸੁਪਰੀਮ ਕੋਰਟ ਕਿਵੇਂ ਦੇਖਦੀ ਹੈ, ਆਓ ਦੇਖੀਏ।

ਮਾਨਯੋਗ ਸੁਪਰੀਮ ਕੋਰਟ ਵਲੋਂ ਇਕ ਰਿਟ ਪਟੀਸ਼ਨ (ਨੰ. 5939-5941 ਆਫ਼ 1980) ਡੀ.ਐਨ. ਨਾਕਾਰਾ ਤੇ ਹੋਰ ਬਨਾਮ ਭਾਰਤ ਸਰਕਾਰ ਉਪਰ ਬਹਿਸ ਕਰਦਿਆਂ, 17 ਦਸੰਬਰ, 1982 ਨੂੰ (ਜਿਹੜਾ ਦਿਨ, ਸਾਰੇ ਭਾਰਤ ਅੰਦਰ ਪੈਨਸ਼ਨਰਾਂ ਵਲੋਂ 'ਪੈਨਸ਼ਨਰ ਦਿਵਸ' ਵਜੋਂ ਮਨਾਇਆ ਜਾਂਦਾ ਹੈ) ਆਪਣਾ ਇਕ ਇਤਿਹਾਸਕ ਫੈਸਲਾ ਸੁਣਾਉਂਦਿਆਂ ਇਸ ਮਸਲੇ ਸਬੰਧੀ ਬਹੁਤ ਹੀ ਅਹਿਮ ਨੁਕਤੇ ਉਠਾਏ ਹਨ। ਪੈਨਸ਼ਨ ਦੀ ਹੈ? "ਪੈਨਸ਼ਨ ਦੇ ਉਦੇਸ਼ ਕੀ ਹਨ? ਇਹ ਕਿਸ ਜਨਤਕ ਹਿੱਤ ਦੀ ਪੂਰਤੀ ਕਰਦੀ ਹੈ?" ਇਨ੍ਹਾਂ ਨੁਕਤਿਆਂ ਨੂੰ ਖੁਦ ਸੁਪਰੀਮ ਕੋਰਟ ਵਲੋਂ ਉਠਾ ਕੇ ਆਪਣੇ ਫੈਸਲੇ ਅੰਦਰ ਕਿਹਾ ਹੈ, "ਕਿ ਬਹਿਸ ਤੋਂ ਬਾਅਦ ਤਿੰਨ ਗੱਲਾਂ ਨਿਕਲਦੀਆਂ ਹਨ। 1. ਪੈਨਸ਼ਨ ਨਾ ਤਾਂ ਕੋਈ ਬਖਸ਼ੀਸ਼ ਹੈ ਤੇ ਨਾ ਹੀ ਕੋਈ ਖੈਰਾਤ ਹੈ ਜਿਹੜੀ ਭਰਤੀ ਕਰਤਾ/ਨੌਕਰੀਦਾਤਾ ਦੀ ਮਨਮਰਜ਼ੀ ਜਾਂ ਇੱਛਾ ਦੀ ਮੁਥਾਜ ਹੋਵੇ। 2. ਨਾ ਹੀ ਪੈਨਸ਼ਨ ਕੋਈ ਤਰਸ ਸਹਾਇਤਾ ਰਾਸ਼ੀ ਹੈ ਸਗੋਂ ਪਿਛਲੀ ਸੇਵਾ ਨਿਭਾਉਣ ਦੇ ਇਵਜ਼ ਵਜੋਂ ਦਿੱਤੀ ਜਾਣ ਵਾਲੀ ਰਾਸ਼ੀ ਹੈ। 3. ਇਹ ਉਨ੍ਹਾਂ ਲੋਕਾਂ ਨੂੰ ਸਮਾਜਿਕ-ਆਰਥਿਕ ਨਿਆਂ ਮੁਹੱਈਆ ਕਰਵਾਉਣ ਵਾਲਾ ਇਕ ਸਮਾਜਿਕ ਭਲਾਈ ਦਾ ਕਦਮ ਹੈ, ਜਿਨ੍ਹਾਂ ਨੇ ਆਪਣੀ ਜ਼ਿੰਦਗੀ ਦੇ ਹੁਸੀਨ ਦਿਨਾਂ 'ਚ ਆਪਣੇ ਨੌਕਰੀਦਾਤਾ ਲਈ ਜੀ ਤੋੜ ਮਿਹਨਤ ਕੀਤੀ, ਇਸ ਭਰੋਸੇ ਦੇ ਆਸਰੇ ਕਿ ਬੁੱਢੇ ਵਾਰੇ ਉਨ੍ਹਾਂ ਨੂੰ ਖੁਲ੍ਹੇ ਅਸਮਾਨ ਹੇਠ ਨਿਆਸਰੇ ਹੀ ਨਹੀਂ ਛੱਡ ਦਿੱਤਾ ਜਾਵੇਗਾ (ਫੈਸਲੇ ਦਾ ਪੈਰਾ 31) ਇਸੇ ਫੈਸਲੇ 'ਚ ਹੀ ਸੁਪਰੀਮ ਕੋਰਟ ਨੇ ਪੈਨਸ਼ਨ ਨੂੰ ਇਸ ਪੱਖੋਂ ਤਨਖਾਹ/ਉਜਰਤ ਹੀ ਸਵੀਕਾਰਿਆ ਹੈ।

ਸੁਪਰੀਮ ਕੋਰਟ ਦੇ ਉਕਤ ਫੈਸਲੇ ਦੀ ਰੌਸ਼ਨੀ 'ਚ ਰੱਖਕੇ ਦੇਖਿਆਂ 'ਨਵੀਂ ਪੈਨਸ਼ਨ ਪ੍ਰਣਾਲੀ' ਨਾ ਸਿਰਫ਼ ਸੁਪਰੀਮ ਕੋਰਟ ਵਲੋਂ ਪੈਨਸ਼ਨ ਦੀ ਦਿੱਤੀ ਗਈ ਪਰਿਭਾਸ਼ਾ ਤੇ ਵਿਆਖਿਆ ਤੇ ਪੂਰੀ ਹੀ ਉਤਰਦੀ ਹੈ ਸਗੋਂ ਸੁਪਰੀਮ ਕੋਰਟ ਦੇ ਉਕਤ ਫੈਸਲੇ ਦੀ ਉਲੰਘਣਾ ਵੀ ਕਰਦੀ ਹੈ।

**• ਗੰਭੀਰ ਚੁਣੌਤੀ**

ਮੁਲਕ ਭਰ ਦੇ ਕੇਂਦਰੀ ਤੇ ਰਾਜ ਸਰਕਾਰਾਂ ਦੇ ਸਮੂਹ ਕਰਮਚਾਰੀਆਂ ਅੱਗੇ ਇਹ 'ਪੈਨਸ਼ਨ ਦੇ ਨਿੱਜੀਕਰਨ ਦਾ ਮੁੱਦਾ, ਇਕ ਸਾਂਝਾ ਮੁੱਦਾ ਤੇ ਸਾਂਝੀ ਗੰਭੀਰ ਚੁਣੌਤੀ ਹੈ ਜਿਸ ਦੀਆਂ ਸਾਰੀਆਂ ਪ੍ਰਤੱਖ ਤੇ ਅਣਦਿਸਦੀਆਂ ਲੁਕੀਆਂ ਡੂੰਘੀਆਂ ਪਰਤਾਂ ਨੂੰ ਸਮਝ ਕੇ, ਇਨ੍ਹਾਂ ਦੀਆਂ ਖ਼ਤਰਨਾਕ ਦੂਰਗਾਮੀ ਅਰਥ ਸੰਭਾਵਨਾਵਾਂ ਬਾਰੇ ਕਰਮਚਾਰੀਆਂ ਨੂੰ ਜਾਗਰੂਕ ਕਰਕੇ, ਇਕ ਵਿਸ਼ਾਲ ਸਾਂਝਾ ਤਿੱਖਾ ਸੰਘਰਸ਼ ਲਾਮਬੰਦ ਕੀਤਾ ਜਾਵੇ ਅਤੇ ਇਕ ਦੂਜੀ ਨੂੰ ਛੱਜ 'ਚ ਪਾ ਕੇ ਛਟਣ ਵਾਲੀਆਂ, ਪਰ ਇਸ ਮੁੱਦੇ ਉਪਰ ਪੂਰਨ ਸਹਿਮਤ/ਇਕਮਤ ਹਾਕਮ ਜਮਾਤੀ ਪਾਰਟੀਆਂ ਦੇ ਦੰਭ ਨੂੰ ਨੰਗਿਆ ਕੀਤਾ ਜਾਵੇ। ਖ਼ਤਰਨਾਕ ਮਾਰੂ ਦੂਰਗਾਮੀ ਅਰਥ ਸੰਭਾਵਨਾਵਾਂ, ਸਮੋਈ ਬੈਠੇ ਇਸ 'ਨਵੀਂ ਪੈਨਸ਼ਨ ਪ੍ਰਣਾਲੀ' ਦੇ ਕਾਨੂੰਨ ਨੂੰ ਰੱਦ ਕਰਵਾਉਣਾ ਅਸੰਭਵ ਵੀ ਨਹੀਂ ਹੈ।

yashpal.vargchetna@gmail.com

## ਇਨਕਲਾਬੀ ਲਹਿਰ ਦੇ ਸਰਗਰਮ ਆਗੂ ਮਾ. ਭਜਨ ਸਿੰਘ ਤੇ ਪਰਿਵਾਰ ਨੂੰ ਗਹਿਰਾ ਸਦਮਾ

30-8-2014 ਨੂੰ ਇਨਕਲਾਬ ਲਹਿਰ ਦੇ ਤਰਕਸ਼ੀਲ ਆਗੂ ਮਾ. ਭਜਨ ਸਿੰਘ ਅਤੇ ਪਰਿਵਾਰ ਨੂੰ ਉਸ ਸਮੇਂ ਅਸਹਿ ਸਦਮਾ ਪਹੁੰਚਿਆ ਜਦੋਂ ਉਨ੍ਹਾਂ ਦੇ ਛੋਟੇ ਭਰਾ ਸ੍ਰ. ਸ਼ਿੰਗਾਰਾ ਸਿੰਘ ਦਾ ਅਚਾਨਕ ਦਿਹਾਂਤ ਹੋ ਗਿਆ। ਸ੍ਰ. ਸ਼ਿੰਗਾਰਾ ਸਿੰਘ ਪੰਜਾਬ ਲੁਧਿਆਣਾ ਵਿਖੇ ਪਿੰਡ ਡੇਹਲੋਂ ਵਿਖੇ ਮੈਡੀਕਲ ਹਾਲ ਚਲਾਉਂਦੇ ਸਨ। ਅਜੇ 50 ਕੁ ਸਾਲਾਂ ਦੇ ਸ਼ਿੰਗਾਰਾ ਸਿੰਘ ਇਕ ਧੀ ਦੇ ਪਿਤਾ ਸਨ। ਪੰਜਾਬ ਦੇ ਪਿੰਡਾਂ ਅੰਦਰ ਫੈਲੀ ਪ੍ਰਦੂਸ਼ਤ ਪਾਣੀ ਦੀ ਮਾਰ ਨਾਲ ਹੈਪੇਟਾਇਟਸ ਦੀ ਬਿਮਾਰੀ ਦਾ ਸ਼ਿੰਗਾਰਾ ਸਿੰਘ ਵੀ ਸ਼ਿਕਾਰ ਹੋ ਗਏ। ਪਰਿਵਾਰ ਲਈ ਬੜੀ ਹੀ ਅਸਹਿ ਤੇ ਗਹਿਰੇ ਸਦਮੇ ਵਾਲੀ ਖ਼ਬਰ ਨੇ ਪਰਿਵਾਰ ਨੂੰ ਝੰਜੋੜ ਕੇ ਰੱਖ ਦਿੱਤਾ। ਮਾ. ਭਜਨ ਸਿੰਘ ਜਿਨ੍ਹਾਂ ਲਈ ਸ਼ਿੰਗਾਰਾ ਸਿੰਘ ਪੰਜ ਭਰਾਵਾਂ ਵਿਚੋਂ ਸਭ ਤੋਂ ਛੋਟਾ ਪੁੱਤਾਂ ਵਾਂਗ ਪਾਲਿਆ ਭਰਾ ਸ਼ਿੰਗਾਰਾ ਸਿੰਘ ਸੀ। ਜਿਸ ਦਾ ਇਸ ਜਹਾਨ ਤੋਂ ਤੁਰ ਜਾਣਾ ਸਦਮੇ ਵਰਗਾ ਹੈ। ਅਦਾਰਾ 'ਸਰੋਕਾਰਾਂ ਦੀ ਅਵਾਜ਼' ਮਾ. ਭਜਨ ਸਿੰਘ ਦੇ ਪਰਿਵਾਰ 'ਤੇ ਆਈ ਇਸ ਦੁੱਖ ਦੀ ਘੜੀ ਸਮੇਂ ਹਮਦਰਦੀ ਪ੍ਰਗਟ ਕਰਦਾ ਹੈ।

DYNAMIC TROPHIES & AWARDS
Where We Make Your Winners Shine!
We specialize in:
- Corporate awards
- Plaques
- Trophies
- Medals
- Crystal awards
- Glass awards
- Recognition products
- Executive gifts
- Promotional items



call: Raguhbir Singh or Komal
905.454.2636
224 Rutherford Road South, Suite 1
Brampton, ON L6W 3J6
dynamictrophies@hotmail.com
www.dynamictrophies.ca

# Jan Sangharsh Manch Haryana, Kurukshetra-Kaithal Unit 4th joint conference






On the eve of martyrdom day of one of the youngest revolutionaries in Indian independence movementKhudi Ram Bose, Jan Sangharsh Manch Haryana, Kurukshetra-Kaithal district units organised its fourth joint conference at kurukshetra in Brahmin dharmshala hall. Conference inaugurated with the revolutionary tribute to martyr Khudi Ram Bose and presided over by Manch state president Dr. Lehna Singh.

Throwing light upon the life of the martyr, the main speaker Shyam Sunder, Manch state adviser, said that this conference is being held in such a critical situation when working class is forced to lead a disgraceful life. Just like Modi government, every government has duped and befooled the poor working people raising the slogans of 'elimination of poverty', 'Ache Din', 'sbkavikas', 'government dedicated to poor'.In the name of development, policies are made in the interests of corporate world. Actually in a capitalist social system every government acts as a managing committee of interests of capitalist class only.The only way to get rid of all the problems of working people is Bhagat Singh's INQULAB i.e. moving towards socialist revolution through organising mass struggle on day to day problems of life.

Manch state committee member Advocate Sudesh Kumari expressed great concern over the constant rapid increase in the crimes and atrocities against women and dalits in Haryana and all over the country. She made a call in the conference to raise a strong mass movement against such atrocities.

A detailed discussion held in the conference regarding all the anti-people steps being taken by Modi government and program chalked out to oppose these constantly in future also. Six resolutions passed unanimously in the conference:

First, against increasing atrocities against women and dalits. In Haryana the situation is becoming more grim. Manch will protest strongly against it and will act for justice to women and oppressed class constantly.

Second, in favour of struggle of Maruti workers going on since last two years. Resolution passed demanding higher judicial inquiry into the incident of 18 July 2012 in MarutiManesar Plant, cancellation of all false cases against Maruti worker and immediate release of 147 Maruti workers from jail.

Third resolution was passed against the proposed amendments in labour laws by Modi government. The proposed amendments are attack on the interests and rights of workers. BJP led Rajasthan govt has already made such laws. This move of Modi government brings the reality of Modi's slogan 'sbkavikas'. It showsModi'sreal motto is 'punjipatiyokavikas, mzdooro- greebokavinash'. Conference demanded immediate roll back of these proposed amendments in labour laws. Fourth resolution, against the privatisation, commercialisation and communalisation of education got passed. Recent surveys in Haryana schools show the degrading level of education. In government schools, only the children from poor dalit, backward classes and muslims are enrolled and the level of education is such that according to one report presented in Jan 2013 , 40% students of Class V are not able to read the books of Class II, 75% students not able to do the simple mathematical calculations of dividing three digits with one digit and 60% schools are not fulfilling the requirement of 40:1 ratio as described in Right to Education Act 2009. Education is going out of the hands of poor common people because of privatisation and commercialisation .

Fifth resolution got passed against the barbarous attack and genocide being done in Gaza by Israel and attack by America again on Iraq in the name of terrorism. Conference criticised theneutral attitude of Modi government towards brutal killing in Palestine by Israel, because being neutral in the situations of injustice is to favour the oppressor. Demand to break the diplomatic relations with Israel was made in resolution.

Sixth, a cultural resolution was passed criticising anti-social and culturally degraded play namely 'Ant HazirHo', played at Kurukshetra based government added cultural instution called MACC (Multi Art Cultural Centre). Manch will keep opposing such anti-social cultural activities in future also.

MNREGA Mazdoor Union leader Phool Singh Gautam, Student wing leader KavitaVidrohi, Karnail Singh, Maruti Suzuki Workers Union provisional committee member Ramniwas also addressed the conference. With the election of new executive body for the district unit and withnew programs in future for mass movements, conference ended with new vigour.

# ਸਮ੍ਰਿਤੀ ਇਰਾਨੀ ਦੀ ਡਿਗਰੀ ਬਹਾਨੇ ਕੁਝ ਗੱਲਾਂ

**-ਅੰਮ੍ਰਿਤ**



ਸਮ੍ਰਿਤੀ ਇਰਾਨੀ ਕੋਲ ਕਿਹੜੀ ਡਿਗਰੀ ਹੈ, ਕੋਈ ਡਿਗਰੀ ਹੈ ਵੀ ਜਾਂ ਨਹੀਂ, ਇਸਨੂੰ ਲੈ ਕੇ ਅੱਛੀ ਖਾਸੀ ਬਹਿਸ ਹੋ ਰਹੀ ਹੈ? ਹੋਰ ਤਾਂ ਹੋਰ, ਬਹੁਤ ਸਾਰੇ ਅਗਾਂਹਵਧੂ ਲੋਕਾਂ ਤੇ ਕਈ ਕਮਿਊਨਿਸਟਾਂਨੂੰ ਵੀ ਇਸਦੀ ਅੱਛੀ-ਖਾਸੀ ਚਿੰਤਾ ਹੈ। ਪਹਿਲੀ ਗੱਲ ਤਾਂ ਇਹ ਕਿ ਅੱਜ ਦਾ ਸਮੁੱਚਾ ਵਿੱਦਿਅਕ ਢਾਂਚਾ ਸਰਮਾਏਦਾਰਾ ਆਰਥਿਕ-ਸਮਾਜਿਕ ਢਾਂਚੇ ਦੇ ਕਲਰਕ, ਅਫ਼ਸਰ ਤਿਆਰ ਕਰਨ, ਕਿਰਤੀ ਅਬਾਦੀ ਦੇ ਕੁਝ ਹਿੱਸੇ ਨੂੰ ਇੰਨਾ ਕੁ ਅੱਖਰ-ਗਿਆਨ ਦੇਣ ਤਾਂ ਕਿ ਉਹ ਆਧੁਨਿਕ ਪੈਦਾਵਾਰੀ ਪ੍ਰਣਾਲੀ ਵਿੱਚ ਫਿੱਟ ਹੋ ਸਕਣ ਅਤੇ ਸਭ ਤੋਂ ਉੱਤੇ ਬੁਰਜੂਆ ਜਮਾਤ ਦਾ ਵਿਚਾਰਧਾਰਕ ਗਲਬਾ ਕਾਇਮ ਕਰਨ ਦਾ ਸਾਧਨ ਹੈ? ਇਸ ਵਿੱਦਿਅਕ ਢਾਂਚੇ ਵਿੱਚ ਕਿਸੇ ਵੀ ਡਿਗਰੀ ਦੀ ਪੜਾਈ ਆਮ ਲੋਕਾਈ ਦੀ ਸੇਵਾ ਲਈ ਨਹੀਂ, ਸਗੋਂ ਸਰਮਾਏਦਾਰ ਜਮਾਤ ਦੀ ਸੇਵਾ ਲਈ ਕਰਵਾਈ ਜਾਂਦੀ ਹੈ, ਇਸ ਲਈ ਕਿਸੇ ਕੋਲ ਕੋਈ ਵੀ ਡਿਗਰੀ ਹੋਵੇ, ਇਸ ਨਾਲ ਕੁਝ ਫ਼ਰਕ ਨਹੀਂ ਪੈਂਦਾ ਜਿੰਨਾ ਚਿਰ ਉਹ ਆਪਣੀ ਡਿਗਰੀਆਂ ਦੇ ਥੱਬੇ ਨਾਲ ਸਰਮਾਏਦਾਰਾਂ ਦੀ ਸੇਵਾ ਵਜਾ ਰਿਹਾ ਹੈ ਅਗਾਂਹਵਧੂਆਂ ਤੇ ਕਮਿਊਨਿਸਟਾਂ ਨੂੰ ਤਾਂ ਖਾਸ ਤੌਰ ਤੇ ਇਸਦਾ ਕੋਈ ਫ਼ਰਕ ਨਹੀਂ ਪੈਣਾ ਚਾਹੀਦਾ।

ਦੂਸਰੀ ਗੱਲ, ਸਮ੍ਰਿਤੀ ਇਰਾਨੀ ਦੀ ਡਿਗਰੀ ਦੀ ਚਿੰਤਾ ਉਸੇ ਮਾਨਸਿਕਤਾ ਦਾ ਪ੍ਰਗਟਾਵਾ ਹੈ ਜਿਹੜੀ ਅੰਗਰੇਜ਼ੀ ਦੇ ਚਾਰ ਲਫਜ਼ ਸੁਣ ਕੇ ਅਜਿਹੇ ਵਿਅਕਤੀ ਅੱਗੇ ਡੰਡੌਤ ਕਰਨ ਲੱਗਦੀ ਹੈ, ਇਹ ਉਸੇ ਮਾਨਸਿਕਤਾ ਦਾ ਪ੍ਰਗਟਾਵਾ ਹੈ ਜਿਹੜੀ ਡਿਗਰੀਆਂ ਦੇਖ ਕੇ ਨਾ ਕਿ ਵਿਅਕਤੀ ਦਾ ਗਿਆਨ ਤੇ ਉਸ ਤੋਂ ਵੀ ਅਹਿਮ ਉਸ ਵਿਅਕਤੀ ਦੁਆਰਾ ਸਮਾਜ ਅਤੇ ਲੋਕਾਂ ਲਈ ਨਿਭਾਈ ਜਾ ਰਹੀ ਭੂਮਿਕਾ ਨੂੰ ਦੇਖਕੇ ਉਸ ਨਾਲ ਆਪਣੀ ਗੱਲਬਾਤ ਤੇ ਵਤੀਰੇ ਦਾ ਲਹਿਜ਼ਾ ਤੈਅ ਕਰਦੀ ਹੈ, ਇਹ ਉਹੀ ਮਾਨਸਿਕਤਾ ਹੈ ਜਿਹੜੀ ਡਿਗਰੀਆਂ 'ਕੱਠੀਆਂ ਕਰਨ ਨੂੰ ਪੜ੍ਹਾਈ ਸਮਝਦੀ ਹੈ, ਇਹ ਉਹੀ ਮਾਨਸਿਕਤਾ ਦਾ ਪ੍ਰਗਟਾਵਾ ਹੈ ਜਿਸ ਕਰਕੇ ਭਾਰਤ ਦੇ ਕਮਿਊਨਿਸਟ ਗਰੁੱਪ ਯੂਨੀਵਰਸਿਟੀ ਦੇ ਪ੍ਰੋਫੈਸਰ ਅੱਗੇ ਇਦਾਂ ਪੇਸ਼ ਆਉਂਦੇ ਹਨ ਜਿਵੇਂ ਉਹ ਛੇਵਾਂ ਅਧਿਆਪਕ ਹੋਵੇ ਤੇ ਮਾਰਕਸ ਨੂੰ ਛੱਡ ਕੇ ਉਸੇ ਤੋਂ ਸਿਆਸੀ ਸੇਧ ਵੀ ਲੈਣ ਲੱਗਦੇ ਹਨ, ਭਾਵੇਂ ਅਜਿਹੇ ਪ੍ਰੋਫੈਸਰ ਨੂੰ ਸਿਆਸੀ ਆਰਥਿਕਤਾ ਦਾ ੳ, ਅ ਵੀ ਨਾ ਪਤਾ ਹੋਵੇ? ਡਿਗਰੀ ਨਾਲ ਕੋਈ ਪੜ੍ਹਿਆ-ਲਿਖਿਆ ਹੋ ਜਾਂਦਾ ਹੈ, ਇਹ ਧਾਰਨਾ ਵੀ ਬੁਰਜੂਆ ਜਮਾਤ ਦੀ ਹੀ ਪੈਦਾ ਕੀਤੀ ਹੋਈ ਹੈ ਜਿਸਦਾ ਅਗਾਂਹਵਧੂਆਂ ਅਤੇ ਕਮਿਊਨਿਸਟਾਂ ਉੱਤੇ ਵੀ ਪੂਰਾ ਗਲਬਾ ਹੈ, ਆਮ ਲੋਕਾਂ ਉੱਤੇ ਤਾਂ ਹੋਣਾ ਹੀ ਹੈ? ਕਿਸੇ ਆਦਮੀ ਨੂੰ ਮੋਟੇ ਤੌਰ ਉੱਤੇ ਅੱਖਰ ਗਿਆਨ ਹੋਣਾ ਜ਼ਰੂਰੀ ਹੈ, ਇਸ ਤੋਂ ਬਾਅਦ ਇੱਕ ਆਮ ਆਦਮੀ ਵੀ ਯੂਨੀਵਰਸਿਟੀ ਦੇ ਵਿਭਾਗ-ਮੁਖੀ ਤੋਂ ਵੱਧ ਸਿਆਣਾ ਬਣ ਸਕਦਾ ਹੈ? ਇੱਕ ਗੱਲ ਹੋਰ, ਸਮ੍ਰਿਤੀ ਇਰਾਨੀ ਦੀ ਡਿਗਰੀ ਬਾਰੇ ਰੌਲਾ ਪਾਉਣ ਵਾਲੇ ਲੱਗਭੱਗ ਸਾਰੇ ਖੁਦ ਵੀ ਆਪਣੀ ਡਿਗਰੀ ਦਾ ਰੋਅਬ ਮਾਰਦੇ ਹੋਣੇ ਨੇ ਅਤੇ ਆਪਣੀ ਡਿਗਰੀ ਕਰਕੇ ਖੁਦ ਨੂੰ ਆਪਣੇ ਤੋਂ ਛੋਟੇ ਡਿਗਰੀ-ਧਾਰਕਾਂ ਤੇ ਆਮ ਲੋਕਾਂ ਤੋਂ ਉੱਚਾ ਕਰਕੇ ਦੇਖਦੇ ਹੋਣੇ ਨੇ ਅਤੇ ਇਹ ਉਹਨਾਂ ਦੀ ਦਿਲੀ ਚਾਹਨਾ ਹੋਵੇਗੀ ਕਿ ਇਸ ਪੈਮਾਨੇ ਅਨੁਸਾਰ ਉਹਨਾਂ ਤੋਂ ਥੱਲੇ ਵਾਲੇ ਉਹਨਾਂ ਨੂੰ ਸਿਰ ਝੁਕਾ ਕੇ ਸਾਸਰੀ ਕਾਲ ਜੀ ਕਹਿ ਕੇ ਲੰਘਣ।

ਤੀਜੀ ਗੱਲ, ਇਸ ਰਾਮ-ਰੌਲੇ ਵਿੱਚ ਸਮ੍ਰਿਤੀ ਇਰਾਨੀ ਦੀ ਸਿਆਸਤ ਦੀ ਕੋਈ ਗੱਲ ਨਹੀਂ ਕਰਦਾ, ਸਮ੍ਰਿਤੀ ਇਰਾਨੀ ਕੋਲ ਦੁਨੀਆਂ ਦੀਆਂ ਸਭ ਤੋਂ ਬਿਹਤਰ ਮੰਨੀਆਂ ਜਾਂਦੀਆਂ ਉੱਪਰਲੀਆਂ 10 ਯੂਨੀਵਰਸਿਟੀਆਂ ਦੀਆਂ ਡਿਗਰੀਆਂ ਵੀ ਹੋਣ, ਇਸ ਨਾਲ ਕੁਝ ਫ਼ਰਕ ਪਵੇਗਾ? ਜ਼ਾਹਿਰ ਹੈ ਕੁਝ ਵੀ ਨਹੀਂ, ਕਿਉਂਕਿ ਜਿੰਨਾ ਚਿਰ ਉਹ ਸਿਆਸਤ ਵਿੱਚ ਇੱਕ ਫਾਸਿਸਟ ਹੈ ਤਾਂ ਓਨਾ ਚਿਰ ਉਸ ਕੋਲ 100-150 ਡਿਗਰੀਆਂ ਵੀ ਆ ਜਾਣ, ਇਸ ਨਾਲ ਆਮ ਲੋਕਾਂ ਨੂੰ ਰੱਤੀ ਭਰ ਵੀ ਲੈਣਾ-ਦੇਣਾ ਨਹੀਂ ਹੈ? ਜੇ ਅਗਾਂਹਵਧੂ ਤੇ ਕਮਿਊਨਿਸਟ ਇਹ ਸਮਝਦੇ ਹਨ ਕਿ ਘੱਟ ਡਿਗਰੀਆਂ ਜਾਂ ਛੋਟੀਆਂ ਡਿਗਰੀਆਂ ਵਾਲਾ ਆਦਮੀ ਘੱਟ ਸਿਆਣਾ ਜਾਂ ਮੂਰਖ ਹੁੰਦਾ ਹੈ, ਤਾਂ ਭਰਾਵੋ, ਤੁਸੀਂ ਖੁਸ਼ ਹੋਵੋ ਕਿ ਫਾਸਿਸਟਾਂ ਨੇ (ਜੋ ਤੁਹਾਡੇ ਸਭ ਤੋਂ ਕੱਟੜ ਦੁਸ਼ਮਣ ਹਨ, ਇੰਨਾ ਤਾਂ ਥੋਨੂੰ ਪਤਾ ਈ ਹੋਣੈਂ) ਇੱਕ ਮੂਰਖ ਆਦਮੀ ਨੂੰ ਮੰਤਰੀ ਬਣਾ ਰੱਖਿਆ ਹੈ? ਵੈਸੇ, ਮੋਦੀ ਤੇ ਸੰਘ ਨੂੰ ਪਤਾ ਹੈ ਕਿ ਕਿਹੜਾ ਵਿਅਕਤੀ ਉਹਨਾਂ ਦੇ ਕੰਮ ਦਾ ਹੈ ਤੇ ਉਹਨਾਂ ਨੇ ਕੀ ਕਰਨਾ ਹੈ, ਇਹ ਤੁਸੀਂ ਹੋ ਜਿੰਨਾਂ ਨੂੰ ਨਹੀਂ ਪਤਾ ਕਿ ਤੁਸੀਂ ਕੀ ਕਰਨਾ ਹੈ।

ਰਹੀ ਗੱਲ ਮੀਡੀਆ ਦੀ, ਬੁਰਜੂਆ ਮੀਡੀਆ ਦਾ ਤਾਂ ਇਹ ਕੰਮ ਹੈ ਕਿ ਉਹ ਫਾਲਤੂ ਸਵਾਲ ਪੈਦਾ ਕਰੇ, ਉਸ ਉੱਤੇ ਫਾਲਤੂ ਟਿੱਪਣੀਆਂ, ਬਿਆਨਬਾਜ਼ੀਆਂ ਤੇ ਬਹਿਸਾਂ ਖੜੀਆਂ ਕਰੇ ਜਿਸ ਨਾਲ ਉਹ ਕਈ ਨਿਸ਼ਾਨੇ ਫੁੰਡਦਾ ਹੈ? ਉਹ ਲੋਕਾਂ ਦਾ ਧਿਆਨ ਅਸਲ ਮੁੱਦੇ ਤੋਂ ਭਟਕਾ ਕੇ ਫਾਲਤੂ ਗੱਲਾਂ ਵੱਲ ਲਗਾ ਦਿੰਦਾ ਹੈ, ਅਤੇ ਇਸ ਤੋਂ ਵੀ ਵੱਧ, ਅਜਿਹੇ ਮੌਕੇ ਉਹ ਬੁਰਜੂਆ ਵਿਚਾਰਾਂ ਨੂੰ ਸਮਾਜ ਵਿੱਚ ਸਥਾਪਤ ਤੇ ਮੁੜ-ਸਥਾਪਤ ਕਰਦਾ ਹੈ? ਨਾਲ ਹੀ ਅਕਸਰ ਆਮ ਲੋਕਾਂ ਦੀ ਨਜ਼ਰ ਵਿੱਚ ਅਗਾਂਹਵਧੂਆਂ ਤੇ ਕਮਿਊਨਿਸਟਾਂ ਨੂੰ ਮੂਰਖ ਵੀ ਸਾਬਿਤ ਕਰ ਦਿੰਦਾ ਹੈ ਤੇ ਲੋਕਾਂ ਤੋਂ ਨਿਖੇੜ ਵੀ ਦਿੰਦਾ ਹੈ, ਜਿਵੇਂ ਕਿ ਇਸ ਮਸਲੇ ਵਿੱਚ ਹੋ ਹੀ ਰਿਹਾ ਹੈ? ਸਮ੍ਰਿਤੀ ਇਰਾਨੀ ਕਹਿ ਰਹੀ ਹੈ ਕਿ ਉਸਦੀਆਂ ਡਿਗਰੀਆਂ ਨਹੀਂ, ਕੰਮ ਦੇਖੋ? ਇਸ ਗੱਲ ਵਿੱਚ ਉਹ ਸਹੀ ਹੈ, ਕੰਮ (ਜੋ ਉਹ ਆਪਣੀ ਸਿਆਸਤ ਅਨੁਸਾਰ ਹੀ ਕਰੇਗੀ) ਹੀ ਉਸ ਦੇ ਮੁਲਾਂਕਣ ਦਾ ਪੈਮਾਨਾ ਬਣਦਾ ਹੈ ਅਤੇ ਇਹ ਗੱਲ ਆਮ ਲੋਕਾਂ ਨੂੰ ਭਲੀਭਾਂਤ ਸਮਝ ਆਉਂਦੀ ਹੈ, ਪਰ ਇੰਨੀ ਕੁ ਗੱਲ ਅਗਾਂਹਵਧੂਆਂ ਤੇ ਕਮਿਊਨਿਸਟਾਂ ਨੂੰ ਸਮਝ ਨਹੀਂ ਆਉਂਦੀ, ਖਾਸ ਕਰਕੇ ਫੇਸਬੁੱਕੀ ਅਗਾਂਹਵਧੂਆਂ ਤੇ ਕਮਿਊਨਿਸਟਾਂ ਨੂੰ? ਨਤੀਜ ਾ, ਆਮ ਲੋਕ ਆਪਣੇ ਦੁਸ਼ਮਣਾਂ ਨੂੰ ਪਛਾਨਣ ਵਿੱਚ ਧੋਖਾ ਖਾਂਦੇ ਹਨ (ਅਤੇ ਉਹ ਸਮੁੱਚੇ ਅਗਾਂਹਵਧੂਆਂ ਤੇ ਕਮਿਊਨਿਸਟਾਂ ਨੂੰ ਆਪਣਾ ਦੁਸ਼ਮਣ ਮੰਨਦੇ ਹਨ ਅਤੇ ਬਿਲਕੁਲ ਇਹੀ ਫਾਸਿਸਟਾਂ ਦਾ ਮਕਸਦ ਹੁੰਦਾ ਹੈ) ਅਤੇਅਗਾਂਹਵਧੂਤੇਕਮਿਊਨਿਸਟ ਲੋਕਾਂ ਤੋਂ ਨਿੱਖੜ ਜਾਂਦੇ ਹਨ, ਤੇ ਫਿਰ ਇਹ ਰੌਲਾ ਪਾਉਂਦੇ ਹਨ ਕਿ ਲੋਕ ਸਾਡੀ ਸੁਣਦੇ ਨਹੀਂ!

ਲਲਕਾਰ ਦੇ ਬਲੌਗ 'ਤੇ
13-08-2014 ਨੂੰ ਆਨ-ਲਾਈਨ ਪ੍ਰਕਾਸ਼ਿਤ

# If Bill C-24 passes, Canadian citizenship will be harder to get and easier to lose



**The Canadian Association of Refugee Lawyers has prepared the following summary of changes to the Citizenship Act proposed in Bill C-24, legislation introduced by the Conservative government in February. Immigration bill C-24 decried as path to two-tiered Canadian citizenship. - Editor**

On February 6, 2014 the federal government introduced Bill C-24, a law that changes the Citizenship Act of Canada. This new law changes core aspects of Canadian citizenship as we know it.

If passed, Bill C-24 will make it more difficult for new immigrants to get Canadian citizenship and easier for many Canadians to lose it, especially if they have dual citizenship. Most Canadians do not understand the ways in which Bill C-24 will undermine their fundamental right to be a citizen of Canada. The Canadian Association of Refugee Lawyers has provided a summary of the most important changes to the Citizenship Act. If you are concerned about the loss of citizenship rights for many Canadians, we urge you to contact your member of parliament before Bill C-24 is passed into law.

In Canada, citizenship has always been secure. Whether native-born or immigrant, once you are granted Canadian citizenship, you are secure. Under the current system, you cannot lose your citizenship unless you obtained it by fraud, and even then, a Federal Court judge must make that decision after a full court hearing. Under the current system, if you do not agree with the judge, you have a right of appeal. Under the new law, there will be several ways to lose your citizenship. As well, the decision as to whether you lose your citizenship will be made by a government bureaucrat who will inform you in writing with no opportunity for a live hearing to defend yourself.

**Why will citizenship be harder to get?**

New immigrants will have to wait longer before they can apply for citizenship. Older and younger people will now have to pass language and knowledge tests to qualify for citizenship. The citizenship application fees have been tripled. There will be no right of appeal for those who are refused.

1. Language and Canada knowledge tests: Under the new law, all applicants aged 14 to 64 will have to pass language and Canada knowledge tests in English or French. Currently only those age 18 to 55 have to prove their language and knowledge abilities. If Bill C-24 is passed, many older immigrants will have great difficulty passing the language tests. Also, any children and grandparents without documents to prove their language ability will have to pay for the language test.

2. Increased cost of applying for citizenship: The government imposed language testing fees last year. The application fee will now be tripled. As a result, the price of applying for citizenship will now cost 4 times more than it did in 2006.

3. Delay: Today, applicants wait 4-6 years to become citizens due to government delay and inefficiency. With the new law, you will have to wait 8 to 10 years in total to become a citizen from the date you become a permanent resident.

4. More difficult residency requirements: The new law will require people to live in Canada as permanent residents for at least 4 years before they can apply for citizenship. The current rule is 3 years. Under the new law, any time spent in Canada before becoming a permanent resident (as a student, a worker or a refugee) will no longer count toward the four years residency requirement.

5. No right of appeal to the courts: If your citizenship application is refused, you will no longer have a right of appeal to the Federal Court to challenge the refusal. There will be judicial review but that is not a full and proper appeal.

**Why will citizenship be easier to lose?**

The new law divides Canadians into two classes of citizens: first class Canadians who hold no other citizenship, and second class Canadians – dual citizens, who can have their right to live in Canada taken away from them. Even if you are born in Canada, you are at risk of losing citizenship if you have dual citizenship or the possibility of dual citizenship. You may not even know that you possess another citizenship. If you have a spouse, parent, or grandparent who is a citizen of another country, you may have a right to citizenship without ever having applied for it. The proposed law would put you at risk of losing your Canadian citizenship if the Minister asserts that you possess or could obtain another citizenship. The burden would be on you to prove otherwise to the Minister's satisfaction.

The new law will make it easier for the government to take away your citizenship in the following ways:

1. For all naturalized citizens, a federal government official can revoke your citizenship if he believes you never intended to live in Canada. This could happen if you decide to study in, accept a job in, or reside in another country. In contrast, Canadian citizens born in Canada cannot lose their citizenship by living outside of Canada.

2. For Canadians with potential dual citizenship, an official may remove your citizenship for a criminal conviction in another country, even if the other country is undemocratic or lacks the rule of law. The official may also remove your citizenship for certain serious criminal convictions in Canada, even if you have already served your sentence in Canada.

3. The power to remove your citizenship will be given to an official of Citizenship and Immigration Canada. The decision may be made in writing with no opportunity for you to speak to the official. Under the current law, to take away your citizenship, the government must make an application to a Federal Court judge where you will have an oral hearing to defend your right to citizenship.

Salute!

# Madan Lal Dhingra

## On his 106 Martyrdom Day-17.08.1909




Madan lal dhingra was born on febraury 8, 1883 in a very rich family of amritsar, punjab. His father Dr. Sahib ditta dhingra faithfully served the british empire as a doctor and retired with honour as Civil sugeon. Dhingra family was one among the most loyal subjects of the british raj. Madan lal reached at london in july 1906 to study engineering, joined the college in october 1906 and attended classes till june 30, 1909. He was aregular visitor at india house, an institution that emerged as a centre of patriotic activitiesof all those all who were convinced that british rule over india was unjust and should end.

On 1st july 1909, he killed sir curzon wylie, an important english officer concerned with indian affairs, at an annual at home of pro-british indian association. Dhingra faced the trial with stoic calm of a karamyogi and became a role madel for all indians revolutionaries. On july 10, 1909 he made a famous statements before the court that explained the raison d'etre of his act. He challenged the authority of british law courts to try him. Madan lal became first martyr, executed outside india when he was hanged on august 17, 1909 in a british jail.

## *HOME OWNERS WELFARE ASSOCIATION (HOWA)*

## "TEAM WORK TO BUILD A STRONG COMMUNITY"







The assembly of the homeowners demanding their rights on current issues including: development levies, forced 10 year hot water rental contracts, and grievances of new home buyers who could not close houses as they could not arrange money at the time of closing. Home owners are forced to pay in between $23,000 and $28,000 at the time of closing. Hot water rental contracts have constituted a $48 monthly charge, and it has been rising by approximately 2.5% every year. An early closing of the contract issues a penalty of nearly $6,000. Consumer rights have not been protected, and consumers have instead been at the whims of petty business etiquettes. During this events have spoken loud against these issues, and hope to resonate to a large population in creating change.

Approx. 200 residents gathered for this meeting. Vicky Dhillon, John Sprovieri, John Sanderson attended on behalf of city. John Sprovieri suggested delegating the case in the Peel Region council meeting on Sept 11, 2014 and he shall be supporting the residents on this unfair treatments. Many more organisations supported HOWA and its cause.MrJotvinderSodhi and Fernbrook residents explained in detail the following concerns:-

HOWA CASTLEMORE ISSUES (Fernbrook Homes (Castlemore) LTD -Plan M1918)

1. Development levies (charges) of approx. $23000 to $28000. Each home owner forced to pay at the time of closing. Otherwise denied to close by Builder - Fernbrook Homes (Castle more) Limited and forfeit deposit.

2. Forced 10 year hot water rental contract with vendor - APPLEWOOD AIR CONDITIONING through VISTA CREDIT withMonthly rent of $48 inclusive taxes and 2.5% increase every year. An early closing of the contract issues a penalty of nearly $6,000.with any option. This is Violation of Consumer Protection Act.

3.Grievances of new Home Buyers who could not close houses as they could not arrange money atthe time of closing and some of our neighbours had to delay their closing of their houses to arrange money for development charges of $24000 to $28000 approx. As a result they lost Delay closing compensation ($7500) from TARION.

Tarion, City and Governing bodies seem like favouring builder lobby out of way (Fernbrook homes / Marydel Homes etc.). We are hardworking families who were forced to pay heftyamount of fine in form of development charges. Most of housesin this subdivisionwere sold from Dec2010 to mid-2011 and expected closing dates were Jan 2012 to Jan 2013. The builder (Fernbrook Homes) applied for permits in March 2013 and big increment in development charges came into effect by Region of Peelfrom February 2013.

In summary, consumer rights were not protected by appropriate authorities.

*HOWA president Mr. JotvinderSodhi explained how HOWA was created and its objectives for awareness of fundamental rights of citizens. MrSodhi also raised voice against the city, Provincial and Federal elected reps to stand with the community in there tough times to show their support. He stressed the need to lower Taxes & Auto Insurance, University in Brampton / Improve Education System.*

*HOWA demanded to Dissolve HOWA representation in TARION and Consumer Boards.*

Media presence was marked by CharanjitBrar from Nagara radio and MulaqaatTV andHarbans Singh editor of Progressive newspaper Sarokaran Di Awaaz. Photography of the entire event was covered by S.Devinder Singh Toor(SAROKARAN DI AWAZ).HOWA thanks for overwhelming support from Brampton Guardian, Voice weekly, Parvasi, Hamdard weekly, Canadian Punjabi Post, Amarjit Singh Rai, Jhanjhar TV and Mr. Deepinder Singh Loomba and all active supporters of HOWA

For more information, please contact:

Jotvindersodhi- President Home Owners Welfare Associationsodhijotvinder@yahoo.ca (647-986-0011)

Gurpreet Marwaha – Executive General Secy. 416 670 8276,

Ajit SinghBawa -416.258.2167,

Pamela GludIce - 416.357.0350,GaganBhalla- 416.300.8467,Sameer Khan - 416.994.3589

And entire neighbourhood of Fernbrook HomesCastlemore Ltd .

# Mayoral Candidate John Sanderson city of Brampton



Councillor John Sanderson was born and raised in the city of Brampton. Brampton and its citizens have treated him and his family well. For a long time, he has been working hard to do return the favour. He was named "Mr. Brampton" by the Brampton Guardian and served as President of the Brampton Bard of Trade in 2001. He was named as the 2003 Business Person of the year courtesy of his community spirit and volunteer hours. Now, his attention goes to the mayoral race in Brampton. He has decided to run for Mayor following the despicable acts of Susan Funnel to make Brampton a better place.

The Councillors have a great record to be proud of:

A successful Zum transit expansion; a new Transit Terminal at Steeles and Main Street South, a new state-of-the-art Fire Station on Mississauga Road at Steeles Avenue, the Gore Meadows Community Centre and Library, the hiring of a new CAO to improve transparency and accountability at City Hall and a New Strategic Vision for our City.

Furthermore, in pursuing for Mayor, he has already established the support of several fellow CouncilorsMembers. His main focus in the mayoral race is to establish his position on building a university in Brampton. As well, he intends to tackle the issue of rising insurance rates. He intends to do so by focusing his attention on accountability and transparency (e.g. via posting his schedule online). He always intends to make sure that his salary will become in cue with that of other municipal leaders in Ontario. His mayoral race rests on the premise of an open door policy in order to boost Brampton through economic means.

## SANDERSON ONLY MAYORAL

### CANDIDATE WITH A CREDIBLE PLAN FOR A BRAMPTON UNIVERSITY

Brampton : Ward 3 and 4 Regional Councillor & Mayoral Candidate John Sanderson released his plan for a University in Brampton when he registered to run for Mayor in February. Sanderson is the only frontrunner with a credible plan to bring a university to the city.

**"I've heard the message loud and clear – Brampton residents want their own university campus attracting youth, academics, and investment. One of the highest priorities in my first term will be to actively and aggressively pursue our own, stand-alone, university campus here in Brampton. Within my first three months in office I will establish a committee that will oversee the creation of our very own university campus,"** stated Sanderson.

Sanderson went on to say that Sheridan College isand will remain a valued world renowned educational presence in Brampton.

**"We paid Linda Jeffrey's salary for 10 years as our representative at Queen's park and she did nothing to advance the cause for a university in Brampton, despite knowing there were funds available. Whether it's a woefully inadequate Highway 410, the highest insurance rates in Canada, the busiest emergency room in the country and the worst financial scandal in the history of the province, Jeffrey consistently put Brampton last. Susan Fennell put forward a cynical, half-baked plan that went nowhere. It's time for new leadership and real change that will finally bring a university to our city,"** added Sanderson.

For Sanderson's full platform on education, including a university for Brampton, visit johnsanderson.ca

For more information: John Sanderson 416-873-7442

# ਹੋਇਆ ਚਕਨਾ-ਚੂਰ ਸੁਪਨਾ, ਬਰੈਂਪਟਨ ਲਈ ਯੂਨੀਵਰਸਿਟੀ ਦਾ

ਹਰ ਮਾਪਾ ਹੀ ਆਪਣੇ ਬੱਚੇ ਦੇ ਸੁਨਹਿਰੀ ਭਵਿੱਖ ਲਈ ਸੁਪਨਾ ਉਲੀਕਦਾ ਹੈ। ਯੂਨੀਵਰਸਿਟੀ ਦੀ ਵਿੱਦਿਆ ਦੇ ਆਰੰਭ ਹੋਣ ਦੇ ਨਾਲ਼-ਨਾਲ਼ ਉਹ ਸੱਚ ਹੋਣ ਦੇ ਰਾਹ ਤੁਰਦਾ ਹੈ। ਮੈਂ ਬਰੈਂਪਟਨ ਦੇ ਮਾਪਿਆਂ ਵੱਲੋਂ ਬਹੁਤ ਵੇਰ ਸੁਣਿਆਂ ਹੈ ਕਿ ਸੈਕੰਡਰੀ ਦੀ ਵਿੱਦਿਆ ਤੋਂ ਅੱਗੇ ਪੜ੍ਹਾਈ ਦੇ ਉੱਚੇ ਖਰਚੇ ਹੋਣ ਕਰਕੇ, ਬਹੁਤ ਹੀ ਉੱਤਮ ਹੋਵੇਗਾ ਜੇ ਬੱਚੇ ਆਪਣੀ ਸਥਾਨਕ ਸੰਸਥਾ ਵਿੱਚ ਵਿੱਦਿਆ ਪ੍ਰਾਪਤ ਕਰਨ। ਆਪਣੀ ਯੂਨੀਵਰਸਿਟੀ ਹੋਣ ਨਾਲ਼ ਘੱਟ ਘੱਟ ਉਨ੍ਹਾਂ ਦਾ ਆਉਣ ਜਾਣ ਦੇ ਰਾਹਾਂ ਅਤੇ ਹੋਸਟਲ ਵਿੱਚ ਰਹਿਣ ਦਾ ਖਰਚਾ ਅਤੇ ਸਮਾਂ ਬਚ ਜਾਏਗਾ।

ਮਾਪਿਆਂ ਲਈ ਅੱਜ ਦੀ ਸਭ ਤੋਂ ਵੱਡੀ ਤੇ ਮੰਦਭਾਗੀ ਖ਼ਬਰ ਇਹ ਹੈ ਕਿ ਬਰੈਂਪਟਨ ਵਿੱਚ ਆਪਣੀ ਨਵੀਂ ਯੂਨੀਵਰਸਿਟੀ ਬਣਾਉਣ ਦਾ ਸਾਡਾ ਸਾਰਿਆਂ ਦਾ ਸਾਂਝਾ ਸੁਪਨਾ ਹੁਣ ਸਾਡੇ ਨੈਣਾਂ ਵਿੱਚ ਹੀ ਦਮ ਤੋੜ ਗਿਆ ਹੈ। ਸਾਡੀ ਮੇਅਰ ਅਤੇ ਕਾਊਂਸਲ ਨੇ ਬੇਰਹਿਮੀ ਨਾਲ਼ ਇਸ ਸੁਪਨੇ ਦਾ ਕਤਲ ਕਿਵੇਂ ਹੋਣ ਦਿੱਤਾ?

ਮਾਰਚ ਵਿੱਚ ਉਂਟੈਰੀਓ ਸਰਕਾਰ ਨੇ, ਸਾਰੇ ਸੂਬੇ ਦੀਆਂ ਯੂਨੀਵਰਸਿਟੀਆਂ ਤੋਂ, ਵਿੱਦਿਅਕ ਸੇਵਾਵਾਂ ਦੀ ਘਾਟ ਵਾਲ਼ੇ ਇਲਾਕਿਆਂ ਲਈ ਤਿੰਨ ਨਵੇਂ ਕੈਂਪਸ ਉਸਾਰਨ ਲਈ ਪ੍ਰਸਤਾਵ ਮੰਗੇ।

ਤੇਜ਼ੀ ਨਾਲ਼ ਵਧ ਰਹੀ ਤੇ ਵੱਖੋ-ਵੱਖ ਭਾਈਚਾਰਿਆਂ ਦੀ ਨੌਜੁਆਨ ਪੀੜ੍ਹੀ ਦੇ ਆਬਾਦੀ-ਕੇਂਦਰ ਅਤੇ ਕੈਨੇਡਾ ਦੇ ਨੌਵੇਂ ਸਭ ਤੋਂ ਵੱਡੇ ਸ਼ਹਿਰ ਵਜੋਂ ਪ੍ਰਵਾਨਤ ਹੋਣ ਕਾਰਨ, ਮੇਰਾ ਵਿਸ਼ਵਾਸ ਹੈ ਕਿ ਦੀ ਯੂਨੀਵਰਸਿਟੀਆਂ ਵਿੱਚ ਵਾਧਾ ਕਰਨ ਦੀ ਇਸ ਨਵੀਂ ਲਹਿਰ ਲਈ ਬਰੈਂਪਟਨ; ਉਂਟੈਰੀਓ ਦਾ ਸਭ ਤੋਂ ਵੱਧ ਢੁਕਵਾਂ ਸ਼ਹਿਰ ਹੈ।

ਪ੍ਰਾਂਤ ਇਹ ਯਕੀਨ ਕਰਨਾ ਚਾਹੁੰਦਾ ਸੀ ਕਿ ਭਵਿੱਖ ਦੀਆਂ ਵਿੱਦਿਅਕ ਸੰਸਥਾਵਾਂ ਉੱਥੇ ਬਣਾਈਆਂ ਜਾਣ ਜਿੱਥੇ ਕਿ ਆਬਾਦੀ ਦੇ ਵਧਣ ਫੁੱਲਣ ਦੀਆਂ ਵੱਧ ਸੰਭਾਵਨਾਵਾਂ ਹੋਣ। ਸਰਕਾਰ ਇਹ ਭਲੀ-ਭਾਂਤ ਸਮਝਦੀ ਹੈ ਕਿ ਜਿੱਥੇ ਭਾਈਚਾਰਿਆਂ ਵਿੱਚ ਵਾਧਾ ਹੋ ਰਿਹਾ ਹੈ ਉੱਥੇ ਦੇ ਵਿਦਿਆਰਥੀਆਂ ਵਿੱਚ ਇਹ ਬਹੁਤ ਹੀ ਜ਼ੋਰਦਾਰ ਇੱਛਾ ਹੁੰਦੀ ਹੈ ਕਿ ਸੈਕੰਡਰੀ ਤੋਂ ਅਗਲੀ ਪੜ੍ਹਾਈ ਕਰਨ ਦਾ ਪ੍ਰਬੰਧ ਵੱਧ ਤੋਂ ਵੱਧ ਉਨ੍ਹਾਂ ਦੀ ਆਰਥਿਕ ਪਹੁੰਚ ਵਿੱਚ ਹੋਵੇ ਅਤੇ ਉਨ੍ਹਾਂ ਦੇ ਘਰ ਦੇ ਨੇੜੇ ਹੋਵੇ।

ਸਰਕਾਰ ਨੇ ਪਾਰਦਰਸ਼ੀ ਅਤੇ ਮੁਕਾਬਲੇ ਦੀ ਇੱਕ ਵਿਧੀ ਤਿਆਰ ਕਰਕੇ ਉਂਟੈਰੀਓ ਭਰ ਦੀਆਂ ਮਿਉਂਸਿਪੈਲਿਟੀਆਂ ਨੂੰ ਸਪਸ਼ਟ ਹਿਦਾਇਤਾਂ ਕੀਤੀਆਂ ਕਿ ਉਹ ਵਿੱਦਿਅਕ ਸੰਸਥਾਵਾਂ ਨਾਲ਼ ਜੁੜਕੇ ਆਪਣਾ ਕੇਸ ਤਿਆਰ ਕਰਵਾਉਣ ਅਤੇ ਮਨਜ਼ੂਰੀ ਲਈ ਆਪਣਾ ਪ੍ਰਸਤਾਵ ਦੇਣ।

ਉਂਟੈਰੀਓ ਸਰਕਾਰ ਦੀ ਇਸ ਘੋਸਣਾ ਤੋਂ ਕਈ ਮਹੀਨੇ ਪਹਿਲੋਂ ਬਰੈਂਪਟਨ ਦੇ ਸ਼ਹਿਰ ਨੇ ਇਹ ਫੈਸਲਾ ਕਰ ਲਿਆ ਸੀ ਕਿ ਯੂਨੀਵਰਸਿਟੀ ਕੈਂਪਸ ਲੈਣਾ ਬਰੈਂਪਟਨ ਦੇ ਪੂਰੇ ਹਿਤ ਵਿੱਚ ਹੋਵੇਗਾ। ਜਦੋਂ ਪ੍ਰਾਂਤ ਨੇ ਇਹ ਐਲਾਨ ਕਰ ਦਿੱਤਾ ਤਾਂ ਬਰੈਂਪਟਨ ਸਿਟੀ ਨੇ ਆਪਣੇ ਪਹਿਲੇ ਫੈਸਲੇ ਮੁਤਾਬਕ ਅਤੇ ਸਰਕਾਰ ਦੀਆਂ ਲੋੜਾਂ ਅਨੁਸਾਰ ਢੁਕਵੀਂ ਵਿਓਂਤ ਬਣਾਉਣ ਦਾ ਨਿਰਣਾ ਲਿਆ।

ਘੜੀ ਗਈ ਇਹ ਨੀਤੀ, ਜਿਸਨੂੰ ਮੇਅਰ ਆਪ ਦੇਖ ਰਹੀ ਸੀ, ਵਿੱਚ ਬਹੁਤ ਹੀ



ਕਮੀਆਂ-ਕਮਜ਼ੋਰੀਆਂ ਸਨ ਅਤੇ ਪੂਰੇ ਖਤਰੇ ਵਾਲ਼ੀ ਸੀ। ਇਸ ਅੰਦਰ ਬਰੈਂਪਟਨ ਵਿੱਚ ਸੈਕੰਡਰੀ ਤੋਂ ਅਗਲੀ ਵਿੱਦਿਆ ਲਈ ਪੂਰੀ-ਸੂਰੀ ਯੂਨੀਵਰਸਿਟੀ ਲੈਣ ਦੀ ਥਾਂ ਦੋ-ਮਾਰਗੀ ਵਿਧੀ ਮੰਗਣ ਦੀ ਸਿਫਾਰਸ਼ ਕੀਤੀ ਗਈ ਜੋ ਕਾਊਂਸਲ ਨੇ ਅੱਖਾਂ ਬੰਦ ਕਰਕੇ ਮੰਨ ਲਈ ਅਤੇ ਉਸ ਉੱਤੇ ਸਰਬਸੰਮਤੀ ਨਾਲ਼ ਸਹਿਮਤੀ ਦੀ ਮੋਹਰ ਲਾ ਦਿੱਤੀ।

ਕਾਊਂਸਲ ਨੇ ਲੋਕਾਂ ਨੂੰ ਦੱਸਿਆ ਕਿ ਇਸ ਤਰ੍ਹਾਂ ਦੇ ਵਿਧੀ ਵਿਧਾਨ ਦੀ ਸਹਾਇਤਾ ਕੀਤੀ ਜਾਵੇਗੀ ਜੋ ਸ਼ੇਰੀਡੇਨ ਯੂਨੀਵਰਸਿਟੀ ਕੈਂਪਸ ਤਿਆਰ ਕਰੇਗਾ ਅਤੇ ਉਸ ਦੇ ਪਿੱਛੋਂ ਸੋਚੇ ਅਨੁਸਾਰ ਉਸ ਨੇ ਇਹ ਵੀ ਸੰਕੇਤ ਦਿੱਤਾ ਕਿ ਉਹ ਰਿਸਰਚ-ਸਬੰਧੀ ਯੂਨੀਵਰਸਿਟੀ ਲਈ ਵੀ ਯਤਨ ਕਰਦੇ ਰਹਿਣਗੇ।

ਇਸ ਜੂਨ ਵਿੱਚ ਬਰੈਂਪਟਨ ਦੀ ਕਾਊਂਸਲ ਦੀ ਇੱਕ ਵਿਸ਼ੇਸ਼ ਮੀਟਿੰਗ ਹੋਈ ਜਿਸ ਵਿੱਚ ਉਸਨੇ ਸੈਂਟੀਨੇਨੀਅਲ ਕਾਲਜ ਅਤੇ ਗਲਫ ਯੂਨੀਵਰਸਿਟੀ ਨਾਲ਼ ਸਾਂਝ ਪਾਉਣ ਲਈ ਸਮਰਥਨ ਕਰਨਾ ਸੀ।

ਇੱਕ ਮਹੀਨੇ ਪਿੱਛੋਂ ਹੀ ਸੈਂਟੀਨੇਨੀਅਲ ਕਾਲਜ ਨੇ ਬਰੈਂਪਟਨ ਨੂੰ ਦੱਸ ਦਿੱਤਾ ਕਿ ਉਸ ਦੀ ਐਪਲੀਕੇਸ਼ਨ ਲੋੜੀਂਦੀਆਂ ਸ਼ਰਤਾਂ ਪੂਰੀਆਂ ਨਹੀਂ ਕਰਦੀ ਕਿਉਂਕਿ ਕਾਲਜ ਵੱਲੋਂ ਉਹੋ ਹੀ ਵਿਓਂਤ ਮਨਜ਼ੂਰੀ ਲਈ ਭੇਜੀ ਜਾ ਸਕਦੀ ਹੈ ਜਿਹੜੀ ਅੱਜ ਦੀ ਕਿਸੇ ਯੂਨੀਵਰਸਿਟੀ ਨਾਲ਼ ਸਾਂਝੀ ਹੋਵੇ, ਜਿਸਦੀ ਇਸ ਵਿੱਚ ਘਾਟ ਹੈ। ਇਹ ਵੀ ਪ੍ਰਤੱਖ ਸੀ ਕਿ ਗਲਫ ਦੀ ਯੂਨੀਵਰਸਿਟੀ ਸਰਕਾਰੀ ਤੌਰ ਉੱਤੇ ਇਸ ਸਮਰਥਨ ਦਾ ਹਿੱਸਾ ਨਹੀਂ ਸੀ। ਅਸਲ ਵਿੱਚ ਸਾਨੂੰ ਪਿੱਛੋਂ ਪਤਾ ਚੱਲਿਆ ਕਿ ਬਰੈਂਪਟਨ ਨੇ ਆਪਣੀ ਦਫ਼ਤਰੀ ਵਿਓਂਤ ਹੰਬਰ ਕਾਲਜ ਨਾਲ਼ ਮਿਲ਼ ਕੇ ਉਂਟੈਰੀਓ ਸਰਕਾਰ ਨੂੰ ਭੇਜ ਦਿੱਤੀ ਸੀ। ਇਸ ਮੁੱਦੇ ਨੂੰ ਹੋਰ ਵੀ ਖੂਹ ਵਿੱਚ ਪਾਉਣ ਵਾਲ਼ੀ ਗੱਲ ਇਹ ਹੈ, ਜੋ ਸਾਨੂੰ ਪਿੱਛੋਂ ਪਤਾ ਲੱਗੀ ਹੈ ਕਿ ਯੂਨੀਵਰਸਿਟੀ ਬਣਾਉਣ ਲਈ ਸ਼ੇਰੀਡੇਨ ਕਾਲਜ ਵੀ ਲੋੜੀਂਦੀਆਂ ਸ਼ਰਤਾਂ ਪੂਰੀਆਂ ਨਹੀਂ ਕਰਦਾ।

ਜਿਵੇਂ ਕਿ ਅਸੀਂ ਪਹਿਲੋਂ ਵੀ ਬਹੁਤ ਵਾਰੀ ਦੇਖ ਚੁੱਕੇ ਹਾਂ ਕਿ ਬਰੈਂਪਟਨ ਦੀ ਮੇਅਰ ਅਤੇ ਕਾਊਂਸਲ ਆਪਣੇ ਘਰ ਵਿੱਚ ਯੂਨੀਵਰਸਿਟੀ ਬਣਾਉਣ ਲਈ ਪੂਰਾ ਧਿਆਨ ਨਾ ਦੇ ਕੇ ਸਮੇਂ ਸਿਰ ਲੋੜੀਂਦੇ ਯਤਨ ਕਰਨ ਵਿੱਚ ਅਸਫਲ ਹੁੰਦੀ ਰਹੀ ਹੈ।

ਸਾਡੀ ਕਮਿਉਨਿਟੀ ਨੇ ਇਹ ਚੰਗੀ ਤਰ੍ਹਾਂ ਜਾਣ ਲਿਆ ਹੈ ਕਿ ਬਰੈਂਪਟਨ ਵਿੱਚ ਯੂਨੀਵਰਸਿਟੀ ਬਣਾਉਣੀ ਕਿਤਨੀ ਮਹੱਤਵ ਪੂਰਨ ਹੈ। ਅਸੀਂ ਜਾਣਦੇ ਹਾਂ ਕਿ ਯੂਨੀਵਰਸਿਟੀ ਬਣ ਜਾਣ ਨਾਲ਼ ਸਾਡੀ ਕਮਿਉਨਿਟੀ ਵਿੱਚ ਇੱਕ ਤਕੜੀ ਆਰਥਕ ਉਸਾਰੀ ਹੋਵੇਗੀ ਅਤੇ ਇਸ ਨਾਲ਼ ਗਿਆਨ-ਆਧਾਰੀ ਨਵੀਆਂ ਜੌਬਾਂ ਖੜ੍ਹੀਆਂ ਹੋਣਗੀਆਂ। ਜਿਸਦਾ ਸਾਡੇ ਨੌਜੁਆਨਾਂ ਅਤੇ ਬਹੁ-ਭਾਈਚਾਰੇ ਵਾਲ਼ੇ ਸ਼ਹਿਰ ਨੂੰ ਬੜਾ ਹੀ ਚਿਰ-ਸਥਾਈ ਆਰਥਕ ਲਾਭ ਹੋਵੇਗਾ।

ਸਾਡੀ ਅੱਜ ਦੀ ਕਾਊਂਸਲ ਅਤੇ ਮੇਅਰ ਉੱਚ ਪੱਧਰ ਦੀਆਂ ਹੋਰ ਸਰਕਾਰਾਂ ਵੱਲੋਂ ਦਿੱਤੇ ਜਾਣ ਵਾਲ਼ੇ ਫੰਡ ਅਤੇ ਪ੍ਰੋਗਰਾਮ ਮੰਗਣ ਲਈ ਰੂਲਾਂ ਅਨੁਸਾਰ ਸਮੇਂ ਸਿਰ ਕਾਰਵਾਈ ਕਰਨ ਵਿੱਚ ਆਮ ਤੌਰ ਉੱਤੇ ਨਿਸਫਲ ਹੀ ਰਹਿੰਦੀ ਰਹੀ ਹੈ। ਇਸ ਨਾਲ਼ ਉਨ੍ਹਾਂ ਦੀ ਸਿਹਤ ਉੱਤੇ ਤਾਂ ਕਿਸੇ ਪ੍ਰਕਾਰ ਦਾ ਵੀ ਕੋਈ ਅਸਰ ਨਹੀਂ ਪੈ ਰਿਹਾ ਪਰ ਸਾਡਾ ਅਤੇ ਸਾਡੀਆਂ ਆਉਣ ਵਾਲ਼ੀਆਂ ਪੀੜ੍ਹੀਆਂ ਦਾ ਭਵਿੱਖ ਬੜਾ ਹੀ ਧੁੰਦਲ਼ਾ ਹੋ ਰਿਹਾ ਹੈ।

ਸਹੀ ਸਮਾਂ ਆ ਗਿਆ ਹੈ ਕਿ ਬਰੈਂਪਟਨ ਨਿਵਾਸੀਆਂ ਨੂੰ ਹੁਣ ਪੂਰਨ ਸੁਚੇਤ ਹੋ ਜਾਣਾ ਚਾਹੀਦਾ ਹੈ ਅਤੇ ਇਹ ਯਕੀਨੀ ਬਣਾ ਲੈਣਾ ਚਾਹੀਦਾ ਹੈ ਕਿ ਅਜੇਹੀ ਬੇਪ੍ਰਵਾਹੀ ਫਿਰ ਨਾ ਹੋ ਸਕੇ। ਆਓ ਅੱਜ ਦੀ ਮੇਅਰ ਅਤੇ ਕਾਊਂਸਲ ਨੂੰ ਇਹ ਦੱਸ ਦੇਈਏ ਕਿ ਬਰੈਂਪਟਨ ਹੁਣ ਬਦਲਾਓ ਚਾਹੁੰਦਾ ਹੈ।

ਅਕਤੂਬਰ 27 ਦੇ ਦਿਨ ਹਿੰਮਤ ਕਰਕੇ ਬਰੈਂਪਟਨ ਦੇ ਚੰਗੇਰੇ ਭਵਿੱਖ ਵਾਸਤੇ ਬਦਲਾਓ ਲਈ ਵੋਟ ਪਾਓ।


ਲਿੰਡਾ ਜੈਫਰੇ
ਮੇਅਰ ਦੀ ਉਮੀਦਵਾਰ
Linda Jeffrey
Candidate for Mayor
Tel: (289) 201-8869
Email: Info@lindajeffrey.ca




ਬਹੁ-ਪੱਖੀ ਸਖਸ਼ੀਅਤ ਗੁਰਸ਼ਰਨ ਭਾਅ ਜੀ ਦੀ ਯਾਦ 'ਚ

## ਇਨਕਲਾਬੀ ਰੰਗ ਮੰਚ ਦਿਹਾੜਾ

27 ਸਤੰਬਰ ਸ਼ਾਮ 7 ਵਜੇ ਤੋਂ ਸਰਘੀ ਵੇਲੇ ਤੱਕ
ਦਾਣਾ ਮੰਡੀ ਬਰਨਾਲਾ ਵਿਖੇ

## ਨਾਟਕ ਮੇਲਾ

ਗੁਰਸ਼ਰਨ ਭਾਅ ਜੀ ਦੇ ਸੰਗਰਾਮੀ ਸਾਥੀਓ ਅਤੇ ਪਿਆਰੇ ਲੋਕੋ,

ਆਪਾਂ ਸਭੇ ਮਿਲਕੇ 27 ਸਤੰਬਰ ਸ਼ਾਮ 7 ਵਜੇ ਤੋਂ 28 ਸਤੰਬਰ ਤੜਕੇ ਤੱਕ ਦਾਣਾ ਮੰਡੀ ਬਰਨਾਲਾ ਵਿਖੇ ਗੁਰਸ਼ਰਨ ਭਾਅ ਜੀ ਦੀ ਯਾਦ 'ਚ 'ਇਨਕਲਾਬੀ ਰੰਗ ਮੰਚ ਦਿਹਾੜਾ' ਮਨਾ ਰਹੇ ਹਾਂ। ਇਸ ਰਾਤ ਨਾਟਕ ਮੇਲਾ ਵੀ ਹੈ; ਗੀਤ-ਸੰਗੀਤ ਵੀ। ਗੁਰਸ਼ਰਨ ਭਾਅ ਜੀ ਦੇ ਸੁਲਗਦੇ ਸੁਪਨਿਆਂ ਦੀ ਪੂਰਤੀ ਲਈ ਵਿਚਾਰ ਚਰਚਾ ਵੀ। ਮੇਲੇ 'ਚ ਇਕ ਹੋਰ ਮੇਲਾ, ਪੁਸਤਕ ਮੇਲਾ ਵੀ। ਇਸ ਰਾਤ ਤਾਰਿਆਂ ਦੀ ਲੋਅ 'ਚ ਮਿਲਣ ਹੋਏਗਾ ਕਲਾਕਾਰਾਂ, ਰੰਗ ਕਰਮੀਆਂ, ਸੰਗੀਤਕਾਰਾਂ, ਸਾਹਿਤਕਾਰਾਂ ਅਤੇ ਮਿਹਨਤਕਸ਼ ਲੋਕਾਂ ਦੀ ਕੌੜੀਆਂ ਘੁੱਟਾਂ ਭਰਦੀ ਜ਼ਿੰਦਗੀ ਬਦਲਣ ਅਤੇ ਜ਼ਿੰਦਗੀ ਜੀਣ ਦੇ ਯੋਗ ਸਮਾਜ ਸਿਰਜਣ ਲਈ ਸੰਘਰਸ਼ ਦੇ ਪਿੜਾਂ ਅੰਦਰ ਮਸ਼ਾਲਾਂ ਬਾਲਕੇ ਤੁਰੇ ਕਾਫ਼ਲਿਆਂ ਦਾ।

ਇਨਕਲਾਬੀ ਰੰਗਮੰਚ ਦਿਹਾੜੇ ਨੂੰ ਸਫਲਤਾ ਦੇ ਰੰਗਾਂ 'ਚ ਰੰਗਣ ਲਈ, ਪੰਜਾਬ ਲੋਕ ਸਭਿਆਚਾਰਕ ਮੰਚ (ਪਲਸ ਮੰਚ) ਨੇ ਸਮੂਹ ਸਾਹਿਤਕਾਰਾਂ, ਲੇਖਕਾਂ, ਬੁੱਧੀਜੀਵੀਆਂ, ਨਾਟਕਕਾਰਾਂ, ਨਿਰਦੇਸ਼ਕਾਂ, ਸੰਗੀਤ ਜਗਤ ਨਾਲ ਜੁੜੀਆਂ ਸੰਸਥਾਵਾਂ ਅਤੇ ਸਖ਼ਸੀਅਤਾਂ ਦੇ ਸੰਗ ਸਾਥ ਨਾਲ ਪੰਜਾਬ ਦੀਆਂ ਸਮੂਹ ਜਨਤਕ ਜਮਹੂਰੀ ਇਨਕਲਾਬੀ ਜੱਥੇਬੰਦੀਆਂ ਨੂੰ ਹੁਣ ਤੋਂ ਹੀ ਪੰਜਾਬ ਭਰ 'ਚ ਨੁੱਕੜ ਨਾਟਕਾਂ, ਗੀਤ-ਸੰਗੀਤ, ਦਸਤਾਵੇਜ਼ੀ ਫ਼ਿਲਮਾਂ, ਵਿਚਾਰ-ਚਰਚਾਵਾਂ ਅਤੇ ਜਾਗੋਆਂ ਆਦਿ ਰਾਹੀਂ ਕੰਮੀਆਂ ਦੇ ਵਿਹੜਿਆਂ ਲੁੱਟੇ-ਪੁੱਟੇ ਜਾ ਰਹੇ ਕਿਸਾਨਾਂ, ਨੌਜਵਾਨਾਂ, ਬੇਰੁਜ਼ਗਾਰਾਂ ਵਿਸ਼ੇਸ਼ ਕਰਕੇ ਔਰਤਾਂ ਨੂੰ ਕਾਫ਼ਲੇ 'ਚ ਜੋੜਨ ਲਈ ਪਿੰਡਾਂ, ਕਸਬਿਆਂ, ਮੁਹੱਲਿਆਂ, ਕਾਲਜਾਂ, ਯੂਨੀਵਰਸਿਟੀਆਂ ਤੱਕ 'ਉੱਠਣ ਦਾ ਵੇਲਾ ਮੁਹਿੰਮ' ਲਾਮਬੰਦ ਕਰਨ ਲਈ ਜ਼ੋਰਦਾਰ ਅਪੀਲ ਕੀਤੀ ਹੈ। ਇਸ ਪਰਚੇ ਰਾਹੀਂ ਵੀ ਅਸਾਡਾ ਜ਼ੋਰਦਾਰ ਸੱਦਾ ਹੈ ਕਿ ਆਓ! ਲੋਕਾਂ 'ਚ ਬਦਲਵੇਂ ਲੋਕ-ਪੱਖੀ ਸਭਿਆਚਾਰ ਦੀ ਲਹਿਰ ਉਸਾਰਨ ਵਾਲੀ ਮੁਹਿੰਮ ਅਤੇ 27 ਸਤੰਬਰ ਸਿਖਰ ਸਮਾਗਮ ਦੀ ਸਫਲਤਾ ਲਈ ਲੱਕ ਬੰਨ੍ਹ ਕੇ ਜੁਟ ਜਾਈਏ। ਲੋਕਾਂ ਦੇ ਘਰ ਕਿਸੇ ਚੀਜ਼ ਦਾ ਘਾਟਾ ਨਹੀਂ। ਉਹਨਾਂ ਉਪਰ ਦ੍ਰਿੜ ਭਰੋਸਾ ਰੱਖੋ। ਉਹਨਾਂ ਨੂੰ ਮੁਹਿੰਮ ਮੌਕੇ ਗੁਰਸ਼ਰਨ ਭਾਅ ਜੀ ਦੀ ਅਮਿਟ ਘਾਲਣਾ ਅਤੇ ਸਮਾਗਮ ਦੇ ਲੋਕਾਂ ਨਾਲ ਸਰੋਕਾਰ ਬਾਰੇ ਦੱਸੋ। ਉਹ ਮੁਹਿੰਮ 'ਚ ਆਉਣਗੇ। ਉਹ ਬਰਨਾਲੇ ਵੱਲ ਵਹੀਰਾਂ ਘੱਤਣਗੇ। ਆਪਣੀ ਖ਼ੂਨ ਪਸੀਨੇ ਦੀ ਕਮਾਈ 'ਚੋਂ ਫੰਡ ਮੁਹਿੰਮ ਵਿਚ ਵੀ ਯੋਗਦਾਨ ਪਾਉਣਗੇ।

ਲੋਕ ਕਦੇ ਵੀ ਗੁਰਸ਼ਰਨ ਭਾਅ ਜੀ ਦੀ ਕਹਿਣੀ ਅਤੇ ਕਰਨੀ ਨੂੰ ਮਨੋਂ ਨਹੀਂ ਵਿਸਾਰਨਗੇ। ਉਹਨਾਂ ਨੇ ਪਹਿਲੀ ਬਰਸੀ ਚੰਡੀਗੜ੍ਹ, ਦੂਜੀ ਬਰਸੀ ਤੇ ਬਰਨਾਲੇ ਏਸੇ ਤਾਰੀਕ 27 ਸਤੰਬਰ ਨੂੰ ਲਾ-ਮਿਸਾਲ ਇਕੱਤਰਤਾ ਕਰਕੇ ਅਤੇ ਸਾਹਿਤਕ/ਸਭਿਆਚਾਰਕ ਕਾਮਿਆਂ ਅਤੇ ਕਮਾਊ ਲੋਕਾਂ ਦਾ ਮਹਾਂਸਾਗਰ 'ਚ ਸੁਮੇਲ ਕਰਕੇ ਪੰਜਾਬੀ ਇਨਕਲਾਬੀ ਰੰਗ ਮੰਚ ਦੇ ਇਤਿਹਾਸ ਵਿਚ ਨਵੇਂ ਸਫ਼ੇ ਜੜੇ ਹਨ। ਬਰਨਾਲਾ ਵਿਖੇ ਉਹਨਾਂ ਦੀ ਤੀਜੀ ਬਰਸੀ ਇਸ ਲੜੀ 'ਚ ਹੋਰ ਵੀ ਅੱਗੇ ਪੁਲਾਂਘ ਭਰੇਗੀ।

27 ਸਤੰਬਰ ਨੂੰ ਲੋਕਾਂ ਦੇ ਸਾਹੀਂ ਧੜਕੇਗਾ ਅੱਧੀ ਰਾਤ ਤੋਂ ਪਹਿਲਾਂ ਗੁਰਸ਼ਰਨ ਭਾਅ ਜੀ ਦਾ ਵਿਛੋੜਾ। ਜਦੋਂ ਆਪਾਂ ਅਹਿਦ ਲਵਾਂਗੇ। ਲੋਕਾਂ ਦੇ ਨੈਣਾਂ 'ਚ ਸੂਹਾ ਸੁਪਨਾ ਬਣਕੇ ਚਮਕੇਗਾ, 28 ਸਤੰਬਰ 1907 ਸਰਘੀ ਵੇਲੇ ਸ਼ਹੀਦ ਭਗਤ ਸਿੰਘ ਦਾ ਜਨਮ ਦਿਹਾੜਾ। ਰਾਤ ਭਰ ਦੀਆਂ ਕਲਾ ਕਿਰਤਾਂ, ਤਕਰੀਰਾਂ, ਨਾਅਰਿਆਂ ਅਤੇ ਭਰੇ ਪੰਡਾਲ 'ਚੋਂ ਛੱਲਾਂ ਆਉਣਗੀਆਂ ਕਾਮਾਗਾਟਾ ਮਾਰੂ ਦੀ 100ਵੀਂ ਵਰ੍ਹੇ ਗੰਢ ਦੀਆਂ। ਇਸ ਰਾਤ ਸਾਡੇ ਪੁਰਵਜਾਂ ਦਾ ਮਹਾਨ ਵਿਰਸਾ, ਸਾਡਾ ਅੱਜ ਅਤੇ ਸਾਡਾ ਆਉਣ ਵਾਲਾ ਕੱਲ੍ਹ, ਧਾਅ ਗਲਵੱਕੜੀ ਪਾਉਣਗੇ। ਨਵੇਂ ਰਾਹ ਤਲਾਸ਼ਣਗੇ ਕਿ ਗਲੀ ਸੜੀ, ਲੁੱਟੀ-ਕੁੱਟੀ, ਬੇਪਤੀ ਹੰਢਾ ਰਹੀ, ਪੈਰ-ਪੈਰ ਤੇ ਵਿਤਕਰੇ ਅਤੇ ਅਣਮਨੁੱਖੀ ਕਹਿਰ ਝੱਲ ਰਹੀ ਲੋਕਾਈ ਨੂੰ ਸਵੈ-ਮਾਣ ਭਰੀ ਜ਼ਿੰਦਗੀ ਕਿਵੇਂ ਮਿਲੇ।

ਗੁਰਸ਼ਰਨ ਭਾਅ ਜੀ ਨੇ ਲੋਕਾਂ ਨੂੰ ਨਵੀਂ ਜ਼ਿੰਦਗੀ ਅਤੇ ਨਵਾਂ ਸਮਾਜ ਉਸਾਰਨ ਦੇ ਕਾਬਲ ਬਣਾਉਣ ਲਈ ਸਿਆਣੇ ਕਰਨ ਤੇ ਜ਼ੋਰ ਦਿੱਤਾ। ਔਰਤ ਨੂੰ ਬਰਾਬਰੀ ਦੇ ਰੁਤਬੇ ਦਾ ਸਨਮਾਨ ਦਿੱਤਾ। ਪੰਜਾਬ ਦੀ ਜੁਆਨੀ ਨੂੰ ਸ਼ਹੀਦ ਭਗਤ ਸਿੰਘ ਦੇ 'ਇਨਕਲਾਬ-ਜ਼ਿੰਦਾਬਾਦ' ਦੇ ਨਾਅਰੇ ਨਾਲ ਜੋੜਨ ਲਈ ਜਾਗ ਲਾਈ। ਉਹਨਾਂ ਦੀ 85 ਵਰ੍ਹਿਆਂ ਦੀ ਉਮਰ ਤੱਕ ਵੀ ਉਹਨਾਂ ਦੇ ਜਮਾਤੀ 'ਬੁਧੂਆ' ਦਲਿਤ ਵਿਦਿਆਰਥੀ ਦੇ ਹੱਥੋਂ ਕਿਤਾਬਾਂ ਖੋਹ ਕੇ ਇਸ ਲੋਟੂ ਅਤੇ ਆਦਮ-ਖਾਣੇ ਸਮਾਜ ਵੱਲੋਂ ਫੜਾਇਆ ਝਾੜੂ, ਉਹਨਾਂ ਦੇ ਨੈਣਾਂ 'ਚ ਚੁਭਦਾ ਰਿਹਾ।

ਗੁਰਸ਼ਰਨ ਸਿੰਘ ਨੇ ਨਾਟਕਾਂ ਨੂੰ ਕਿਤਾਬਾਂ ਅਤੇ ਬੇਜ਼ਾਨ ਪੰਨਿਆਂ ਵਿਚੋਂ ਕੱਢਕੇ, ਆਮ ਲੋਕਾਂ ਦੀਆਂ ਅੱਖਾਂ, ਕੰਨਾਂ ਤੱਕ ਪਹੁੰਚਾਉਣ ਲਈ ਕਮਾਲ ਦੀਆਂ ਜੁਗਤਾਂ ਅਪਣਾਈਆਂ।

ਉਹ ਮਹਿਜ ਨਾਟਕਕਾਰ ਨਹੀਂ। ਉਹ ਇਕ ਇੰਜਨੀਅਰ, ਲੇਖਕ, ਨਾਟਕਕਾਰ, ਨਿਰਦੇਸ਼ਕ, ਲੋਕ-ਆਗੂ, ਅਦਾਕਾਰ, ਸੰਪਾਦਕ, ਪ੍ਰਕਾਸ਼ਕ, ਚੱਲਦੀ ਫਿਰਦੀ ਲਾਇਬਰੇਰੀ, ਲੋਕ-ਸੰਗਰਾਮਾਂ ਦੇ ਮੋਢੇ ਸੰਗ ਮੋਢਾ ਲਾਉਣ ਵਾਲਾ, ਆਦਿਵਾਸੀਆਂ ਦੇ ਖਿਲਾਫ ਹਾਕਮਾਂ ਵੱਲੋਂ ਛੇੜੀ ਜੰਗ ਖਿਲਾਫ ਅਗਲੀ ਕਤਾਰ 'ਚ ਖੜ੍ਹਾ ਹੋਣ ਵਾਲਾ ਮਸਾਲਚੀ ਹੈ। ਉਹ ਆਪਣੀ ਜੀਵਨ ਸਾਥਣ, ਧੀਆਂ ਅਤੇ ਪੁੱਤਾਂ ਤੋਂ ਪਿਆਰੇ ਦਾਮਾਦ ਦਾ ਹਮੇਸ਼ਾਂ ਸਾਥੀ ਬਣਕੇ ਜ਼ਿੰਦਗੀ ਦੇ ਸੰਗਰਾਮੀ ਸਫ਼ਰ ਤੇ ਰਿਹਾ ਹੈ। ਉਹਨਾਂ ਨੇ ਸਾਰੀ ਜ਼ਿੰਦਗੀ ਕਦੇ ਵੀ ਦੁਸ਼ਮਣ ਨੂੰ ਦੋਸਤ ਅਤੇ ਦੋਸਤ ਨੂੰ ਦੁਸ਼ਮਣ ਨਹੀਂ ਬਣਾਇਆ।

ਉਹ ਗਰਜਵੀਂ ਆਵਾਜ਼ 'ਚ ਜੋ ਕਹਿੰਦੇ ਰਹੇ ਉਹ ਬੋਲ ਅੱਜ ਵੀ ਆਪਣੇ ਕੰਨਾਂ 'ਚ ਗੂੰਜਦੇ ਹਨ :-

"ਸਾਡਾ ਇਕੋ ਨਾਅਰਾ ਹੈ; ਇਸ ਗਰੀਬ-ਦੁਸ਼ਮਣ ਰਾਜ ਅਤੇ ਸਮਾਜ ਨੂੰ ਬਦਲ ਦਿਓ। ਮੁਲਕ ਦੀਆਂ ਜਾਗੀਰੂ, ਧੰਨ-ਦੌਲਤ, ਕੁਦਰਤੀ ਮਾਲ ਖਜਾਨਿਆਂ ਅਤੇ ਜ਼ਿੰਦਗੀ ਦੀਆਂ ਸਭੇ ਨਿਆਮਤਾਂ ਉਪਰ ਕੁੰਡਲ ਮਾਰੀ ਬੈਠਿਆਂ ਤੋਂ ਖੋਹਣਾ ਅਤੇ ਕਮਾਈ ਕਰਕੇ ਵੀ ਭੁੱਖੇ ਮਰਦੇ, ਕਰਜ਼ੇ ਲੱਦੇ, ਖੁਦਕੁਸ਼ੀਆਂ ਕਰਦੇ ਲੋਕਾਂ ਦੀ ਤਕਦੀਰ ਬਦਲਣ ਲਈ ਉਹਨਾਂ ਵਿਚ ਇਹ ਮਾਲ ਵੰਡਾਉਣਾ, ਇਹੋ ਇਨਕਲਾਬ ਹੈ।"

ਗੁਰਸ਼ਰਨ ਸਿੰਘ ਦੇ ਬੋਲ ਪੌਣਾਂ 'ਚ ਸਮੋ ਗਏ ਹਨ। ਉਹ ਐਲਾਨ ਕਰਿਆ ਕਰਦੇ ਸਨ :

ਆਜ਼ਾਦੀ : ਸਾਡੀ ਵਿਰਾਸਤ ਹੈ
ਸਮਾਜਵਾਦ ਲਈ ਸੰਘਰਸ਼ : ਸਾਡੀ ਸਿਆਸਤ ਹੈ
ਕਰਾਂਤੀ : ਸਾਡੀ ਇਬਾਦਤ ਹੈ

ਭਾਖੜਾ ਡੈਮ 'ਤੇ ਕੰਮ ਕਰਦਿਆਂ ਜੋ ਉਹਨਾਂ ਦੇ ਮਨ ਦੀ ਸਲੇਟ ਤੇ ਉੱਕਰ ਗਿਆ ਉਹ ਆਖਰੀ ਸਾਹ ਤੱਕ ਉਸਨੂੰ ਬੁਲੰਦ ਕਰਦੇ ਰਹੇ :

"ਜੇ ਅਸੀਂ ਦਰਿਆਵਾਂ ਦੇ ਰੁਖ਼ ਮੋੜ ਸਕਦੇ ਹਾਂ
ਤਾਂ ਅਸੀਂ ਸਮਾਜ ਦਾ ਰੁਖ਼ ਕਿਉਂ ਨਹੀਂ ਮੋੜ ਸਕਦੇ ?"

ਗੁਰਸ਼ਰਨ ਭਾਅ ਜੀ ਦੀ ਯਾਦ 'ਚ 'ਇਨਕਲਾਬੀ ਰੰਗ ਮੰਚ ਦਿਹਾੜਾ' ਕਲਾ ਕਿਰਤਾਂ ਰਾਹੀਂ, ਜ਼ਮੀਨ ਪ੍ਰਾਪਤੀ ਦੇ ਘੋਲ, ਦਲਿਤਾਂ ਉਪਰ ਦਾਬੇ, ਖ਼ੁਦਕੁਸ਼ੀਆਂ, ਕਰਜ਼ੇ, ਨਸ਼ੇ, ਬੇਰੁਜ਼ਗਾਰੀ, ਬਲਾਤਕਾਰ, ਅਗਵਾ, ਕਾਲੇ ਕਾਨੂੰਨਾਂ, ਨਾਟਕ ਮੰਚਣ ਸਮੇਤ ਲੋਕ ਹੱਕਾਂ ਉਪਰ ਫਿਰਕੂ ਤੱਤਾਂ ਅਤੇ ਜਾਬਰ ਰਾਜ ਦੇ ਸ਼ਿਕੰਜੇ ਆਦਿ ਨੂੰ ਸੰਬੋਧਨ ਹੁੰਦਾ ਹੋਇਆਂ ਅਸ਼ਲੀਲ ਅਤੇ ਲੋਕ ਵਿਰੋਧੀ ਸਭਿਆਚਾਰ ਖਿਲਾਫ ਬਦਲਵੇਂ ਲੋਕ ਪੱਖੀ ਅਤੇ ਇਨਕਲਾਬੀ ਸਭਿਆਚਾਰ ਦੀ ਲਹਿਰ ਨੂੰ ਮਜ਼ਬੂਤ ਕਰਨ ਵੱਲ ਮੀਲ-ਪੱਥਰ ਸਾਬਤ ਹੋਏਗਾ।

ਜੱਥਿਆਂ ਦੇ ਜੱਥੇ ਬਣਾਕੇ, 'ਉੱਠਣ ਦਾ ਵੇਲਾ ਮੁਹਿੰਮ' 'ਚ ਡਟਣ ਅਤੇ 27 ਸਤੰਬਰ ਰਾਤ ਭਰ ਬਰਨਾਲਾ ਵਿਖੇ ਸਿਰ ਜੋੜਨ ਲਈ ਤੁਹਾਡੇ ਭਰਵੇਂ ਹੁੰਗਾਰੇ ਦੀ ਉਡੀਕ 'ਚ

ਸੂਬਾ ਕਮੇਟੀ,
ਪੰਜਾਬ ਲੋਕ ਸਭਿਆਚਾਰਕ ਮੰਚ (ਪਲਸ ਮੰਚ)

ਸੰਪਰਕ : ਅਮੋਲਕ ਸਿੰਘ (94170-76735), ਕੰਵਲਜੀਤ ਖੰਨਾ (94170-67344), ਮਾਸਟਰ ਰਾਮ ਕੁਮਾਰ (98159-72943), ਹਰਵਿੰਦਰ ਦੀਵਾਨਾ (98152-12718)

# ਕੀ ਸੱਚਮੁੱਚ ਖਜ਼ਾਨਾ ਖਾਲੀ ਹੈ ?

ਮੁਸ਼ੱਰਫ ਅਲੀ
ਅਨੁਵਾਦ, ਮਨਦੀਪ
98764-42052

ਅੱਛੇ ਦਿਨ ਆਨੇ ਵਾਲੇ ਹੈਂ, ਮੋਦੀ ਜੀ ਕੋ ਜਿਤਾਨਾ ਹੈ, ਔਰ ਭਾਜਪਾ ਕੋ ਪੂਰਨ ਬਹੁਮਤ ਦਿਲਾਨਾ ਹੈ, ਇਨ੍ਹਾਂ ਮਸ਼ਹੂਰੀਆਂ 'ਤੇ ਵਿਸ਼ਵਾਸ ਕਰਕੇ ਲੋਕਾਂ ਨੇ ਪੂਰਨ ਬਹੁਮਤ ਦਿਵਾਕੇ ਨਰਿੰਦਰ ਮੋਦੀ ਨੂੰ ਸੱਤਾ ਉੱਤੇ ਬਿਰਾਜਮਾਨ ਕਰ ਦਿੱਤਾ ਅਤੇ ਅੱਛੇ ਦਿਨਾਂ ਦਾ ਇੰਤਜਾਰ ਕਰਨ ਲੱਗੇ ਤਾਂ ਉਨ੍ਹਾਂ ਨੂੰ ਪਹਿਲੀ ਬੁਰੀ ਖਬਰ ਮਿਲੀ ਕਿ ਡੀਜਲ ਦੀ ਕੀਮਤ ਪੰਜਾਹ ਪੈਸੇ ਪ੍ਰਤੀ ਲੀਟਰ ਵਧਾ ਦਿੱਤੀ ਹੈ। ਇਸ ਤੋਂ ਬਾਅਦ ਦੂਜੀ ਖਬਰ ਮਿਲੀ ਕਿ ਕਾਂਗਰਸ ਦੁਆਰਾ ਖਰਾਬ ਆਰਥਿਕ ਵਿਵਸਥਾ ਹਾਸਲ ਹੋਈ ਤੇ ਉਸਨੂੰ ਠੀਕ ਕਰਨ ਲਈ ਸਖਤ ਕਦਮ ਚੁੱਕਣੇ ਪੈਣਗੇ। ਨਰਿੰਦਰ ਮੋਦੀ ਦੇ ਹਮਦਰਦਾਂ ਤੇ ਉਨ੍ਹਾਂ ਦੇ ਸਲਾਹਕਾਰ ਅਰਥ-ਸ਼ਾਸਤਰੀਆਂ ਨੇ ਦੱਸਿਆ ਕਿ ਅਰਥ-ਵਿਵਸਥਾ ਕਾਂਗਰਸ ਦੀ 'ਮਨਰੇਗਾ' ਅਤੇ 'ਭੋਜਨ ਦੇ ਅਧਿਕਾਰ' ਜਿਹੀਆਂ ਲੋਕ ਲੁਭਾਊ ਨੀਤੀਆਂ ਨੂੰ ਲਾਗੂ ਕੀਤੇ ਜਾਣ ਕਾਰਨ ਖਰਾਬ ਹੋਈ ਹੈ। ਇਸ ਲਈ ਇਨ੍ਹਾਂ ਦੇ ਖਰਚ ਵਿੱਚ ਕਟੌਤੀ ਅਤੇ ਇਨ੍ਹਾਂ ਨੂੰ ਬੰਦ ਕਰਕੇ ਹੀ ਅਰਥ-ਵਿਵਸਥਾ ਨੂੰ ਸੁਧਾਰਿਆ ਜਾ ਸਕਦਾ ਹੈ। ਹੁਣ ਕਿਉਂਕਿ ਇਨ੍ਹਾਂ ਦੇ ਖਰਚਿਆਂ 'ਚ ਕਟੌਤੀ ਨਾਲ ਅੱਛੇ ਦਿਨਾਂ ਦੇ ਆਉਣ ਦੀ ਉਮੀਦ ਲਾਉਣ ਵਾਲੇ ਲੋਕ ਨਰਾਜ ਹੋ ਸਕਦੇ ਹਨ। ਇਸ ਲਈ ਮੋਦੀ ਦਾ ਇਹ ਬਿਆਨ ਆਇਆ ਕਿ ਜੇ ਮਰੀਜ਼ ਨੂੰ ਠੀਕ ਕਰਨਾ ਹੈ ਤਾਂ ਉਸਨੂੰ ਕੌੜੀ ਦਵਾਈ ਤਾਂ ਦੇਣੀ ਹੀ ਹੋਵੇਗੀ। ਇਸ ਦੇ ਇਲਾਵਾ ਇਕ ਹੋਰ ਜੋਰਦਾਰ ਗੱਲ ਉਛਾਲੀ ਗਈ ਕਿ ਇਨ੍ਹਾਂ 'ਲੋਕ-ਲੁਭਾਊ ਯੋਜਨਾਵਾਂ' ਨੂੰ ਲਾਗੂ ਕੀਤੇ ਜਾਣ ਨਾਲ ਖਜ਼ਾਨਾ ਖਾਲੀ ਹੋ ਚੁੱਕਾ ਹੈ ਇਸ ਲਈ ਜੋ ਵੀ ਕੀਮਤਾਂ ਸਰਕਾਰ ਦੁਆਰਾ ਵਧਾਈਆਂ ਜਾ ਰਹੀਆਂ ਹਨ ਉਹ ਖਾਲੀ ਖਜ਼ਾਨੇ ਨੂੰ ਭਰਨ ਲਈ ਹਨ। ਬਜਟ ਆਉਣ ਤੋਂ ਪਹਿਲਾਂ, ਰੇਲ ਦਾ ਕਿਰਾਇਆ ਵਧਾ ਦਿੱਤੇ ਜਾਣ 'ਤੇ ਵੀ ਇਸ ਖਜ਼ਾਨਾ ਖਾਲੀ ਹੋਣ ਦੇ ਤਰਕ ਨੂੰ ਦੁਹਰਾਇਆ ਗਿਆ।

ਕੀ ਸੱਚਮੁਚ ਭਾਰਤ ਅੱਜ ਰਾਜਿਆਂ ਦੇ ਉਸ ਦੌਰ ਵਿਚ ਰਹਿ ਰਿਹਾ ਹੈ ਜਦੋਂ ਇਕ ਰਾਜਾ ਦੂਜੇ ਰਾਜੇ ਦੇ ਰਾਜ 'ਤੇ ਕਬਜਾ ਕਰਨ ਤੋਂ ਬਾਅਦ ਖਜ਼ਾਨੇ ਤੱਕ ਪਹੁੰਚ ਕੇ ਸਭ ਤੋਂ ਪਹਿਲਾਂ ਉਸਦਾ ਖੁਫੀਆ ਦਰਵਾਜਾ ਖੁਲਵਾਉਂਦਾ ਸੀ ਅਤੇ ਖਜ਼ਾਨਾ ਭਰਿਆ ਵੇਖ ਕੇ ਖੁਸ਼ ਹੁੰਦਾ ਤੇ ਖਾਲੀ ਵੇਖਕੇ ਉਦਾਸ ਹੋ ਜਾਂਦਾ ਸੀ। ਕੀ ਅੱਜ ਵੀ ਲੋਕਤੰਤਰਿਕ ਵਿਵਸਥਾ ਵਿਚ ਪੁਰਾਣੇ ਜਮਾਨੇ ਦੀ ਤਰ੍ਹਾਂ ਲੋਕਾਂ ਦੀਆਂ ਨਜਰਾਂ ਤੋਂ ਲੁਕਾਕੇ ਰੱਖੇ ਗਏ ਖੁਫੀਆ ਖਜ਼ਾਨੇ ਹੁੰਦੇ ਹਨ। ਜਿਨ੍ਹਾਂ ਦਾ ਪਤਾ ਨਵੀਂ ਸਰਕਾਰ ਦੇ ਆਉਣ 'ਤੇ ਹੀ ਲੱਗਦਾ ਹੈ। ਮੋਦੀ ਦੀ ਇਸ ਗੱਲ ਕਿ ਖਜ਼ਾਨਾ ਖਾਲੀ ਮਿਲਿਆ ਹੈ, 'ਤੇ ਉਹ ਲੋਕ ਬੇਸ਼ੱਕ ਯਕੀਨ ਕਰ ਸਕਦੇ ਨੇ ਜੋ ਅੱਜ ਵੀ ਮਾਨਸਿਕ ਤੌਰ 'ਤੇ ਰਾਜਿਆਂ ਦੇ ਦੌਰ ਵਿਚ ਰਹਿ ਰਹੇ ਹਨ। ਅਧੁਨਿਕ ਆਰਥਿਕ ਗਤੀਵਿਧੀਆਂ ਤੋਂ ਜਾਣੂ ਲੋਕ ਇਹ ਜਾਣਦੇ ਹਨ ਕਿ ਕਿਸੇ ਵੀ ਦੇਸ਼ ਦੀ ਆਰਥਿਕ ਸਥਿਤੀ ਤੇ ਨਜ਼ਰ ਰੱਖਣ ਵਾਲੀਆਂ ਅਨੇਕਾਂ ਕੌਮਾਂਤਰੀ ਏਜੰਸੀਆਂ ਮੌਜੂਦ ਹਨ ਜੋ ਨਿੱਤ ਦਿਨ ਉਸ ਦੇਸ਼ ਦਾ ਪੋਸਟ-ਮਾਰਟਮ ਕਰਕੇ ਆਪਣੀ ਰਿਪੋਰਟ ਜਨਤਕ ਕਰਦੀਆਂ ਰਹਿੰਦੀਆਂ ਹਨ। ਇਸਦੇ ਇਲਾਵਾ ਰਿਜ਼ਰਵ ਬੈਂਕ, ਵਿੱਤ, ਵਪਾਰ ਤੇ ਉਦਯੋਗਿਕ ਵਿਭਾਗਾਂ ਦੀਆਂ ਵੈਬਸਾਇਟਾਂ ਖੁੱਲ੍ਹੀ ਕਿਤਾਬ ਦੀ ਤਰ੍ਹਾਂ ਹੁੰਦੀਆਂ ਹਨ ਜਿਨ੍ਹਾਂ ਉੱਤੇ ਸਾਰੇ ਅੰਕੜੇ ਤੇ ਜਾਣਕਾਰੀ ਪਹਿਲਾਂ ਤੋਂ ਮੌਜੂਦ ਹੁੰਦੇ ਹਨ ਜੋ ਦੱਸਦੇ ਹਨ ਕਿ ਸਾਡੇ ਉਪਰ ਕਿੰਨਾ ਬਦੇਸ਼ੀ ਤੇ ਅੰਦਰੂਨੀ ਕਰਜਾ ਹੈ, ਕਿੰਨਾ ਬਦੇਸ਼ੀ ਮੁਦਰਾ ਭੰਡਾਰ ਹੈ ਅਤੇ ਕਿੰਨਾ ਅਯਾਤ ਤੇ ਨਿਰਯਾਤ 'ਚ ਅੰਤਰ ਹੈ ਜਿਸਦੇ ਕਾਰਨ ਚਾਲੂ ਖਾਤਾ ਘਾਟਾ ਘੱਟ ਜਾਂ ਜਿਆਦਾ ਹੋ ਗਿਆ ਹੈ। ਅਸੀਂ ਸਾਰੇ ਬੈਂਕਾਂ ਦੀਆਂ ਵੈੱਬਸਾਇਟਾਂ ਤੇ ਜਾ ਕੇ ਅਸਾਨੀ ਨਾਲ ਪਤਾ ਲਗਾ ਸਕਦੇ ਹਾਂ ਕਿ ਸਾਡੀਆਂ ਬੈਂਕਾਂ ਵਿਚ ਕਿੰਨਾ ਪੈਸਾ ਜਮ੍ਹਾ ਹੈ। ਇੰਟਰਨੈੱਟ ਤੇ ਉਪਲਬਧ ਇਹ ਸਾਰੀ ਜਾਣਕਾਰੀ ਦੱਸਦੀ ਰਹਿੰਦੀ ਹੈ ਕਿ ਸਬੰਧਿਤ ਦੇਸ਼ ਦਾ ਖਜ਼ਾਨਾ ਖਾਲੀ ਹੈ ਜਾਂ ਭਰਿਆ ਹੋਇਆ। ਅਜਿਹੇ 'ਚ ਮੋਦੀ ਦਾ ਕਹਿਣਾ ਹੈ ਕਿ ਖਜ਼ਾਨਾ ਖਾਲੀ ਮਿਲਿਆ ਹੈ ਇਸਤੇ ਉਹੀ ਯਕੀਨ ਕਰ ਸਕਦਾ ਹੈ ਜੋ ਮਾਨਸਿਕ ਤੌਰ ਤੇ ਬਾਬਾ ਆਦਮ ਦੇ ਜ਼ਮਾਨੇ ਵਿਚ ਜਿਉਂ ਰਿਹਾ ਹੋਵੇ।

ਇਸ ਗੱਲ ਦੀ ਪੁਸ਼ਟੀ ਕਰਨ ਲਈ ਇੱਥੇ ਅਸੀਂ ਹੁਣੇ ਆਈ ਇਕ ਰਿਪੋਰਟ ਪੇਸ਼ ਕਰਨਾ ਚਾਹਾਂਗੇ ਜੋ ਦੁਨੀਆ ਦੀਆਂ ਤਿੰਨ ਮਸ਼ਹੂਰ ਯੂਨੀਵਰਸਿਟੀਆਂ ਦੇ ਅਰਥ-ਸ਼ਾਸਤਰੀਆਂ ਨੇ ਪੇਸ਼ ਕੀਤੀ ਹੈ। ਇਹ ਰਿਪੋਰਟ ਐਨਡੀਏ ਅਤੇ ਯੂਪੀਏ ਸਰਕਾਰ ਦੇ ਸ਼ਾਸ਼ਨ ਕਾਲ ਦੇ ਤੁਲਨਾਤਮਕ ਅਧਿਐਨ 'ਤੇ ਅਧਾਰਿਤ ਹੈ ਅਤੇ ਇਹ ਦੱਸਦੀ ਹੈ ਕਿ ਕਿਸ ਸਰਕਾਰ ਨੇ ਸੱਤਾ ਛੱਡਦੇ ਹੋਏ ਖਜ਼ਾਨਾ ਖਾਲੀ ਕੀਤਾ ਜਾਂ ਭਰਿਆ ਦਿੱਤਾ ਸੀ। ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਦੇ ਅਸ਼ੋਕ ਕੋਤਵਾਲ, ਦਿੱਲੀ ਸਕੂਲ ਆਫ ਇਕਨਾਮਿਕਸ ਦੇ ਖੋਜਾਰਥੀ ਤੇ ਲੰਡਨ ਸਕੂਲ ਆਫ ਇਕਨਾਮਿਕਸ ਦੇ ਮੈਤਰੇਸ਼ ਘੱਟਕ ਨੇ ਇਸ ਰਿਪੋਰਟ ਨੂੰ ਤਿਆਰ ਕੀਤਾ ਹੈ। ਇਸ ਅਧਿਐਨ 'ਚ ਯੂਪੀਏ-1 ਤੇ -2 ਦੇ 2004 ਤੇ 2013 ਅਤੇ ਐਨਡੀਏ ਦੇ 1998 ਤੋਂ 2004 ਤੱਕ ਦੇ ਸ਼ਾਸ਼ਨ ਕਾਲ ਦੇ ਸਮੇਂ ਨੂੰ ਸ਼ਾਮਲ ਕੀਤਾ ਗਿਆ ਹੈ। ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਐਨਡੀਏ ਨੂੰ 1998 'ਚ ਜਦੋਂ ਸੱਤਾ ਹਾਸਲ ਹੋਈ ਸੀ ਤਾਂ ਸਰਕਾਰ ਉਪਰ ਕਰਜਾ ਕੁੱਲ ਘਰੇਲੂ ਉਤਪਾਦਨ ਦਾ 50% ਸੀ ਜੋ ਕਾਂਗਰਸ ਨੂੰ ਸੱਤਾ ਸੌਂਪਦੇ ਹੋਏ ਵੱਧਕੇ 61% ਹੋ ਗਿਆ ਸੀ ਅਤੇ ਕਾਂਗਰਸ ਉਸਨੂੰ ਆਪਣੇ ਸ਼ਾਸ਼ਨ ਕਾਲ ਦੌਰਾਨ 48% ਤੇ ਲੈ ਆਈ ਸੀ। ਇਸੇ ਤਰ੍ਹਾਂ ਯੂਪੀਏ ਦਾ ਵਿੱਤੀ ਘਾਟਾ ਔਸਤਨ 4.6 ਅਤੇ ਐਨਡੀਏ ਦਾ 5.5% ਸੀ ਐਨਡੀਏ 'ਚ ਉਦਯੋਗਿਕ ਵਿਕਾਸ ਦਰ 5.4 ਜਦਕਿ ਯੂਪੀਏ ਨੇ 7.1% ਸਲਾਨਾ ਰਹੀ। ਯੂਪੀਏ 'ਚ ਸੈਂਸਿਕਸ ਨੇ 13.9 ਜਦੋਂਕਿ ਐਨਡੀਏ ਨੇ 5.9% ਵਾਧਾ ਦਰ ਦਰਸਾਈ। ਯੂਪੀਏ 'ਚ ਵਿਸ਼ਵ ਵਿਕਾਸ ਵਿੱਚ ਭਾਰਤ ਦਾ ਯੋਗਦਾਨ 3.5 ਜਦੋਂ ਕਿ ਐਨਡੀਏ 2.5% ਰਿਹਾ। ਐਨਡੀਏ ਦੇ ਸ਼ਾਸ਼ਨ ਕਾਲ 'ਚ ਅੰਤਿਮ ਸਾਲ ਵਿਚ ਨਿਰਯਾਤ 17% ਜਦਕਿ ਯੂਪੀਏ ਨੇ 35% ਤੇ ਛੱਡਿਆ। ਐਨਡੀਏ ਵਿਚ ਵਿਦੇਸ਼ੀ ਨਿਵੇਸ਼ ਪ੍ਰਵਾਹ ਸਲਾਨਾ 2.85 ਬਿਲੀਅਨ ਡਾਲਰ ਜਦੋਂਕਿ ਯੂਪੀਏ ਵਿਚ 20.22 ਬਿਲੀਅਨ ਡਾਲਰ ਰਿਹਾ, ਐਨਡੀਏ ਦੇ ਸ਼ਾਸ਼ਨ ਕਾਲ ਵਿਚ ਲੋਕਾਂ ਨੂੰ ਦਿੱਤੀ ਜਾਣ ਵਾਲੀ ਸਬਸਿਡੀ ਦੀ ਸਲਾਨਾ ਵਾਧਾ ਦਰ 1.6% ਜਦਕਿ ਯੂਪੀਏ ਦੀ 2.6% ਰਹੀ। ਜੇ ਖਜ਼ਾਨਾ ਖਾਲੀ ਮਿਲਣ ਦੀ ਗੱਲ ਕਰੀਏ ਤਾਂ ਇਹ ਰਿਪੋਰਟਾਂ ਦੱਸਦੀਆਂ ਹਨ ਕਿ ਐਨਡੀਏ ਨੇ ਜਦੋਂ 2004 'ਚ ਸੱਤਾ ਛੱਡੀ ਸੀ ਤਾਂ ਦੇਸ਼ ਦੀ ਆਰਥਿਕ ਹਾਲਤ ਜਿਆਦਾ ਖਸਤਾ ਹਾਲ ਸੀ, ਬਾਨਿਸਬਤ ਯੂਪੀਏ ਦੁਆਰਾ ਅੱਜ ਛੱਡੀ ਗਈ ਆਰਥਿਕ ਸਥਿਤੀ ਦੇ। ਇਸ ਲਈ ਪਹਿਲਾਂ ਤੋਂ ਤੈਅ ਨਵਉਦਾਰਵਾਦੀ ਏਜੰਡੇ ਨੂੰ ਲਾਗੂ ਕਰਦੇ ਹੋਏ ਇਹ ਬਹਾਨਾ ਬਣਾਉਣਾ ਕਿ ਖਜ਼ਾਨਾ ਖਾਲੀ ਮਿਲਿਆ ਹੈ ਪੂਰੀ ਤਰ੍ਹਾਂ ਝੂਠ ਤੇ ਗੁੰਮਰਾਹ ਕਰਨ ਵਾਲਾ ਹੈ। ਹਾਂ, ਸਰਕਾਰ ਦੀ ਆਮਦਨੀ ਵਧਣੀ ਚਾਹੀਦੀ ਹੈ ਇਹ ਗੱਲ ਜਾਇਜ ਹੈ ਪਰ ਇਹ ਨਾ ਤਾਂ ਦੇਸ਼ ਦੀ ਸਵੈ-ਨਿਰਭਰਤਾ ਦੀਆਂ ਨਿਸ਼ਾਨੀਆਂ ਵੇਚਕੇ ਅਤੇ ਨਾ ਹੀ ਪਹਿਲਾਂ ਤੋਂ ਭੋਜਨ ਲਈ ਤਰਸਦੇ ਲੋਕਾਂ ਦੇ ਮੂੰਹੋਂ ਰੋਟੀ ਖੋਹਕੇ ਵੱਧਣੀ ਚਾਹੀਦੀ ਹੈ। ਸਖਤ ਕਦਮ ਉਠਾਉਣੇ ਵੀ ਚਾਹੀਦੇ ਹਨ ਪਰ ਉਨ੍ਹਾਂ ਦੇ ਖਿਲਾਫ ਜੋ ਪਿਛਲੇ 22 ਸਾਲਾਂ ਤੋਂ ਲੋਕਾਂ ਦੀ ਸੰਪੱਤੀ ਨੂੰ ਲੁੱਟਣ 'ਚ ਲੱਗੇ ਹੋਏ ਹਨ। ਆਓ ਅਸੀਂ ਦੱਸਦੇ ਹਾਂ ਕਿ ਕਿੱਥੋਂ ਪੈਸਾ ਵਸੂਲਿਆ ਜਾਣਾ ਹੈ। ਕਿੰਗਫਿਸ਼ਰ ਦੇ ਮਾਲਕ ਵਿਜੈ ਮਾਲੀਆ 'ਤੇ ਸਰਕਾਰ ਦਾ 7500 ਕਰੋੜ ਅਤੇ ਵੋਡਾਫੋਨ ਤੇ ਪ੍ਰਾਪਰਟੀ ਗੇਨ ਟੈਕਸ ਦਾ 20,000 ਕਰੋੜ ਰੁਪਇਆ ਬਕਾਇਆ ਹੈ ਉਸਨੂੰ ਸਖਤੀ ਨਾਲ ਵਸੂਲਿਆ ਜਾਵੇ। ਉਹ ਖੰਡ ਮਿਲ ਮਾਲਕ ਜੋ ਕਿਸਾਨਾਂ ਦੇ ਗੰਨੇ ਦਾ ਭੁਗਤਾਨ ਦੱਬੀ ਬੈਠੇ ਹਨ ਉਨ੍ਹਾਂ ਨੂੰ ਬਿਨਾ ਵਿਆਜ ਦੇ 7200 ਕਰੋੜ ਰੁਪਇਆ ਪੰਜ ਸਾਲ ਲਈ ਦੇਣ ਦੇ ਕਾਂਗਰਸ ਦੇ ਫੈਸਲੇ ਨੂੰ ਰੋਕਿਆ ਜਾਵੇ। ਟਾਟਾ ਤੇ ਅੰਬਾਨੀ ਸਮੇਤ 55 ਨਿੱਜੀ ਬਿਜਲੀ ਉਤਪਾਦਕ ਕੰਪਨੀਆਂ ਜਿਨ੍ਹਾਂ ਨੂੰ ਕੋਲ ਇੰਡੀਆਂ ਅੱਧੀ ਕੀਮਤ 'ਤੇ ਬਿਦੇਸ਼ੀ ਕੋਇਲਾ ਉਪਲਬਧ ਕਰਵਾ ਰਹੀਆਂ ਹਨ ਜਿਸ ਨਾਲ ਸਲਾਨਾ 3000 ਕਰੋੜ ਰੁਪਏ ਦਾ ਨੁਕਸਾਨ ਹੋ ਰਿਹਾ ਹੈ ਉਸਨੂੰ ਬੰਦ ਕੀਤਾ ਜਾਵੇ। ਟਾਟਾ ਤੋਂ ਵਿਦੇਸ਼ ਸੰਚਾਰ ਨਿਗਮ ਵਾਪਸ ਲਿਆ ਜਾਵੇ। ਅੰਬਾਨੀ ਜਿਸਨੇ ਕੇ.ਜੀ. ਬੇਸਨ ਦੇ ਡੀ-6 ਗੈਸ ਬਲਾਕ ਤੋਂ 40 ਮਿਲੀਅਨ ਸਟੈਂਡਡ ਕਿਊਬਿਕ ਮੀਟਰ ਗੈਸ ਨਿੱਤ ਦਿਨ ਕੱਢਣ ਦਾ ਠੇਕਾ 240 ਕਰੋੜ ਡਾਲਰ ਵਿਚ ਲਿਆ ਸੀ। ਉਸਨੂੰ ਅਕਤੂਬਰ 2006 'ਚ ਇਹ ਦੱਸਣ ਲੱਗਿਆ ਕਿ 80 ਮਿਲੀਅਨ ਸਟੈਂਡਡ ਕਿਊਬਿਕ ਮੀਟਰ ਪ੍ਰਤੀ ਦਿਨ ਕੱਢਣ ਦੀ ਲਾਗਤ 880 ਕਰੋੜ ਡਾਲਰ ਲੱਗੇਗੀ। ਇਸ ਵਿਚ ਹੈਰਾਨੀ ਦੀ ਗੱਲ ਇਹ ਹੈ ਕਿ ਉਤਪਾਦਨ ਤਾਂ ਦੁੱਗਣਾ ਕੀਤਾ ਗਿਆ ਪਰ ਲਾਗਤ ਚਾਰ ਗੁਣਾ ਕਰ ਦਿੱਤੀ ਗਈ ਹੈ। ਇਸ ਤੋਂ ਇਲਾਵਾ ਉਸਨੇ ਆਪਣੇ ਕੇ.ਜੀ. ਬੇਸਨ ਦੇ ਕੁੱਲ ਹਿੱਸੇ 'ਚੋਂ 30% ਇੰਗਲੈਂਡ ਦੀ ਬ੍ਰਿਟਿਸ਼ ਪੈਟਰੋਲੀਅਮ ਨੂੰ ਵੇਚਕੇ 720 ਕਰੋੜ ਡਾਲਰ ਕਮਾਕੇ ਆਪਣੀ ਕੁੱਲ ਲਾਗਤ ਤੋਂ ਵੀ ਤਿੰਨ ਗੁਣਾ ਕਮਾ ਲਿਆ ਹੈ ਅਤੇ ਕੈਨੇਡਾ ਦੀ ਨਿਕੋ ਕੰਪਨੀ ਨੂੰ ਵੀ ਉਸਨੇ 10% ਹਿੱਸਾ ਵੇਚਕੇ ਕਮਾਈ ਕਰ ਲਈ ਹੈ। ਇਸ ਤਰ੍ਹਾਂ 40% ਹਿੱਸਾ ਵੇਚਕੇ ਵੀ ਰਿਲਾਇੰਸ ਕੋਲ 60% ਬਚਿਆ ਹੈ। ਇਹੀ ਨਹੀਂ, ਉੱਥੋਂ ਦੀ ਗੈਸ ਵੇਚਕੇ 31 ਮਾਰਚ 2012 ਤੱਕ ਉਸਨੇ 526 ਕਰੋੜ ਡਾਲਰ ਪਹਿਲਾਂ ਹੀ ਵਸੂਲ ਲਏ ਹਨ। ਹੁਣ ਉਹ ਗੈਸ ਦੀ ਕੀਮਤ ਵਧਾਕੇ ਗੈਸ ਦੇਸ਼ ਦੀ ਜਨਤਾ ਨੂੰ ਲੁੱਟਕੇ ਬਿਲਕੁਲ ਕੰਗਾਲ ਕਰਨਾ ਚਾਹੁੰਦਾ ਹੈ। ਇਸਨੂੰ ਰੋਕਣ ਦਾ ਇਕ ਹੀ ਤਰੀਕਾ ਹੈ ਕਿ ਰਿਲਾਇੰਸ ਦੇ ਸਾਰੇ ਗੈਸ ਬਲਾਕ ਤੁਰੰਤ ਵਾਪਸ ਲੈ ਕੇ ਓਐਨਜੀਸੀ ਨੂੰ ਵਾਪਸ ਕਰ ਦਿੱਤੇ ਜਾਣ ਅਤੇ ਰਿਲਾਇਸ ਦਾ ਕੌਮੀਕਰਨ ਕੀਤਾ ਜਾਵੇ। ਇਸ ਇਕ ਹੀ ਕਦਮ ਦੇ ਨਾਲ ਨਾ ਕੇਵਲ ਦੇਸ਼ ਦਾ ਖਜ਼ਾਨਾ ਭਰੇਗਾ ਬਲਕਿ ਲੋਕਾਂ ਨੂੰ ਗੈਸ ਵੀ ਸਸਤੀ ਮਿਲੇਗੀ। ਇਰਾਕ ਵਿਚ ਘਰੇਲੂ ਯੁੱਧ ਦਾ ਜੋ ਬਹਾਨਾ ਬਣਾਇਆ ਜਾ ਰਿਹਾ ਹੈ, ਤਾਂ ਇਰਾਕ ਵਿਚ ਲੜਾਈ ਉਦੋਂ ਤੋਂ ਚੱਲ ਰਹੀ ਹੈ ਜਦੋਂ ਤੋਂ ਅਮਰੀਕਾ ਨੇ ਉਸ ਉੱਤੇ ਕਬਜਾ ਕੀਤਾ। ਜੇ ਇਰਾਕ ਦੇ ਪ੍ਰਭਾਵ ਤੋਂ ਅਸੀਂ ਨਿਜ਼ਾਤ ਹਾਸਲ ਕਰਨੀ ਹੈ ਤਾਂ ਸਾਨੂੰ ਉਥੋਂ ਦੇ ਲੋਕਾਂ ਦੇ ਪੱਖ ਵਿਚ ਖੜ੍ਹੇ ਹੋ ਕੇ ਅਮਰੀਕਾ ਦੇ ਖਿਲਾਫ ਅਵਾਜ਼ ਉਠਾਉਣੀ ਚਾਹੀਦੀ ਹੈ ਕਿਉਂਕਿ ਅਰਬ ਦੇਸ਼ਾਂ ਵਿਚ ਅਮਰੀਕੀ ਦਖਲ ਕਾਰਨ ਸਾਡਾ ਤੇਲ ਅਯਾਤ ਬਿਲ ਕਾਫੀ ਵੱਧ ਗਿਆ ਅਤੇ ਅਸੀਂ ਉਸ ਜੰਗ ਦੀ ਭਾਰੀ ਕੀਮਤ ਤਾਰ ਰਹੇ ਹਾਂ। ਸਾਨੂੰ ਅਮਰੀਕਾ ਦੀ ਧਮਕੀ ਦੇ ਖਿਲਾਫ ਖੜ੍ਹੇ ਹੋ ਕੇ ਇਰਾਨ ਤੋਂ ਤੇਲ ਅਯਾਤ ਵਧਾਉਣਾ ਚਾਹੀਦਾ ਹੈ ਨਾ ਕਿ ਉਸਦੇ ਕਹਿਣ ਤੇ ਤੇਲ ਅਯਾਤ ਘਟਾਉਣਾ ਚਾਹੀਦਾ ਹੈ। ਇਸ ਕਦਮ ਦੇ ਨਾਲ ਅਸੀਂ ਆਪਣਾ ਅਯਾਤ ਬਿਲ ਘੱਟ ਕਰ ਸਕਦੇ ਹਾਂ ਅਤੇ ਬਦੇਸ਼ੀ ਮੁਦਰਾ ਦੀ ਬੱਚਤ ਹੋ ਸਕਦੀ ਹੈ। ਕੌਮਵਾਦ ਦਾ ਅਰਥ ਕੇਵਲ ਸ਼ਿਵਾ ਜੀ, ਰਾਣਾ ਪ੍ਰਤਾਪ ਦੀਆਂ ਤਸਵੀਰਾਂ 'ਤੇ ਹਾਰ ਚੜ੍ਹਾਉਣਾ ਅਤੇ ਸਿਰਫ ਕੌਮਵਾਦ ਸ਼ਬਦ ਦਾ ਜਾਪ ਕਰਨਾ ਨਹੀਂ ਹੁੰਦਾ। ਕੀ ਅਸੀਂ ਐਨੇ ਨਿਪੁੰਸਕ ਹੋ ਗਏ ਹਾਂ ਕਿ ਆਪਣੀ ਰੱਖਿਆ ਵੀ ਆਪ ਨਹੀਂ ਕਰ ਸਕਦੇ ? ਉਸਦੇ ਲਈ ਵੀ ਬਦੇਸ਼ੀਆਂ ਨੂੰ ਸੱਦਣਾ ਪਵੇਗਾ ? ਆਪਣਾ ਰੇਲ ਉਦਯੋਗ ਜੋ ਅਸੀਂ ਸਫਲਤਾਪੂਰਵਕ ਅਜ਼ਾਦੀ ਤੋਂ ਬਾਅਦ ਹੁਣ ਤੱਕ ਚਲਾਉਂਦੇ ਆ ਰਹੇ ਹਾਂ ਕਿ ਉਸਨੂੰ ਵੀ ਬਦੇਸ਼ੀ ਚਲਾਉਣਗੇ ? ਰੱਖਿਆ ਅਤੇ ਰੇਲਵੇ ਵਿਚ 100% ਸਿੱਧੇ ਵਿਦੇਸ਼ੀ ਨਿਵੇਸ਼ ਦੀ ਗੱਲ ਕਰਨਾ ਇਹੀ ਤਾਂ ਸੰਦੇਸ਼ ਦਿੰਦਾ ਹੈ। ਸਰੀਰ ਵਿਚ ਜੋ ਮਹੱਤਵ ਗੋਡਿਆਂ ਦਾ ਹੁੰਦਾ ਹੈ ਉਹੀ ਦੇਸ਼ ਵਿਚ ਕੌਮੀ ਉਦਯੋਗਾਂ ਦਾ ਹੁੰਦਾ ਹੈ। ਇਨ੍ਹਾਂ ਨੂੰ ਬਦੇਸ਼ੀਆਂ ਦੇ ਹਵਾਲੇ ਕਰਨਾ ਜਾਂ ਨਿੱਜੀ ਖੇਤਰ ਵਿਚ ਦੇ ਦੇਣਾ, ਗੋਡਿਆਂ ਨੂੰ ਤੋੜ ਦੇਣਾ ਹੁੰਦਾ ਹੈ। ਅਤੇ ਜਦੋਂ ਗੋਡੇ ਟੁੱਟ ਜਾਂਦੇ ਹਨ ਆਦਮੀ ਜਿਸ ਤਰ੍ਹਾਂ ਅਪਾਹਿਜ ਬਣ ਜਾਂਦਾ ਹੈ ਉਹੀ ਹਾਲ ਬਿਨਾਂ ਸਰਕਾਰੀ ਉਦਯੋਗਾਂ ਦੇ ਦੇਸ਼ ਦਾ ਹੋ ਜਾਂਦਾ ਹੈ। ਇਸ ਨਾਲ ਸਾਡੀ ਸਵੈ-ਨਿਰਭਰਤਾ ਤੇ ਕੌਮੀ ਸਨਮਾਨ ਖਤਮ ਹੋ ਜਾਂਦਾ ਹੈ। ਸਾਰੇ ਨਵਉਦਾਰਵਾਦੀ ਅਰਥਸ਼ਾਸ਼ਤਰੀ ਸਭ ਤੋਂ ਪਹਿਲਾਂ ਦੇਸ਼ ਦੇ ਗੋਡਿਆਂ ਉਪਰ ਵਾਰ ਕਰਨ ਦੀ ਸਲਾਹ ਦਿੰਦੇ ਹਨ। ਇਨ੍ਹਾਂ ਦੀ ਸਲਾਹ ਨੂੰ ਨਜ਼ਰਅੰਦਾਜ ਕਰਕੇ ਸਭ ਤੋਂ ਪਹਿਲਾਂ ਕੌਮਵਾਦ ਨੂੰ ਲਿਆਉਣਾ ਹੋਵੇਗਾ। ਅਸਲ ਕੌਮਵਾਦ ਦੇਸ਼ ਦੇ ਉਦਯੋਗਾਂ ਨੂੰ ਵੇਚਕੇ ਨਹੀਂ ਸਗੋਂ ਉਨ੍ਹਾਂ ਵਿਚ ਵਾਧਾਂ ਕਰਕੇ ਲਿਆਂਦਾ ਜਾਂਦਾ ਹੈ। ਅਸਲ ਕੌਮਵਾਦ ਮਨਰੇਗਾ ਦੇ 41,000 ਕਰੋੜ ਰੁਪਏ ਦੇ ਬਜਟ ਨੂੰ ਘਟਾਕੇ 26,000 ਕਰੋੜ ਰੁਪਏ ਕਰਨਾ ਅਤੇ ਹੁਣ ਉਸ ਨੂੰ ਹੋਰ ਵੀ ਘਟਾ ਦੇਣਾ, ਤੇਲ-ਗੈਸ ਅਤੇ ਖਾਦ ਪਦਾਰਥ ਦੀ ਸਬਸਿਡੀ ਘੱਟ ਕਰਨ ਨਾਲ ਨਹੀਂ ਆਉਂਦਾ ਬਲਕਿ ਇਨ੍ਹਾਂ 22 ਸਾਲਾਂ ਵਿਚ ਜਿੰਨ੍ਹਾਂ ਉਦਯੋਗਪਤੀਆਂ ਨੇ ਦੇਸ਼ ਦੀ ਸੰਪੱਤੀ ਲੁੱਟ ਲਈ ਹੈ ਉਸਨੂੰ ਵਾਪਸ ਦੇਸ਼ ਨੂੰ ਸੌਂਪਣ ਨਾਲ ਆਉਂਦਾ ਹੈ।

## ਜ਼ਿਮਨੀ ਚੋਣ ਨਤੀਜਿਆਂ ਦੇ ਸੰਕੇਤ

ਪੰਜਾਬ, ਬਿਹਾਰ, ਕਰਨਾਟਕ ਅਤੇ ਮੱਧ ਪ੍ਰਦੇਸ਼ ਦੀਆਂ 18 ਵਿਧਾਨ ਸਭਾ ਸੀਟਾਂ ਉੱਤੇ ਹੋਈਆਂ ਜ਼ਿਮਨੀ ਚੋਣਾਂ ਦੇ ਨਤੀਜੇ ਕਈ ਨਵੇਂ ਸੰਕੇਤ ਦੇ ਰਹੇ ਹਨ। ਕੇਵਲ ਤਿੰਨ ਮਹੀਨੇ ਪਹਿਲਾਂ ਹੋਈਆਂ ਲੋਕ ਸਭਾ ਚੋਣਾਂ ਦੇ ਦੌਰਾਨ ਮੋਦੀ ਲਹਿਰ ਦੀ ਕਹੀ ਜਾਂਦੀ ਹਨੇਰੀ ਸ਼ਾਂਤ ਹੋ ਗਈ ਜਾਪਦੀ ਹੈ। ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਹਨੇਰੀ ਵੀ ਵਾਵਰੋਲਾ ਸਾਬਤ ਹੋਈ ਹੈ। ਪੰਜਾਬ ਵਿੱਚ ਦੋ ਸੀਟਾਂ ਉੱਤੇ ਹੋਈਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਆਪਣੀਆਂ ਜ਼ਮਾਨਤਾਂ ਬਚਾਉਣ ਵਿੱਚ ਵੀ ਅਸਫ਼ਲ ਰਹੇ ਹਨ।

ਮੋਦੀ ਦਾ ਕ੍ਰਿਸ਼ਮਾ ਪਿਛਲੇ ਮਹੀਨੇ ਉੱਤਰਾਖੰਡ ਵਿੱਚ ਹੋਈਆਂ ਵਿਧਾਨ ਸਭਾ ਦੀਆਂ ਤਿੰਨ ਚੋਣਾਂ ਵਿੱਚ ਭਾਜਪਾ ਨੂੰ ਹੋਈ ਹਾਰ ਤੋਂ ਬਾਅਦ ਹੀ ਗਰਦਿਸ਼ ਵਿੱਚ ਜਾਣਾ ਸ਼ੁਰੂ ਹੋ ਗਿਆ ਸੀ। ਸੂਬੇ ਦੀਆਂ ਸਾਰੀਆਂ ਲੋਕ ਸਭਾ ਚੋਣਾਂ ਜਿੱਤਣ ਵਾਲੀ ਭਾਜਪਾ ਵਿਧਾਨ ਸਭਾ ਦੀਆਂ ਜ਼ਿਮਨੀ ਚੋਣਾਂ ਵਿੱਚ ਖਾਤਾ ਨਹੀਂ ਸੀ ਖੋਲ੍ਹ ਸਕੀ। ਮੱਧ ਪ੍ਰਦੇਸ਼ ਵਿੱਚ ਭਾਜਪਾ ਤਿੰਨਾਂ ਵਿੱਚੋਂ ਦੋ ਸੀਟਾਂ ਉੱਤੇ ਕਬਜ਼ਾ ਜਮਾਉਣ ਵਿੱਚ ਸਫ਼ਲ ਰਹੀ ਹੈ ਅਤੇ ਇੱਕ ਸੀਟ ਕਾਂਗਰਸ ਦੇ ਹਿੱਸੇ ਆਈ ਹੈ ਪਰ ਬਿਹਾਰ ਵਿੱਚ ਪਾਰਟੀ 10 ਸੀਟਾਂ ਵਿੱਚੋਂ ਕੇਵਲ ਚਾਰ ਹੀ ਜਿੱਤ ਸਕੀ ਹੈ। ਲੋਕ ਸਭਾ ਚੋਣਾਂ ਦੌਰਾਨ ਭਾਜਪਾ ਗੱਠਜੋੜ ਨੇ 40 ਵਿੱਚੋਂ 31 ਸੀਟਾਂ ਉੱਤੇ ਕਬਜ਼ਾ ਕਰਕੇ ਰਾਸ਼ਟਰੀ ਜਨਤਾ ਦਲ, ਜਨਤਾ ਦਲ (ਯੂ) ਅਤੇ ਕਾਂਗਰਸ ਦਾ ਇੱਕ ਤਰ੍ਹਾਂ ਨਾਲ ਸਫ਼ਾਇਆ ਕਰ ਦਿੱਤਾ ਸੀ। ਇਨ੍ਹਾਂ ਦਸ ਸੀਟਾਂ ਵਿੱਚੋਂ ਵੀ ਅੱਠ ਵਿਧਾਨ ਸਭਾ ਹਲਕਿਆਂ ਉੱਤੇ ਗੱਠਜੋੜ ਦੇ ਉਮੀਦਵਾਰਾਂ ਨੇ ਲੀਡ ਲਈ ਸੀ। 2010 ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਵੀ ਇਹ ਸੀਟਾਂ ਭਾਜਪਾ ਕੋਲ ਸਨ। ਕਰਨਾਟਕ ਵਿੱਚ ਭਾਜਪਾ ਦਾ ਗੜ੍ਹ ਮੰਨੀ ਜਾਂਦੀ ਬੇਲਾਰੀ ਸੀਟ ਹੱਥੋਂ ਚਲੀ ਗਈ ਹੈ ਅਤੇ ਤਿੰਨਾਂ ਵਿੱਚੋਂ ਕੇਵਲ ਸਾਬਕਾ ਮੁੱਖ ਮੰਤਰੀ ਵਾਈ. ਐੱਸ. ਯਾਦੂਰੱਪਾ ਦਾ ਬੇਟਾ ਹੀ ਸੀਟ ਜਿੱਤਣ ਵਿੱਚ ਕਾਮਯਾਬ ਰਿਹਾ ਹੈ।

ਲੋਕ ਸਭਾ ਚੋਣਾਂ ਵਿੱਚ ਭਾਜਪਾ 31 ਫ਼ੀਸਦੀ ਵੋਟਾਂ ਲੈ ਕੇ ਪੂਰਾ ਬਹੁਮਤ ਲੈ ਗਈ ਸੀ। ਇਸ ਦਾ ਕਾਰਨ ਇਹ ਸੀ ਕਿ ਭਾਜਪਾ ਗੱਠਜੋੜ ਦੇ ਵਿਰੋਧੀ ਆਪਸ ਵਿੱਚ ਬੁਰੀ ਤਰ੍ਹਾਂ ਵੰਡੇ ਹੋਏ ਸਨ। ਲੰਮੇ ਸਮੇਂ ਤੋਂ ਆਪਸੀ ਵਿਰੋਧੀ ਲਾਲੂ ਪ੍ਰਸਾਦ ਯਾਦਵ ਅਤੇ ਨਿਤਿਸ਼ ਕੁਮਾਰ ਸਮੇਤ ਕਾਂਗਰਸ ਨੇ ਹੁਣ ਆਪਸ ਵਿੱਚ ਗਲਵੱਕੜੀ ਪਾ ਕੇ ਭਾਜਪਾ ਦੇ ਜੇਤੂ ਰੱਥ ਨੂੰ ਰੋਕ ਦਿੱਤਾ ਹੈ। ਬਿਹਾਰ ਵਿੱਚ 2015 ਵਿੱਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਜ਼ਿਮਨੀ ਚੋਣਾਂ ਦੇ ਨਤੀਜਿਆਂ ਨੇ ਵਿਧਾਨ ਸਭਾ ਦੀਆਂ ਆਮ ਚੋਣਾਂ ਲਈ ਵੀ ਮਿਲ ਕੇ ਕੰਮ ਕਰਨ ਦਾ ਆਧਾਰ ਪੈਦਾ ਕਰ ਦਿੱਤਾ ਹੈ।

ਪੰਜਾਬ ਵਿੱਚ 24.5 ਫ਼ੀਸਦੀ ਵੋਟਾਂ ਲੈ ਕੇ ਚਾਰ ਸੰਸਦ ਮੈਂਬਰ ਜਿਤਾ ਕੇ ਵੱਡੀ ਸ਼ਕਤੀ ਵਜੋਂ ਉੱਭਰੀ ਆਮ ਆਦਮੀ ਪਾਰਟੀ ਹਾਸ਼ੀਏ ਉੱਤੇ ਜਾਣੀ ਸ਼ੁਰੂ ਹੋ ਗਈ ਹੈ। ਆਪਣੇ ਜਥੇਬੰਦਕ ਢਾਂਚੇ ਵੱਲ ਧਿਆਨ ਨਾ ਦੇਣ, ਪਾਰਟੀ ਵਿੱਚ ਅੰਦਰੂਨੀ ਜਮਹੂਰੀਅਤ ਦੀ ਕਮੀ ਅਤੇ ਲਗਾਤਾਰ ਵਧ ਰਹੀ ਫੁੱਟ ਦੇ ਉੱਠ ਰਹੇ ਸਵਾਲਾਂ ਵੱਲ ਧਿਆਨ ਨਾ ਦੇਣ ਕਾਰਨ ਲੋਕਾਂ ਦਾ ਮੋਹ 'ਆਪ' ਤੋਂ ਭੰਗ ਹੋਣ ਲੱਗਾ ਹੈ। ਪੰਜਾਬ ਵਿੱਚ ਅਕਾਲੀ ਦਲ ਅਤੇ ਕਾਂਗਰਸ ਉਮੀਦ ਦੇ ਮੁਤਾਬਕ ਇੱਕ- ਇੱਕ ਸੀਟ ਹਾਸਲ ਕਰਨ ਵਿੱਚ ਕਾਮਯਾਬ ਰਹੇ। ਚੋਣ ਨਤੀਜਿਆਂ ਨਾਲ ਪੰਜਾਬ ਕਾਂਗਰਸ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦੀ ਸਥਿਤੀ ਕਮਜ਼ੋਰ ਹੋਈ ਹੈ ਕਿਉਂਕਿ ਉਨ੍ਹਾਂ ਨੇ ਤਲਵੰਡੀ ਸਾਬੋ ਵਿੱਚ ਜ਼ੋਰਦਾਰ ਚੋਣ ਮੁਹਿੰਮ ਚਲਾਈ ਸੀ। ਕਾਂਗਰਸ ਤੋਂ ਅਸਤੀਫ਼ਾ ਦੇ ਕੇ ਅਕਾਲੀ ਦਲ ਦੀ ਗੱਡੀ ਵਿੱਚ ਸਵਾਰ ਹੋਏ ਜੀਤ ਮੋਹਿੰਦਰ ਸਿੰਘ ਸਿੱਧੂ ਨੇ 46 ਹਜ਼ਾਰ ਤੋਂ ਵੀ ਵੱਡੇ ਫ਼ਰਕ ਨਾਲ ਇਹ ਚੋਣ ਜਿੱਤ ਲਈ ਹੈ। ਅਕਾਲੀ ਦਲ ਨੂੰ 29 ਸਾਲ ਬਾਅਦ ਇਸ ਸੀਟ ਉੱਤੇ ਜਿੱਤ ਮਿਲੀ ਹੈ। ਇਸ ਦੇ ਮੱਦੇਨਜ਼ਰ ਬਾਜਵਾ ਨੂੰ ਹਟਾਉਣ ਲਈ ਮੁੜ ਦਬਾਅ ਸ਼ੁਰੂ ਹੋਣ ਦੇ ਆਸਾਰ ਹਨ। ਪਟਿਆਲਾ ਦੀ ਸੀਟ ਉੱਤੇ ਅਕਾਲੀ ਦਲ ਵੱਲੋਂ ਹਿੰਦੂ ਉਮੀਦਵਾਰ ਉੱਤੇ ਲਗਾਇਆ ਗਿਆ ਦਾਅ ਵੀ ਕੰਮ ਨਹੀਂ ਆਇਆ ਅਤੇ ਸ਼ਾਹੀ ਪਰਿਵਾਰ ਆਪਣੀ ਸੀਟ ਬਚਾਉਣ ਵਿੱਚ ਕਾਮਯਾਬ ਹੋ ਗਿਆ ਹੈ। ਇਨ੍ਹਾਂ ਨਤੀਜਿਆਂ ਨੂੰ ਅਕਾਲੀ ਅਤੇ ਕਾਂਗਰਸ ਦੋਵੇਂ ਹੀ ਆਪੋ-ਆਪਣੀ ਜਿੱਤ ਦੇ ਤੌਰ ਉੱਤੇ ਪੇਸ਼ ਕਰ ਰਹੇ ਹਨ। ਸਿਆਸੀ ਆਗੂਆਂ ਨੂੰ ਇਹ ਗੱਲ ਸਮਝਣੀ ਹੋਵੇਗੀ ਕਿ ਲੋਕਾਂ ਦੀਆਂ ਸਮੱਸਿਆਵਾਂ ਵੱਲ ਗੰਭੀਰ ਉਪਰਾਲੇ ਕੀਤੇ ਬਿਨਾਂ ਉਨ੍ਹਾਂ ਦੇ ਸਥਾਈ ਸਹਿਯੋਗ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਪਿਛਲੇ ਤਿੰਨ ਮਹੀਨਿਆਂ ਦੀਆਂ ਚੋਣਾਂ ਦੇ ਨਤੀਜੇ ਸਭ ਸਿਆਸੀ ਪਾਰਟੀਆਂ ਲਈ ਇਹ ਸੰਕੇਤ ਦੇਣ ਲਈ ਕਾਫ਼ੀ ਹਨ।

**ਪਰਮਜੀਤ ਸਿੰਘ ਬੜਿੰਗ**

## ਐਸੋਸੀਏਸ਼ਨ ਆਫ ਸੀਨੀਅਰਜ਼ ਕਲੱਬਜ਼

# ਨਿਸ਼ਕਾਮ ਸੇਵਾ ਲਈ ਵਚਨਵੱਧ ਸੰਸਥਾ



ਬਜ਼ੁਰਗਾਂ ਦੀ ਸੰਸਥਾ ਐਸੋਸੀਏਸ਼ਨ ਆਫ ਸੀਨੀਅਰਜ਼ ਕਲੱਬਜ਼ ਸੀਨੀਅਰਜ਼ ਦੀਆਂ ਸਮੱਸਿਆਵਾਂ ਅਤੇ ਬਿਹਤਰੀ ਲਈ ਇਕ ਪ੍ਰਤੀਬੱਧ ਸੰਸਥਾ ਹੈ। ਇਸ ਦਾ ਗਠਨ ਸਾਲ 2013 ਵਿਚ ਕੀਤਾ ਗਿਆ ਜਿਸ ਵਿਚ ਬਰੈਂਪਟਨ ਦੀਆਂ ਬਹੁਤ ਸਾਰੀਆਂ ਸੀਨੀਅਰਜ਼ ਕਲੱਬਾਂ ਦੇ ਨੁਮਾਇੰਦੇ ਸ਼ਾਮਲ ਹਨ। ਇਸਦੇ ਮੁੱਖ ਉਦੇਸ਼ ਸੀਨੀਅਰਜ਼ ਦੀਆਂ ਵੱਖ-ਵੱਖ ਲੈਵਲ ਦੀਆਂ ਸਮੱਸਿਆਵਾਂ ਨੂੰ ਸੂਚੀਬਧ ਕਰਨਾ ਅਤੇ ਉਨ੍ਹਾਂ ਦੇ ਹੱਲ ਲਈ ਢੁਕਵੇਂ ਉਪਰਾਲੇ ਕਰਨਾ ਸ਼ਾਮਲ ਹੈ। ਇਹ ਮੁਸ਼ਕਿਲਾਂ ਸਮਾਜਕ ਵੀ ਹਨ ਅਤੇ ਰਾਜਨੀਤਕ ਵੀ ਹਨ। ਸੰਸਥਾ ਦੇ ਗਠਨ ਸਮੇਂ ਕਈ ਵਿਰੋਧਾਂ ਦਾ ਟਾਕਰਾ ਕਰਨਾ ਪਿਆ। ਇਕ ਸੋਚ ਇਹ ਸੀ ਕਿ ਸੰਸਥਾ ਬਣਨੀ ਜ਼ਰੂਰ ਚਾਹੀਦੀ ਹੈ ਪਰ ਪ੍ਰਧਾਨਗੀ ਸਾਡੇ ਹੱਥ ਹੋਣੀ ਚਾਹੀਦੀ ਹੈ। ਦੂਸਰੀ ਸੋਚ ਇਹ ਸੀ ਕਿ ਕਨੇਡਾ ਵਿਚ 3-3 ਲੱਖ ਵਾਲੀਆਂ ਸੰਸਥਾਵਾਂ ਪਹਿਲੋਂ ਹੀ ਹਨ, ਇਕ ਹੋਰ ਦੀ ਕੀ ਲੋੜ ਹੈ। ਤੀਸਰੀ ਸੋਚ ਸੀ ਕਿ ਇਸਦਾ ਵਿਧਾਨ ਬਹੁਤ ਸਾਰੇ ਵਿਧਾਨਾਂ ਦਾ ਅਰਕ ਕੱਢਕੇ ਵਕੀਲਾਂ ਕੋਲੋਂ ਤਿਆਰ ਕਰਵਾਇਆ ਜਾਵੇ। ਅੱਠ ਦਸ ਮੈਂਬਰਾਂ ਨੇ ਕਾਫੀ ਵਾਬੋਲਾ ਵੀ ਕੀਤਾ ਜਿਨ੍ਹਾਂ ਵਿਚੋਂ ਬਹੁਤਿਆਂ ਨੂੰ ਇਹ ਵੀ ਨਹੀਂ ਸੀ ਪਤਾ ਕਿ ਵਿਧਾਨ ਹੁੰਦਾ ਕਿਸ ਚਿੜੀਆ ਕਾ ਨਾਮ ਹੈ। ਦੂਰ ਅੰਦੇਸ਼ੀ ਅਤੇ ਸੂਝ-ਬੂਝ ਨਾਲ ਇਹ ਸਭ ਸਮੱਸਿਆਵਾਂ ਹੱਲ ਕਰ ਲਈਆਂ ਗਈਆਂ ਅਤੇ ਵਾਬੋਲਾ ਕਰਨ ਵਾਲੇ ਵੀ ਸਰਗਰਮੀ ਨਾਲ ਸੰਸਥਾ ਵਿਚ ਕੰਮ ਕਰ ਰਹੇ ਹਨ। ਸੂਚੀਬਧ ਕੀਤੀਆਂ ਮੰਗਾਂ ਵਿਚੋਂ ਵਿਸ਼ੇਸ਼ ਹਨ:

1. **ਫੈਡਰਲ ਪੱਧਰ ਉਪਰ:** ਇਕ ਲੱਖ ਡਾਲਰ ਫਾਰਨ ਜਾਇਦਾਦ ਲਿਮਟ ਨੂੰ ਅਜ ਦੇ ਹਿਸਾਬ ਉਪਰ ਚੁਕਣਾ ਜਾਂ ਫਾਰਨ ਇਨਕਮ ਦੀ ਕੋਈ ਘਟੋ ਘਟ ਲਿਮਟ ਫਿਕਸ ਕਰਨਾ।

2. ਆਪਣੇ ਮੁਲਕ ਤੋਂ ਵਾਪਸੀ ਸਮੇਂ 10,000 ਡਾਲਰ ਜੇਬ ਵਿਚ ਲੈਕੇ ਆਉਣ ਵਾਲੀ ਰਾਸ਼ੀ ਨੂੰ ਅੱਜ ਦੇ ਹਿਸਾਬ ਉਪਰ ਚਕਣਾ

3. 10 ਸਾਲ ਸਟੇਅ ਤੋਂ ਪਹਿਲਾਂ 65 ਸਾਲਾ ਸੀਨੀਅਰਜ਼ ਨੂੰ ਕੋਈ ਹੋਰ ਭੱਤਾਂ ਦੇਣ ਦੀ ਵਿਵਸਥਾ ਕਰਨਾ। ਜਾਂ ਇਕੁਅਲ ਰਾਈਟਸ ਦੀ ਧਾਰਾ ਅਨੁਸਾਰ ਸਭ ਨੂੰ 65 ਸਾਲ ਦੀ ਉਮਰ ਤੋਂ ਪੈਨਸ਼ਨ ਦੇਣਾ।

4. 3500 ਡਾਲਰ ਕੰਮ ਦੀ ਇਨਕਮ ਨੂੰ ਹਰ ਤਰ੍ਹਾਂ ਦੀ ਇਨਕਮ ਵਿਚ ਤਬਦੀਲ ਕਰਨਾ ਜਿਸ ਨਾਲ ਜੀ ਆਈ ਐਸ ਭੱਤੇ ਉਪਰ ਅਸਰ ਨਾ ਪਵੇ।

5. ਪੀ ਆਰ ਕਾਰਡ ਨੂੰ ਲੈਂਡਿੰਗ ਪੇਪਰ ਦੀ ਤਰ੍ਹਾਂ ਲੈਂਦਿਆ ਇਸ ਦੀ ਨਵਿਆਉਣ ਦੀ ਸ਼ਰਤ ਬੰਦ ਕਰਨਾ। ਜਾਂ ਨਵਿਆਉਣ ਦੀ ਮਿਆਦ 5 ਸਾਲ ਨੂੰ ਵਧਾਕੇ 10 ਸਾਲ ਕਰਨਾ।

1. **ਸੂਬਾਈ ਪੱਧਰ ਉਪਰ** : ਦੋ ਡਾਲਰ ਡਰੱਗ ਪਲੈਨ ਦੀ 24175 (ਮੀਆਂ ਬੀਵੀ) ਅਤੇ 16108 (ਨਿੱਜੀ) ਡਾਲਰ ਵਾਲੀ ਰਾਸ਼ੀ ਨੂੰ ਉਪਰ ਚੱਕਣਾ। ਦੂਸਰੇ ਪ੍ਰਾਤਾਂ ਵਾਂਗ ਐਨਕਾਂ ਅਤੇ ਦੰਦਾ ਦੀ ਕਵਰੇਜ ਕਰਨਾ।

2. ਫਰੀ ਬੱਸ ਪਾਸ ਜਾਂ ਘਟ ਕੀਮਤ ਉਪਰ ਸਲਾਨਾ ਬੱਸ ਪਾਸ ਦੀ ਵਿਵਸਥਾ ਕਰਨਾ। ਕੁਲ ਜੀਟੀਏ ਵਿਚ ਇਕ ਟਿਕਟ ਨਾਲ ਸਫਰ ਕਰਨ ਦੀ ਵਿਵਸਥਾ ਪੈਦਾ ਕਰਨਾ।

3. ਸਬਸਿਡੀ ਘਰਾਂ ਦੀ ਗੈਰਹਾਜ਼ਰੀ ਦੀ ਮਿਆਦ ਫੈਡਰਲ ਸਰਕਾਰ ਵਾਲੀ ਮਿਆਦ ਨਾਲ ਮੇਲਣਾਂ। ਕੇਂਦਰ ਸਰਕਾਰ 6 ਮਹੀਨੇ ਦੀ ਮੁਲਕ ਵਿਚੋਂ ਗੈਰਹਾਜ਼ਰੀ ਨੂੰ ਜਾਇਜ਼ ਮੰਨਦੀ ਹੈ ਪਰ ਸੂਬਾਈ ਸਰਕਾਰ ਸਬਸਿਡੀ ਵਾਲੇ ਘਰਾਂ ਦੀ ਸਿਰਫ ਤਿੰਨ ਮਹੀਨੇ ਜਾਇਜ਼ ਕਹਿੰਦੀ ਹੈ।

1. **ਸਿਟੀ ਪੱਧਰ ਉਪਰ** : ਬੱਸ ਸਟੈਂਡਾਂ ਉਪਰ ਵਾਸ਼ ਰੂਮਾਂ ਅਤੇ ਸਨੋ ਸ਼ੈਲ੍ਟਰਾਂ ਦੀ ਵਿਵਸਥਾ ਹੋਵੇ। ਪੀਲ ਰਿਜਨ ਦੇ ਸਾਰੇ ਸਕੂਲਾਂ ਵਿਚ ਬਜ਼ੁਰਗਾਂ ਨੂੰ ਸਕੂਲ ਤੋਂ ਬਾਅਦ ਇਕੱਠੇ ਬੈਠਣ ਦੀ ਵਿਵਸਥਾ ਹੋਵੇ। ਇਸ ਖਾਤਰ ਵਾਜਬ ਕਰਾਇਆ ਲਿਆ ਜਾ ਸਕਦਾ ਹੈ।

2. ਬਰਫਾਂ ਦੇ ਮੌਸਮ ਵਿਚ ਜਦ ਟਰੱਕ ਸਫਾਈ ਕਰਦੇ ਹਨ ਤਾਂ ਡਰਾਈਵੇਅ ਬਲਾਕ ਕਰ ਜਾਂਦੇ ਹਨ, ਇਹ ਪ੍ਰੈਕਟਿਸ ਬੰਦ ਹੋਵੇ। ਹਰ ਡਰਾਈਵੇਅ ਨੂੰ ਕਲੀਅਰ ਕਰਨ ਦਾ ਹੁਕਮ ਹੋਵੇ।

3. ਪਾਰਕਾਂ ਵਿਚੀਂ ਸਕੂਲ ਨੂੰ ਜਾਣ ਵਾਲੀਆਂ ਸੜਕਾਂ ਦੀ ਸਫਾਈ ਪਹਿਲ ਦੇ ਅਧਾਰ ਉਪਰ ਹੋਵੇ।

4. ਸਿਟੀ ਦੇ ਰੈਕਰੀਏਸ਼ਨ ਸੈਂਟਰਾਂ ਵਿਚ ਲਿਕਰ ਪਾਰਟੀ ਕਰਨ ਲਈ 150 ਡਾਲਰ ਦੀ ਇੰਸ਼ੋਰੈਂਸ 2010 ਤੋਂ ਲਾਗੂ ਕਰ ਦਿੱਤੀ ਗਈ ਹੈ। ਇਸਦੀ ਜਗਾਹ ਗਾਹਕ ਕੋਲੋਂ ਨੁਕਸਾਨ ਦਾ ਬੌਂਡ ਲਿਆ ਜਾਵੇ ਜੋ ਨੁਕਸਾਨ ਨਾ ਹੋਣ ਦੇ ਕੇਸ ਵਿਚ ਵਾਪਿਸ ਕਰ ਦਿੱਤਾ ਜਾਵੇ।

1. **ਸਕੂਲ ਐਜੂਕੇਸ਼ਨ ਬੋਰਡ ਪੱਧਰ:** ਕਨੇਡਾ ਵਿਚ ਸਕੂਲ ਸਿਰਫ ਮਾਤਾ ਪਿਤਾ ਨੂੰ ਪਹਿਚਾਣਦੇ ਹਨ। ਦਾਦੇ ਦਾਦੀ ਨੂੰ ਨਹੀਂ ਜਦ ਕਿ ਸਕੂਲ ਦੀ ਸਾਰੀ ਜ਼ਿੰਮੇਦਾਰੀ ਬਜ਼ੁਰਗਾਂ ਕੋਲ ਹੁੰਦੀ ਹੈ। ਪੈਰੈਂਟ ਕਨੂੰਨ ਕਲਾਜ਼ ਵਿਚ ਚੇਂਜ ਕੀਤੀ ਜਾਵੇ।

2. ਘਰੇਲੂ ਝਗੜਿਆਂ ਸਮੇਂ ਦੋਨੋਂ ਪੇਰੈਂਟ ਨੂੰ ਬੱਚੇ ਬਾਰੇ ਸਾਰੇ ਹੱਕ ਹੁੰਦੇ ਹਨ। ਜਿਸ ਕਾਰਣ ਸੈਪਰੇਸ਼ਨ ਦੌਰਾਨ ਦੋਨੋਂ ਪੇਰੈਂਟ ਬੱਚੇ ਨੂੰ ਆਪਣੀ ਮਰਜ਼ੀ ਦੇ ਸਕੂਲ ਵਿਚ ਲਿਜਾ ਸਕਦੇ ਹਨ ਜਿਸ ਕਾਰਣ ਬਚਾ ਜਜ਼ਬਾਤੀ ਸ਼ੋਸ਼ਣ ਦਾ ਸ਼ਿਕਾਰ ਹੁੰਦਾ ਹੈ। ਇਸ ਤੋਂ ਬਚਣ ਲਈ ਝਗੜੇ ਦੌਰਾਨ ਜੋ ਪੇਰੈਂਟ ਸਕੁਲ ਦੇ ਏਰੀਆਂ ਵਿਚ ਰਹਿ ਰਿਹਾ ਹੋਵੇ, ਉਸਦੀ ਮਰਜ਼ੀ ਨੂੰ ਪਹਿਲ ਦੇਣੀ ਜ਼ਰੂਰੀ ਹੈ ਤਾਂ ਜੋ ਬੱਚਾ ਸਕੂਲ ਤੋਂ ਇਕ ਤਰਫਾ ਤਰੀਕੇ ਨਾਲ ਨਿਕਾਲਿਆ ਨਾ ਜਾ ਸਕੇ।

ਇਨ੍ਹਾਂ ਮੁੱਖ ਕਾਰਜਾਂ ਨੂੰ ਹੱਲ ਕਰਨ ਲਈ 7 ਮੈਂਬਰੀ ਕਾਰਜ ਕਰਨੀ, ਜਨਰਲ ਬਾਡੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਰਗਰਮ ਹੈ। ਪਿਛਲੇ ਸਾਲ 4 ਕੇਂਦਰੀ ਵਿਧਾਇਕਾਂ ਅਤੇ 4 ਸੂਬਾਈ ਵਿਧਾਇਕਾਂ ਨੂੰ ਮੰਗ ਪੱਤਰ ਦਿੱਤੇ ਜਾ ਚੁੱਕੇ ਹਨ। ਇਸ ਸਾਲ ਸਿਟੀ ਨਾਲ ਗੱਲਬਾਤ ਚਲ ਰਹੀ ਹੈ। ਜਿੱਥੇ-ਜਿੱਥੇ ਵੀ ਪਹੁੰਚ ਕੀਤੀ ਜਾਂਦੀ ਹੈ, ਉਸ ਦਾ ਬਕਾਇਦਾ ਫਾਲੋਅਪ ਹੁੰਦਾ ਰਹਿੰਦਾ ਹੈ। ਚੋਣਾਂ ਤੋਂ ਪਹਿਲਾਂ ਵੀ ਅਤੇ ਬਾਅਦ ਵਿਚ ਵੀ ਸੰਸਥਾ ਦਾ ਵਫਦ ਮੇਅਰ, ਰਿਜਨਲ ਕਊਂਸਲਰ, ਕਊਂਸਲਰਜ਼ ਅਤੇ ਸਕੂਲ ਟਰੱਸਟੀਆਂ ਨੂੰ ਮਿਲੇਗਾ। ਇਸ ਦੀ ਸਾਰੀ ਰੂਪ ਰੇਖਾ ਤਿਆਰ ਕੀਤੀ ਜਾ ਚੁੱਕੀ ਹੈ। ਭਾਰਤੀ ਦੂਤਾਵਾਸ ਨਾਲ ਵੀ ਜਨਰਲ ਬਾਡੀ ਵਿਚੋਂ ਸਾਰੀਆਂ ਮੁਸ਼ਕਿਲਾਂ ਦਾ ਵੇਰਵਾ ਲੈਕੇ ਜਲਦੀ ਹੀ ਰਾਫਤਾ ਕੀਤਾ ਜਾ ਰਿਹਾ ਹੈ।

ਇਸ ਤੋਂ ਇਲਾਵਾ ਵੱਖ-ਵੱਖ ਕਿਸਮ ਦੇ ਫਾਰਮ (ਵੀਜਾਂ, ਓਸੀ ਆਈ, ਪਾਸਪੋਰਟ ਅਤੇ ਪੈਨਸ਼ਨ ਵਗੈਰਾ) ਭਰਨ ਵਿਚ ਬਜ਼ੁਰਗਾਂ ਨੂੰ ਕਾਫੀ ਦਿੱਕਤ ਆ ਰਹੀ ਹੈ। ਉਸ ਵਾਸਤੇ ਕੁਝ ਸੱਜਣਾਂ ਦੀ ਡਿਊਟੀ ਲਗਾਈ ਜਾ ਰਹੀ ਹੈ ਜੋ ਹਰ ਤਰੀਕੇ ਮਦਤ ਮੁਹੱਈਆ ਕਰਨਗੇ। ਆਉਣ ਵਾਲੇ ਸਮੇਂ ਵਿਚ ਬਜ਼ੁਰਗਾਂ ਨੂੰ ਐਸੀਆਂ ਮੈਡੀਕਲ ਗੈਜਿਟਸ ਜਿਵੇਂ ਕਰੈਚਿਜ਼, ਆਕਸੀਜਨ ਮਸ਼ੀਨ, ਸੂਜ਼ ਜਾਂ ਪਰੈਸ਼ਰ ਸੌਕਸ ਚਾਹੀਦੇ ਹੋ ਸਕਦੇ ਹਨ, ਇਨ੍ਹਾਂ ਸਭ ਨੂੰ ਰੈਂਟਲ ਸਕੀਮ ਤਹਿਤ ਜ਼ਰੂਰਤਮੰਦਾਂ ਨੂੰ ਮੁਹੱਈਆ ਕਰਾਇਆ ਜਾਵੇਗਾ।

ਸੰਸਥਾ ਦੀ ਵੱਡੀ ਪ੍ਰਾਪਤੀ ਸਸਕਾਰਾਂ ਦਾ ਸਸਤਾ ਬੰਦੋਬਸਤ ਕਰਨਾ ਹੈ। ਹਿੰਦੂ ਸਿੱਖ ਬੇਸਿਕ ਫਿਊਨਰਲ ਸਿਰਫ 1600 ਡਾਲਰ ਵਿਚ ਅਤੇ ਸ਼ਾਹੀ ਫਿਊਨਰਲ ਸਿਰਫ 3500 ਡਾਲਰ ਵਿਚ ਕੀਤਾ ਜਾ ਰਿਹਾ ਹੈ। ਹੁਣ ਤੱਕ 6 ਤੋਂ ਵਧ ਸਸਕਾਰ ਇਸ ਪ੍ਰੋਜੈਕਟ ਅਧੀਨ ਹੋ ਚੁੱਕੇ ਹਨ ਅਤੇ ਸਬੰਧਿਤ ਪ੍ਰੀਵਾਰਾਂ ਨੇ ਸੰਪੂਰਨ ਸੰਤੁਸ਼ਟੀ ਮਹਿਸੂਸ ਕੀਤੀ ਹੈ। ਸਿਰਫ 100 ਡਾਲਰ ਦੇਕੇ ਫਿਊਨਰਲ ਲਈ ਸੰਸਥਾ ਕੋਲ ਰਜਿਸਟਰੇਸ਼ਨ ਕਰਨੀ ਹੁੰਦੀ ਹੈ, ਜਿਸ ਨਾਲ ਬੰਦਾ ਇਸ ਪ੍ਰੋਜੈਕਟ ਦਾ ਭਾਗੀਦਾਰ ਹੋ ਜਾਂਦਾ ਹੈ। ਲੋੜ ਪੈਣ ਉਪਰ ਸਿਰਫ ਇਕ ਫੋਨ ਕਰਨਾ ਹੋਵੇਗਾ, ਬਾਕੀ ਸਾਰਾ ਕੰਮ ਸਬੰਧਿਤ ਕੰਪਨੀ ਨੇ ਆਪੇ ਕਰਨਾ ਹੈ। ਪੈਸੇ ਦੀ ਜਾਂ ਕਿਸੇ ਖਰੀਦੋ ਫਰੋਖਤ ਦੀ ਕੋਈ ਲੋੜ ਬਾਕੀ ਨਹੀਂ ਰਹਿ ਜਾਂਦੀ। ਸਮੇਂ ਨਾਲ ਮਾਰਕੀਟ ਵਿਚ ਹਰ ਚੀਜ਼ ਦੀ ਸਲਾਨਾ ਕੀਮਤ ਵਧਦੀ ਹੈ, ਇਸੇ ਤਰ੍ਹਾਂ ਸਸਕਾਰ ਦੀ ਕੀਮਤ ਵੀ ਵਧ ਸਕਦੀ ਹੈ। ਇਸਤੋਂ ਬਚਣ ਲਈ ਸਾਰੇ ਪੈਸੇ ਅਗਾਊਂ ਦੇਕੇ ਕੀਮਤ ਲੌਕ ਹੋ ਸਕਦੀ ਹੈ। ਫਿਰ ਭਾਵੇਂ 20 ਸਾਲਾਂ ਬਾਅਦ ਸਸਕਾਰ ਕਰੋ ਕੀਮਤ ਉਹੀ ਰਹੇਗੀ ਜੋ ਅੱਜ ਹੈ। ਯਾਦ ਰਹੇ ਕਿ ਸੰਸਥਾ ਇਸ ਕਾਰਜ ਵਿਚ ਸਿਰਫ ਇਕ ਧਿਰ ਨਹੀਂ ਹੈ। ਤਿੰਨ ਧਿਰਾਂ ਹਨ। ਸੰਸਥਾ ਸਿਰਫ ਗਾਹਕ ਦੇਣ ਵਾਲੀ ਧਿਰ ਹੈ, ਬਾਕੀ ਸਾਰਾ ਕੰਮ ਗੋਰਿਆਂ ਦੀਆਂ ਕੰਪਨੀਆਂ ਰਾਹੀਂ ਹੋਣਾ ਹੈ ਜੋ ਇਸ ਅਦਾਰੇ ਵਿਚ ਪਿਛਲੇ 70, 80 ਸਾਲਾਂ ਤੋਂ ਕੰਮ ਕਰ ਰਹੀਆਂ ਹਨ। ਜਿਸ ਕਾਰਨ ਹਰ ਕਿਸਮ ਦੀ ਗਰੰਟੀ ਸ਼ੁਧਾ ਤਸੱਲੀ ਬਣੀ ਰਹੇਗੀ। ਜੇਕਰ ਕਿਸੇ ਮੈਂਬਰ ਦੀ ਮੌਤ ਪੰਜਾਬ ਵਿਚ ਜਾਂ ਕਿਸੇ ਹੋਰ ਮੁਲਕ ਵਿਚ ਹੋ ਜਾਂਦੀ ਹੈ ਤਾਂ ਦਿੱਤਾ 100 ਡਾਲਰ ਅਡਜਸਟ ਕਰਨ ਦੀ ਵਿਵਸਥਾ ਵੀ ਰੱਖੀ ਗਈ ਹੈ। ਸੰਸਥਾ ਇਸ ਸਿਲਸਿਲੇ ਉਨ੍ਹਾਂ ਅਣਜਾਣ ਲੋਕਾਂ ਨੂੰ ਬੇਨਤੀ ਕਰਨਾ ਚਹੁੰਦੀ ਹੈ ਕਿ ਝੂਠੇ ਵਿਖਾਵਿਆਂ ਨੂੰ ਛੱਡ, ਸੰਸਥਾ ਨਾਲ ਜੁੜਨ ਅਤੇ ਲੋਕ ਸੇਵਾ ਦੇ ਭਾਗੀਦਾਰ ਬਣਨ।

ਸੰਸਥਾ ਦੀ ਦੂਸਰੀ ਫਖਰ ਕਰਨ ਵਾਲੀ ਪ੍ਰਾਪਤੀ ਹੈ ਕਿ ਇਸ ਨੇ ਬ੍ਰੈਂਪਟਨ ਵਿਚ ਯੂਨੀਵਰਸਿਟੀ ਦਾ ਚੱਕਣ ਚੱਕਿਆ ਸੀ। ਹਜ਼ਾਰਾਂ ਲੋਕਾਂ ਤੋਂ ਪਟੀਸ਼ਨ ਉਪਰ ਦਸਤਖਤ ਕਰਵਾਕੇ ਵਿਧਾਇਕਾਂ ਨੂੰ ਦਿੱਤੇ ਸਨ। ਫਲਸਰੂਪ ਬ੍ਰੈਂਪਟਨ ਯੂਨੀਵਰਸਿਟੀ ਹੁਣ ਸਿਟੀ ਦੀ ਡਿਮਾਂਡ ਬਣ ਚੁੱਕੀ ਹੈ। ਬਹੁਤ ਆਸ ਕੀਤੀ ਜਾ ਰਹੀ ਹੈ ਕਿ ਲੋਕਾਂ ਦੀ ਮਿਹਨਤ ਫਲ ਲਿਆਏਗੀ ਅਤੇ ਇਕ ਦਿਨ ਬ੍ਰੈਂਪਟਨ ਵਾਸੀ ਆਪਣੇ ਘਰ ਵਿਚ ਯੂਨੀਵਰਸਿਟੀ ਬਣੀ ਵੇਖ ਸਕਣਗੇ। ਇਸ ਯਤਨ ਨਾਲ ਪੀੜ੍ਹੀ-ਦਰ-ਪੀੜ੍ਹੀ ਬੱਚਿਆਂ ਨੂੰ ਲਾਭ ਹੋਵੇਗਾ।

ਸੰਸਥਾ ਦੀ ਤੀਸਰੀ ਮਾਣਯੋਗ ਪ੍ਰਾਪਤੀ, ਗਰਮੀਆਂ ਦੇ ਦਿਨਾਂ ਵਿਚ ਸਸਤੇ ਰੇਟਾਂ ਉਪਰ, ਸੈਰ ਸਪਾਟੇ ਲਈ ਬੱਸਾਂ ਦਾ ਬੰਦੋਬਸਤ ਕਰਨਾ ਹੈ। ਇਸ ਸੀਜਨ ਵਿਚ ਬਹੁਤ ਸਾਰੀਆਂ ਕਲੱਬਾਂ ਨੇ ਇਸ ਸਕੀਮ ਦਾ ਫਾਇਦਾ ਉਠਾਇਆ ਹੈ। ਸੰਸਥਾ ਖੁਦ ਵੀ ਟਰਿਪਾਂ ਦਾ ਬੰਦੋਬਸਤ ਕਰਦੀ ਹੈ, ਜਿਸ ਵਿਚ ਸਭ ਬਜ਼ੁਰਗਾਂ ਨੂੰ ਖੁੱਲਾ ਸੱਦਾ ਹੁੰਦਾ ਹੈ ਕਿ ਉਹ ਭਾਵੇਂ ਕਿਸੇ ਕਲੱਬ ਦੇ ਮੈਂਬਰ ਹਨ ਜਾਂ ਨਹੀਂ, ਉਹ ਸਾਰੇ ਇਸ ਸਕੀਮ ਦਾ ਫਾਇਦਾ ਚੁੱਕ ਸਕਦੇ ਹਨ। ਮੈਂਬਰ ਕਲੱਬਾਂ ਦੀ ਕੋਈ ਮਜ਼ਬੂਰੀ ਨਹੀਂ ਕਿ ਉਹ ਜ਼ਰੂਰ ਹੀ ਸੰਸਥਾ ਰਾਹੀਂ ਬੱਸ ਲੈਣ ਸਿਰਫ ਪਤਾ ਜ਼ਰੂਰ ਕਰ ਲੈਣ ਕਿ ਸੰਸਥਾ ਦਾ ਕੀ ਰੇਟ ਹੈ। ਅਮੂਮਨ ਸੰਸਥਾ ਦਾ ਰੇਟ ਘਟ ਹੁੰਦਾ ਹੈ ਕਿਉਂਕਿ ਉਨ੍ਹਾਂ ਨੂੰ ਬਲਕ ਡਿਸਕਾਊਂਟ ਰੇਟ ਉਪਰ ਬੱਸਾਂ ਮਿਲਦੀਆਂ ਹਨ। ਸੰਸਥਾ ਦੀਆਂ ਚੰਗੀਆਂ ਗਤੀਵਿਧੀਆਂ ਵੇਖ ਬਹੁਤ ਸਾਰੇ ਸਮਾਜ ਸੇਵੀ ਲੋਕ ਸੰਸਥਾ ਨਾਲ ਜੁੜਨਾ ਲੋਚਦੇ ਹਨ। ਉਨ੍ਹਾਂ ਸਭ ਲਈ ਸੱਦਾ ਹੈ, ਤਾਂ ਜੋ ਉਹ ਆਪਣਾ ਕਾਰਜ ਵਧੇਰੇ ਪ੍ਰਭਾਵੀ ਤਰੀਕੇ ਕਰ ਸਕਣ। ਜਾਣਕਾਰੀ ਲਈ ਫੋਨ ਹੈ, ਪਰਮਜੀਤ ਸਿੰਘ ਬੜਿੰਗ ਅਤੇ ਅਜੀਤ ਸਿੰਘ ਰੱਖੜਾ ਕਰਮ ਵਾਰ 905 913 2775 ਅਤੇ 905 794 7882


**Avon Accounting & Tax Services**

Personal Tax Returns (T1)
Self Employed
Taxi Business

Corporate Tax Returns (T2)
GST / Payrolls / ROE
WCB Returns

Tax Planning & Advisory Services
Weekends/Evenings Services also available.

Tel: 403-561-9011
Tel: 403-479-4220
Pandher_2004@yahoo.com or singhh73@gmail.com



**ਕਾਮਾਗਾਟਾ ਮਾਰੂ ਦੀ ਸ਼ਤਾਬਦੀ ਮੌਕੇ ਸਮਾਗਮ**

ਇਸ ਮੌਕੇ ਨਾਟਕ, ਸਕਿੱਟਾਂ ਅਤੇ ਕਵਿਤਾਵਾਂ ਦੀ ਪੇਸ਼ਕਾਰੀ ਹੋਵੇਗੀ। ਇਸ ਤੋਂ ਇਲਾਵਾ ਤਰਕਸ਼ੀਲ ਸਾਥੀ ਵੱਲੋਂ ਬੱਚਿਆਂ ਲਈ ਜਾਦੂ ਦੀਆਂ ਟਰਿੱਕਾਂ ਵੀ ਪੇਸ਼ ਕੀਤੀਆਂ ਜਾਣਗੀਆਂ।



ਸਤੰਬਰ 21, 2014 (2:30 pm)
ਜੁਬਲੀ ਹਾਲ
173, Talbot Ave., Winnipeg

ਟਿਕਟ - 5 ਡਾਲਰ

ਅੰਮ੍ਰਿਤਪਾਲ ਕੰਗ 204-218-3852
ਹਰਨੇਕ ਧਾਲੀਵਾਲ 204-488-6960
ਜਗਮੋਹਣ ਢੁੱਡੀਕੇ 204-421-1523

ਪੰਜਾਬੀ ਸਾਹਿਤ ਅਤੇ ਸੱਭਿਆਚਾਰਕ ਸਭਾ ਵਿਨੀਪੈੱਗ

## ਕਾਮਾਗਾਟਾ ਮਾਰੂ ਦਾ ਦੁਖਾਂਤ ਦਾ ਸਾਕਾ

# .ਗ਼ਦਰ ਪਾਰਟੀ ਦੀ ਪਹਿਲੀ ਕੁਰਬਾਨੀ ਕਰਕੇ ਜਾਣਿਆ ਜਾਣ ਵਾਲਾ ਕਾਂਡ



**ਹਰਕੇਸ਼ ਚੌਧਰੀ**

23 ਮਈ 1914 ਨੂੰ ਵੈਨਕੂਵਰ ਦੀ ਬੰਦਰਗਾਹ ’ਤੇ ਪੁੱਜ ਕੇ 23 ਜੁਲਾਈ 1914 ਤੱਕ ਸਮੁੰਦਰੀ ਪਾਣੀਆਂ ਵਿਚ ਖੜ੍ਹੇ ਕਾਮਾਗਾਟਾ ਮਾਰੂ ਨੇ ਪੰਜਾਬੀਆਂ ਦੇ ਦਿਲਾਂ ਅੰਦਰ ਮੁਕਾਮਾਂ ਦੇ ਜੀਵਨ ਬਾਰੇ ਕੁਝ ਸਵਾਲ ਖੜ੍ਹੇ ਕਰ ਦਿੱਤੇ ਸਨ। ਇਸ ਨਸਲਵਾਦੀ ਵਿਤਰਕੇ ਨੇ ਕਿਸੇ ਹੱਦ ਤੱਕ ਪੰਜਾਬੀਆਂ ਦੀ ਮਾਨਸਿਕਤਾ ਨੂੰ ਝੰਜੋੜਿਆ। ਜਹਾਜ਼ ਦੇ ਮੁਸਾਫ਼ਿਰਾਂ ਦੇ ਮਨਾਂ ਅੰਦਰ ਸਵਾਲ ਪੈਦਾ ਹੋਏ ਸਨ। ਜਿਹੜੇ ਮੁਸਾਫਿਰ ਕੈਨੇਡਾ ਦੀ ਧਰਤੀ ਵੱਲ ਚੰਗੀ ਜ਼ਿੰਦਗੀ ਬਣਾਉਣ ਦਾ ਸੁਪਨਾ ਲੈ ਕੇ ਤੁਰੇ ਸਨ ਉਨ੍ਹਾਂ ਵਿਚੋਂ ਬਹੁਤਿਆਂ ਦੇ ਮਨਾਂ ਵਿਚ ਮੈਲਕਮ ਹੀਡ ਅਤੇ ਹਾਪਕਿਨਸਨ ਵਰਗੇ ਪਰਵਾਸ ਅਧਿਕਾਰੀਆਂ ਦੇ ਨਸਲਵਾਦੀ ਵਿਤਕਰੇ ਕਰਕੇ, ਜ਼ਿੰਦਗੀ ਬਣਾਉਣ ਦੀ ਬਜਾਏ ਜ਼ਿੰਦਗੀ ਦੇਸ਼ ਦੇ ਲੇਖੇ ਲਾਉਣ ਦਾ ਵਿਚਾਰ ਰੂਪੀ ਬੀਜ ਪੁੰਗਰਨ ਲੱਗ ਪਿਆ ਸੀ। ਇਹ ਗੱਲ ਵੀ ਠੀਕ ਹੈ ਕਿ ਬਾਬਾ ਗੁਰਦਿੱਤ ਸਿੰਘ ਇਕ ਵਪਾਰੀ ਆਦਮੀ ਸੀ। ਵਪਾਰਕ ਨਜ਼ਰੀਏ ਨਾਲ ਹੀ ਉਨ੍ਹਾਂ ਨੇ ਕਾਮਾਗਾਟਾ ਮਾਰੂ ਜਹਾਜ਼ ਹਾਂਗਕਾਂਗ ਤੋਂ ਤੋਰਿਆ ਸੀ। ਇਸ ਜਹਾਜ਼ ਵਿਚ ਉਨ੍ਹਾਂ ਨੇ 1500 ਟਨ ਦੇ ਕਰੀਬ ਕੋਲਾ ਵੀ ਲੱਦਿਆ ਹੋਇਆ ਸੀ। ਧੰਨ ਕਮਾਉਣ ਲਈ, ਪਰ ਜਦੋਂ ਜਹਾਜ਼ ਨੂੰ ਵੈਨਕੂਵਰ ਦੇ ਪਾਣੀਆਂ ਵਿਚ ਡੱਕ ਲਿਆ ਗਿਆ ਤਾਂ ਇਹ ਕੈਨੇਡਾ ਦੇ ਹਿੰਦੀਆਂ ਨੇ ਕੌਮੀ ਅਣਖ ਦੇ ਸਵਾਲ ਵਜੋਂ ਲਿਆ। ਇਸ ਲਈ ਜਹਾਜ਼ ਵਿਚ ਰਾਸ਼ਨ ਪਾਣੀ ਦੀ ਕਮੀ ਦੂਰ ਕਰਨ ਲਈ ਅਤੇ ਹੋਰ ਆਰਥਿਕ ਸੰਕਟ ਹੱਲ ਕਰਨ ਲਈ 21 ਮਈ 1914 ਨੂੰ ਖਾਲਸਾ ਦੀਵਾਨ ਸੁਸਾਇਟੀ ਅਤੇ ਯੂਨਾਈਟਿਡ ਇੰਡੀਆ ਲੀਗ ਦੇ ਸੱਦੇ ’ਤੇ 700 ਭਾਰਤੀ ਇਕੱਠੇ ਹੋਏ ਤੇ 60000 ਹਜ਼ਾਰ ਡਾਲਰ ਇਕੱਠਾ ਕਰ ਦਿੱਤਾ। ਜਹਾਜ਼ ਨੂੰ ਪਾਣੀਆਂ ਵਿਚ ਡੱਕੇ ਰੱਖਣਾ ਹਿੰਦੀਆਂ ਨੇ ਅਪਮਾਨ ਵਜੋਂ ਲਿਆ ਸੀ। ਹਿੰਦੀਆਂ ਦੇ ਇਸ ਕੌਮੀ ਅਪਮਾਨ ਨੇ ਮੁਰਦਾ ਰੂਹਾਂ ਵੀ ਜਗਾ ਦਿੱਤੀਆਂ ਸਨ। ਇਹ ਲਹਿਰ ਦੇ ਤਾਪ ਅਤੇ ‘ਗਦਰ’ ਅਖ਼ਬਾਰ ਦੇ ਪ੍ਰਚਾਰ ਨੇ ਹਿੰਦੀਆਂ ਨੂੰ ਮਾਰਨ ਮਰਨ ਉਤੇ ਲੈ ਆਂਦਾ ਸੀ। ਜਹਾਜ਼ ਵਿਚਲੇ ਮੁਸਾਫ਼ਿਰਾਂ ਤੱਕ ਸਮੇਂ ਸਮੇਂ ਸਾਹਿਲ ਕਮੇਟੀ ਦੇ ਯਤਨਾਂ ਸਦਕਾ ‘ਗਦਰ’ ਅਖ਼ਬਾਰ ਤੇ ਹੋਰ ਗਦਰੀ ਸਾਹਿਤ ਪਹੁੰਚ ਰਿਹਾ ਸੀ। “ਗ਼ਦਰੀ ਗੂੰਜਾਂ ਦੀ ਕਵਿਤਾ’ ਦੇਸ਼ ਪੈਣ ਧੱਕੇ ਬਾਹਰ ਮਿਲੇ ਢੋਈ ਨਾ ਸਾਡਾ ਪਰਦੇਸੀਆਂ ਦਾ ਦੇਸ਼ ਕੋਈ ਨਾ।” ਨੇ ਕਾਮਾਗਾਟਾ ਮਾਰੂ ਦੇ ਮੁਸਾਫਿਰਾਂ ਦੀ ਰੂਹ ਨੂੰ ਹਲੂਣਾ ਦਿੱਤਾ ਸੀ ਜਿਸ ਸਦਕਾ ਹੀ ਉਨ੍ਹਾਂ ਵਿਚੋਂ ਬਹੁਤ ਸਾਰੇ ਜਿਨ੍ਹਾਂ ਅੰਦਰ ਅਜ਼ਾਦੀ ਦੀ ਚਿਣਗ ਲਗ ਗਈ ਸੀ। ਉਨ੍ਹਾਂ ਜਾਨਾਂ ਦੀ ਅਹੂਤੀ ਦਿੱਤੀ ਜੇਲ੍ਹਾਂ ਕੱਟੀਆਂ ਕਾਲੇਪਾਣੀ ਵੀ ਗਏ ਬਾਬਾ ਗੁਰਮੁਖ ਸਿੰਘ ਲਲਤੋਂ ਵਰਗੇ। ਹਰਨਾਮ ਸਿੰਘ ਗੁੱਜਰਵਾਲ, ਟਹਿਲ ਸਿੰਘ ਤੇ ਬਜਬਜ ਘਾਟ ਸਾਕੇ ਦੇ ਮੁੱਖ ਦੋਸ਼ੀ ਅਫ਼ਸਰ ਈਸਟਵੁਡ ਨੂੰ ਮੌਕੇ ’ਤੇ ਫੁੰਡਣ ਵਾਲਾ ਮੁਨਸ਼ਾ ਸਿੰਘ ਅੰਬਾਲਾ ਪ੍ਰਮੁੱਖ ਸਨ। ਜਦੋਂ ਵੈਨਕੂਵਰ ਵਿਖੇ ਵੀ ਮੈਲਕਮ ਰੀਡ ਤੇ ਹਾਪਕਿਨਸਨ ਨੇ ਕਾਮਾਗਾਟਾ ਮਾਰੂ ਨੂੰ ਵੈਨਕੂਵਰ ਦੇ ਪਾਣੀਆਂ ਵਿਚੋਂ ਬਾਹਰ ਕੱਢਣ ਲਈ ਸਮੁੰਦਰੀ ਸ਼ੇਰ ਜਹਾਜ਼ ਲਿਆ ਕੇ ਕਾਮਾਗਾਟਾ ਮਾਰੂ ਨੂੰ ਖਿੱਚਣ ਲੱਗਿਆ ਤਾਂ ਮੁਸਾਫਿਰਾਂ ਨੇ ਬੀਂਡੀ ਜਹਾਜ਼ ਦਾ ਰੱਸਾ ਵੱਢ ਦਿੱਤਾ ਤੇ ਗੋਲੀਆਂ ਦੇ ਮੁਕਾਬਲੇ ਵਿਚ ਕੋਲੇ ਵਰਾਹੁਣੇ ਸ਼ੁਰੂ ਕਰ ਦਿੱਤੇ। ਹਾਲਾਂਕਿ ਬਾਬਾ ਗੁਰਦਿੱਤ ਸਿੰਘ ਇਸ ਲੜਾਈ ਦੇ ਹੱਕ ਵਿਚ ਨਹੀਂ ਸਨ। ਉਨ੍ਹਾਂ ਨੇ ਬੜੀ ਕੋਸ਼ਿਸ਼ ਕੀਤੀ ਕਿ ਪੁਲਿਸ ਮੁਕਾਬਲਾ ਨਾ ਹੋਵੇ। ਪਰ ਮੁਸਾਫਿਰਾਂ ਨੂੰ ਐਨਾ ਗੁੱਸਾ ਚੜ੍ਹਿਆ ਹੋਇਆ ਸੀ ਕਿ ਉਹ ਆਪਣੀਆਂ ਜਾਨਾਂ ਤਲੀ ’ਤੇ ਰੱਖ ਕੇ ਆਪਣਾ ਗੁਬਾਰ ਕੱਢਣ ਲਈ ਤੁਲੇ ਹੋਏ ਸਨ। ਉਨ੍ਹਾਂ ਨੇ ਲੜਾਈ ਤੋਂ ਪਹਿਲਾਂ ਜਿਥੇ ਜਹਾਜ਼ ਦੇ ਅਮਲੇ ਨੂੰ ਕੋਠੜੀਆਂ ਵਿਚ ਬੰਦ ਕਰ ਲਿਆ, ਉਥੇ ਬਾਬਾ ਗੁਰਦਿੱਤ ਸਿੰਘ ਨੂੰ ਵੀ ਇਕ ਕਮਰੇ ਵਿਚ ਡੱਕ ਕੇ ਬਾਹਰੋਂ ਜੰਦਰਾ ਮਾਰ ਦਿੱਤਾ ਜੋ ਕਾਮਾਗਾਟਾ ਦੇ ਬਹਾਦਰ ਜਾਂਬਾਜ ਯੋਧਿਆਂ ਨੇ ਇਸ ਲੜਾਈ ਰਾਹੀਂ ਸਾਮਰਾਜੀਆਂ ਨੂੰ ਪਿਸੂ ਪਾ ਦਿੱਤੇ ਸਨ। ਮੁਸਾਫਿਰਾਂ ਵਿਚੋਂ ਬਹੁਤਿਆਂ ਵਿਚ ਰਾਜਨੀਤਕ ਚੇਤੰਨਾ ਪੈਦਾ ਹੋ ਗਈ ਸੀ। ਇਸ ਗੱਲ ਨੂੰ ਸਾਮਰਾਜ ਨੇ ਵੀ ਸੁੰਘ ਲਿਆ ਸੀ। ਇਸੇ ਕਰਕੇ ਜਹਾਜ਼ ਦੇ ਕਲਕੱਤੇ ਪਹੁੰਚਣ ਤੋਂ ਪਹਿਲਾਂ ਹੀ ਹਿੰਦੂ ਸਰਕਾਰ ਨੇ ਫੈਸਲਾ ਕਰ ਲਿਆ ਸੀ। ਕਿ ਇਨ੍ਹਾਂ ਮੁਸਾਫਰਾਂ ਨੂੰ ਕਲਕੱਤੇ ਵਿਚ ਖੁੱਲ੍ਹਾ ਨਾ ਫਿਰਨ ਦਿੱਤਾ ਜਾਵੇ। ਇਹ ਲੋਕ ਸਰਕਾਰ ਦੇ ਖਿਲਾਫ਼ ਲੋਕਾਂ ਨੂੰ ਭੜਕਾਉਣਗੇ। ਸੋ ਇਨ੍ਹਾਂ ਨੂੰ ਆਉਂਦਿਆਂ ਹੀ ਗ੍ਰਿਫ਼ਤਾਰ ਕਰ ਲਿਆ ਜਾਵੇ, ਜੇ ਕਾਮਾਗਾਟਾ ਮਾਰੂ ਦੇ ਮੁਸਾਫਿਰ ਰਾਜਸੀ ਤੌਰ ’ਤੇ ਚੇਤੰਨ ਨਾ ਹੋਏ ਹੁੰਦੇ ਤਾਂ ਸਰਕਾਰ ਤੇ ਸਾਮਰਾਜ ਨੂੰ ਏਨੀ ਭਾਜੜ ਨਾ ਪੈਂਦੀ। ਉਨ੍ਹਾਂ ਵਿਚੋਂ ਬਹੁਤ ਮੁਸਾਫਿਰ ਜਿੰਦ ਤਲੀ ’ਤੇ ਧਰਕੇ ਜਿੰਦ ਦੇਸ਼ ਦੇ ਲੇਖੇ ਲਾਉਣ ਦੇ ਰਾਹ ਤੁਰ ਪਏ ਸਨ। ਸੋ ਹੁਣ ਉਨ੍ਹਾਂ ਨੂੰ ‘ਗਦਰ’ ਅਖ਼ਬਾਰ ਤੇ ਗ਼ਦਰ ਸਾਹਿਤ ਵਿਚ ਛਪੇ ਵਿਚਾਰਾਂ ਦੀ ਸਮਝ ਆਉਣੀ ਸ਼ੁਰੂ ਹੋ ਗਈ ਸੀ ਕਿ ਮੁਲਕ ਵਿਚੋਂ ਭੁੱਖਮਰੀ, ਗਰੀਬੀ, ਅਨਪੜ੍ਹਤਾ ਆਦਿ ਨੂੰ ਖਤਮ ਕਰਨ ਦਾ ਇਕੋ ਇਕ ਰਾਹ ਹਿੰਦੋਸਤਾਨ ਦੀ ਆਜ਼ਾਦੀ ਹੈ। ਉਹ ਮੁਸਾਫਿਰ ਜੋ ਜਾਣ ਵੇਲੇ ਪਾਠ ਪੂਜਾ, ਗਿਆਨ ਧਿਆਨ ਤੇ ਪ੍ਰਮਾਤਮਾ ਅੱਗੇ ਅਰਜੋਈਆਂ ਕਰਨ ਦੇ ਆਦੀ ਸਨ। ਮੁੜਦਿਆਂ ਉਨ੍ਹਾਂ ਨੂੰ ਪਤਾ ਚਲ ਗਿਆ ਕਿ ਜਿਸ ਦਾ ਨਾਂ ਦੇਸ਼ ਉਹਦਾ ਦੀਨ ਨਾ ਧਰਮ ਕੋਈ, ਉਹਨਾਂ ਮਨ ਬਣ ਲਿਆ ਸੀ ਕਿ ਉਹ ਹੁਣ ਗ਼ਦਰੀਆਂ ਦੀ ਸਾਥ ਦੇਣ ਲਈ ਮੈਦਾਨ ਵਿਚ ਨਿਤਰਾਂਗੇ। ਉਹ ਵਾਪਸੀ ਤੇ ਗ਼ਦਰੀ ਗੂੰਜਾਂ ਕਵਿਤਾ ਅਕਸਰ ਬੋਲਦੇ

“ਗ਼ਦਰ ਪਾਰਟੀ ਬੀੜਾ ਚੁੱਕਿਆ,
ਹਿੰਦ ਆਜ਼ਾਦ ਕਰਾਵਣ ਦਾ
ਆਓ, ਭਾਈਓ ਗ਼ਦਰ ਮਚਾਈਏ ਵੇਲਾ
ਨਹੀਂ ਖੁੰਝਾਵਣ ਦਾ।”

ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫਿਰਾਂ ਨੇ ਗ਼ਦਰ ਪਾਰਟੀ ਦੇ ਸਾਹਿਤ ਨਾਲ ਸਾਂਝ ਪਾ ਲਈ ਸੀ। ਗ਼ਦਰ ਪਾਰਟੀ ਨੇ ਵੀ ਜਹਾਜ਼ ਦੇ ਵੈਨਕੂਵਰ ਪਹੁੰਚਣ ਦੇ ਸਫ਼ਰ ਤੋਂ ਲੈ ਕੇ ਜਹਾਜ਼ ਦੀ ਵਾਪਸੀ ਦੇ ਸਫ਼ਰ ਤੱਕ ਕਾਮਾਗਾਟਾ ਮਾਰੂ ਦੇ ਮੁਸਾਫਿਰਾਂ ਨਾਲ ਰਾਬਤਾ ਬਣਾ ਕੇ ਰੱਖਿਆ, ਸਭ ਤੋਂ ਪਹਿਲਾਂ ਜਪਾਨ ਦੀ ਯੋਕਾਹਾਮਾਂ ਬੰਦਰਗਾਹ ਤੇ ਭਗਵਾਨ ਸਿੰਘ ਤੇ ਬਰਕਤ ਉੱਲਾ ਮੁਸਾਫਿਰਾਂ ਨੂੰ ਮਿਲੇ ਤੇ ਗ਼ਦਰ ਸਾਹਿਤ ਮੁਸਾਫ਼ਿਰਾਂ ਨੂੰ ਦੇ ਕੇ ਗਏ ਫਿਰ ਵੈਨਕੂਵਰ ਵਿਖੇ ਸਾਹਿਲ, ਕਮੇਟੀ ਦੇ ਭਾਈ ਭਾਗ ਸਿੰਘ, ਹਸਨ ਰਹੀਮ ਦੇ ਯਤਨਾਂ ਸਦਕਾ ਗ਼ਦਰ ਪਾਰਟੀ ਦਾ ਸਾਹਿਤ ਮੁਸਾਫਿਰਾਂ ਤੱਕ ਖਾਣ ਪੀਣ ਦੇ ਸਮਾਨ ਵਿਚ ਲਕੋ ਕੇ ਪਹੁੰਚਾਇਆ ਜਾਂਦਾ ਰਿਹਾ। ਜਹਾਜ਼ ਦੇ ਮੁਸਾਫਿਰਾਂ ਨੂੰ ਹਥਿਆਰ ਵੀ ਪਹੁੰਚਾਉਣੇ ਸਨ। ਜਿਨ੍ਹਾਂ ਨੂੰ ਅਮਰੀਕਾ ਤੋਂ ਭਾਈ ਭਾਗ ਸਿੰਘ, ਭਾਈ ਬਲਵੰਤ ਸਿੰਘ, ਬਾਬੂ ਹਰਨਾਮ ਸਿੰਘ ਸਾਹਰੀ ਤੇ ਮੇਵਾ ਸਿੰਘ ਲੋਪੋਕੇ ਲੈ ਕੇ ਆਉਂਦੇ ਕੈਨੇਡਾ ਦੀ ਸਰਹੱਦ ’ਤੇ ਫੜੇ ਗਏ ਸਨ ਪਰ ਫੇਰ ਵੀ ਜਹਾਜ਼ ਦੇ ਮੁਸਾਫਿਰਾਂ ਤੱਕ ਵਾਪਸੀ ਤੇ ਯੋਕੋਹਾਮਾ ਵਿਚ ਗ਼ਦਰ ਪਾਰਟੀ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਨੇ ਉਚੇਚਾ ਪਹੁੰਚ ਕੀਤੀ ਸੀ। ਅੰਗਰੇਜ਼ੀ ਸਾਮਰਾਜ ਦੇ ਖਿਲਾਫ਼ ਭਖੇ ਹੋਏ ਇਨ੍ਹਾਂ ਮੁਸਾਫਿਰਾਂ ਨੂੰ ਹਿੰਦੋਸਤਾਨ ਜਾ ਕੇ ਅੰਗਰੇਜ਼ੀ ਰਾਜ ਦੇ ਉਲਟਾਉਣ ਲਈ ਲੜਾਈ ਦਾ ਹਿੱਸਾ ਬਣਨ ਲਈ ਗ਼ਦਰ ਪਾਰਟੀ ਵਲੋਂ ਦੋ ਸੌ ਪਿਸਤੌਲ ਤੇ ਦੋ ਹਜ਼ਾਰ ਗੋਲੀਆਂ ਤੇ ਸਾਹਿਤ ਦੇ ਕੇ ਗਏ, ਇਹ ਮੁਸਾਫਿਰਾਂ ਦੀ ਗ਼ਦਰ ਪਾਰਟੀ ਨਾਲ ਸਾਂਝ ਦਾ ਹੀ ਇਕ ਚਿੰਨ੍ਹ ਸੀ। ਭਾਵੇਂ ਕਿ ਤਲਾਸ਼ੀ ਦੇ ਡਰ ਤੋਂ ਇਹ ਸਾਰਾ ਸਾਹਿਤ ਤੇ ਹਥਿਆਰ ਸਮੁੰਦਰ ਵਿਚ ਸੁੱਟਣਾ ਪਿਆ ਸੀ। ਸੋ ਇਉਂ ਕਾਮਾਗਾਟਾ ਮਾਰੂ ਦਾ ਦੁਖਾਂਤ ਗ਼ਦਰ ਪਾਰਟੀ ਦੀ ਸਭ ਤੋਂ ਪਹਿਲੀ ਕੁਰਬਾਨੀ ਕਰਕੇ ਜਾਣਿਆ ਜਾਂਦਾ ਹੈ।

ਕਾਮਾਗਾਟਾ ਮਾਰੂ ਦੀਆਂ ਸ਼ਹਾਦਤਾਂ ਨੇ ਕੁਝ ਹੱਦ ਤੱਕ ਪੰਜਾਬੀਆਂ ਦੇ ਦਿਲ ਹਿਲਾ ਦਿੱਤੇ ਸਨ।

ਪ੍ਰਦੇਸ਼ਾਂ ਵਿਚ ਵਸਦੇ ਪੰਜਾਬੀਆਂ ਨੂੰ ਇਸ ਦੁਖਾਂਤ ਕਾਰਨ ਬੜਾ ਧੱਕਾ ਲੱਗਾ। ਉਹਨਾਂ ਹੁਣ ਸਭ ਭਰਮ ਭੁਲੇਖੇ ਛੱਡ ਗ਼ਦਰ ਪਾਰਟੀ ਦੇ ਝੰਡੇ ਹੇਠ ਇਕੱਠੇ ਹੋਣਾ ਸ਼ੁਰੂ ਕਰ ਦਿੱਤਾ ਸੀ। ਕਾਮਾਗਾਟਾ ਮਾਰੂ ਦੀ ਘਟਨਾ ਪੰਜਾਬੀਆਂ ਦੇ ਦਿਲਾਂ ਅੰਦਰ ਚਿਣਗ ਲਾਉਣ ਵਾਲੀ ਪਹਿਲੀ ਘਟਨਾ ਸੀ।

**ਲੋਕ ਕਲਾ ਮੰਚ (ਰਜਿ.)**
**ਮੁੱਲਾਂਪੁਰ**

## ਸਲਾਨਾ ਤਰਕਸ਼ੀਲ਼ ਮੇਲੇ ਦੀਆਂ ਤਿਆਰੀਆਂ ਜਾਰੀ

ਅੰਧਵਿਸ਼ਵਾਸ਼ਾਂ ਤੋਂ ਮੁਕਤੀ ਦਿਵਾਉਣ ਅਤੇ ਵਿਗਿਆਨਕ ਚੇਤਨਾ ਦਾ ਪ੍ਰਸਾਰ ਕਰਨ ਹਿੱਤ ਲਗਾਤਾਰ ਲੰਮੇ ਅਰਸੇ ਤੋਂ ਕੰਮ ਕਰਦੀ ਆ ਰਹੀ ਤਰਕਸ਼ੀਲ ਸਭਿਆਚਾਰਕ ਸੁਸਾਇਟੀ ਆਫ਼ ਕੈਨੇਡਾ ਰਜਿ: ਹਰ ਸਾਲ ਤਰਕਸ਼ੀਲ ਸਭਿਆਚਾਰਕ ਪ੍ਰੋਗਰਾਮ ਕਰਦੀ ਹੈ। ਇਸ ਵਾਰ ਦਾ 10ਵਾਂ ਸਲਾਨਾ ਪ੍ਰੋਗਰਾਮ ਕਾਮਾਗਾਟਾਮਾਰੂ ਸ਼ਤਾਬਦੀ ਨੂੰ ਸਮਰਪਿਤ ਹੋਵੇਗਾ। ਇਸ ਸਬੰਧੀ ਤਿਆਰੀਆਂ ਪੂਰੇ ਜੋਰਾਂ ਸ਼ੋਰਾਂ ਨਾਲ ਚੱਲ ਰਹੀਆ ਹਨ। ਇਸ ਵਾਰ ਦੇ ਪ੍ਰੋਗਰਾਮ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਗਿਆ ਹੈ। ਪਹਿਲਾ ਪ੍ਰੋਗਰਾਮ 21 ਸਤੰਬਰ 2014 ਦਿਨ ਐਤਵਾਰ, ਐਬਸਫੋਰਡ (ਐਬੀ) ਆਰਟ ਸੈਂਟਰ ਵਿੱਚ 1 ਵਜੇ ਦੁਪਹਿਰ ਤੋਂ 5 ਵਜੇ ਸ਼ਾਮ ਤੱਕ ਹੋਵੇਗਾ। ਇਸ ਪ੍ਰੋਗਰਾਮ ਵਿੱਚ ਗੁਰਦੀਪ ਭੁੱਲਰ ਆਰਟ ਅਕੈਡਮੀ ਵੱਲੋਂ ਤਿਆਰ ਕੀਤਾ ਨਾਟਕ ‘ਕਾਮਾਗਾਟਾਮਾਰੂ’ ਪੇਸ਼ ਕੀਤਾ ਜਾਵੇਗਾ ਇਸ ਤੋਂ ਇਲਾਵਾ ਸਕਿੱਟ ‘ਹੈਲੋ ਕੈਨੇਡਾ’ ਜਾਦੂ ਦੇ ਟ੍ਰਿਕ ਅਤੇ ਗੀਤ ਸੰਗੀਤ ਪੇਸ਼ ਕੀਤਾ ਜਾਵੇਗਾ। ਇਸ ਪ੍ਰੋਗਰਾਮ ਦੀ ਕੋਈ ਟਿਕਟ ਨਹੀਂ ਹੋਵੇਗੀ। ਦੂਸਰਾ ਤਰਕਸ਼ੀਲ ਸਭਿਆਚਾਰਕ ਪ੍ਰੋਗਰਾਮ ਮਿਤੀ 13 ਅਕਤੂਬਰ 2014 ਦਿਨ ਸੋਮਵਾਰ (ਲੌਂਗ ਵੀਕ ਐਂਡ) ਦੁਪਹਿਰ 2 ਵਜੇ ਤੋਂ 5.30 ਤੱਕ ਬੈੱਲ ਆਰਟ ਸੈਂਟਰ 6250-144 ਸਟ੍ਰੀਟ ਸਰੀ ਵਿਖੇ ਹੋਵੇਗਾ ਇਸ ਪ੍ਰੋਗਰਾਮ ਵਿੱਚ ਗੁਰਦੀਪ ਆਰਟ ਅਕੈਡਮੀ ਵੱਲੋਂ ਤਿਆਰ ਕੀਤਾ ਨਾਟਕ ‘ਵੱਡਾ ਘਰ’ ਤੇ ਸਕਿੱਟ ਹੈਲੋ ਕੈਨੇਡਾ, ਜਾਦੂ ਦੇ ਟ੍ਰਿਕ ਅਤੇ ਗੀਤ ਸੰਗੀਤ ਪੇਸ਼ ਕੀਤਾ ਜਾਵੇਗਾ। ਇਸ ਪ੍ਰੋਗਰਾਮ ਦੀ ਟਿਕਟ ਪ੍ਰਤੀ ਸੀਟ ਦਸ ਡਾਲਰ ਹੋਵੇਗੀ। ਇਨ੍ਹਾਂ ਦੋਹਾਂ ਹੀ ਪ੍ਰੋਗਰਾਮਾਂ ਦੇ ਮੁੱਖ ਮਹਿਮਾਨ ਪ੍ਰੋ: ਸੁਰਿੰਦਰ ਧੰਜਲ ਯੂਨੀਵਰਸਿਟੀ ਆਫ਼ ਕੈਮਲੂਪਸ ਆਪਣੇ ਵਿਚਾਰ ਪੇਸ਼ ਕਰਨਗੇ ਅਤੇ ਕਾਮਾਗਾਟਾਮਾਰੂ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣਗੇ। ਪ੍ਰੋਗਰਾਮਾਂ ਦੀ ਵਧੇਰੇ ਜਾਣਕਾਰੀ ਲਈ ਜਗਰੂਪ ਧਾਲੀਵਾਲ ਪ੍ਰਧਾਨ ਐਬਸਫੋਰਡ 778-908-7785 ਅਤੇ ਗੁਰਮੇਲ ਗਿੱਲ ਸਕੱਤਰ ਸਰੀ 778-708-5785 ਨਾਲ ਸੰਪਰਕ ਕੀਤਾ ਜਾਵੇ।



# "ਸੁੱਤੇ ਸੁੱਤੇ ਪਾਣੀਆਂ ਨੂੰ ਦੇਖਣ ਲਈ ਕੈਲਗਰੀ ਦਾ ਉਮੜਿਆ ਜਨ ਸੈਲਾਬ"








**ਮਾ: ਭਜਨ ਕੈਲਗਰੀ**

6ਵੇਂ ਤਰਕਸ਼ੀਲ ਮੇਲੇ ਤੇ ਕੈਲਗਰੀ ਦੇ ਲੋਕਾਂ ਨੇ ਪ੍ਰੌਗਰੈਸਿਵ ਕਲਚਰ ਐਸੋਸੀਏਸ਼ਨ ਦੇ ਪ੍ਰਬੰਧਕਾਂ ਨੂੰ ਸੋਚਣ ਲਾਇਆ ਕਿ ਅਗਲੇ ਸਾਲਾਂ ਦੇ ਮੇਲਿਆਂ ਤੇ ਵੱਡੇ ਹਾਲ ਦਾ ਪ੍ਰਬੰਧ ਕਰਨ, ਨਹੀਂ ਤਾਂ ਦਰਸ਼ਕ ਸਾਂਭੇ ਨਹੀਂ ਜਾ ਸਕਣੇ। ਇਸ ਵਾਰ ਦਾ ਸਮਾਗਮ ਵੀ ਬੜੇ ਹੀ ਸੁਚੱਜੇ ਢੰਗ ਨਾਲ ਇਕ ਗੁਲਦਸਤੇ ਦੇ ਫੁੱਲਾਂ ਵਾਂਗ ਸਜਾਇਆ ਹੋਇਆ ਸੀ। ਪ੍ਰੌਗਰੈਸਿਵ ਕਲਚਰ ਐਸੋਸੀਏਸ਼ਨ ਦੇ ਸਕੱਤਰ ਮਾ. ਭਜਨ ਸਿੰਘ ਨੇ ਸਹੀ ਸਮੇਂ 'ਤੇ ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਦਰਸ਼ਕਾਂ ਨੂੰ ਜੀ ਆਇਆਂ ਆਖਿਆ ਤੇ ਕਾਮਾਗਾਟਾ ਮਾਰੂ ਦੇ ਮੁਸਾਫਿਰਾਂ ਨੂੰ ਯਾਦ ਕੀਤਾ ਜਿਨ੍ਹਾਂ ਨਸਲੀ ਵਿਤਕਰੇ ਖਿਲਾਫ਼ ਇਕ ਜੰਗ ਦਾ ਆਗਾਜ਼ ਕੀਤਾ ਸੀ। ਉਨ੍ਹਾਂ ਮੁਸਾਫਿਰਾਂ ਦੀ ਕੁਰਬਾਨੀ ਨੂੰ ਵੀ ਸਿਜਦਾ ਕੀਤਾ ਜਿਨ੍ਹਾਂ ਆਜ਼ਾਦੀ ਦੇ ਸੰਗਰਾਮ ਵਿਚ ਆਪਣਾ ਬਣਦਾ ਯੋਗਦਾਨ ਪਾਇਆ ਸੀ। ਉਨ੍ਹਾਂ ਜਥੇਬੰਦੀ ਦੇ ਪ੍ਰਧਾਨ ਸੋਹਣ ਮਾਨ ਨੂੰ ਪ੍ਰਧਾਨਗੀ ਸ਼ਬਦ ਕਹਿਣ ਲਈ ਬੁਲਾਇਆ। ਇਸ ਤੋਂ ਬਾਅਦ ਲੋਕ ਕਲਾ ਮੰਚ (ਰਜਿ.) ਮੰਡੀ ਮੁੱਲਾਂਪੁਰ ਦੇ ਨਿਰਦੇਸ਼ਕ ਹਰਕੇਸ਼ ਚੌਧਰੀ ਦੀ ਨਿਰਦੇਸ਼ਨਾ ਹੇਠ ਨਾਟਕ 'ਸੁੱਤੇ ਸੁੱਤੇ ਪਾਣੀਆਂ ਵਿਚ ਆ ਗਿਆ ਉਬਾਲ" ਖੇਡਿਆ ਗਿਆ। ਨਾਟਕ ਨੇ ਦਰਸ਼ਕਾਂ ਦੇ ਲੂੰ ਰੌਂਘਟੇ ਖੜ੍ਹੇ ਕਰ ਦਿੱਤੇ, ਲੋਕਾਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਕਿ ਉਨ੍ਹਾਂ "ਮੁਸਾਫਿਰਾਂ ਦਾ ਨਸਲੀ ਵਿਤਕਰੇ ਖਿਲਾਫ਼ ਲੜਿਆ ਸੰਘਰਸ਼ ਅੱਜ ਦੇ ਸਮੇਂ ਲਈ ਵੀ ਕਿੰਨਾ ਸਾਰਥਿਕ ਸੀ। ਇਸ ਨਾਟਕ ਵਿਚ ਕੈਲਗਰੀ ਦੇ ਕਲਾਕਾਰਾਂ ਨੇ ਅਦਾਕਾਰੀ ਦੇ ਕਮਾਲ ਦਿਖਾਏ ਜਿਨ੍ਹਾਂ ਵਿਚ ਕਮਲਪ੍ਰੀਤ ਪੰਧੇਰ, ਨਵਕਿਰਨ ਢੁਡੀਕੇ, ਜਸਵਿੰਦਰ ਜੱਸ, ਜਸ਼ਨਪ੍ਰੀਤ ਗਿੱਲ, ਪੈਰੀ ਮਾਹਲ, ਸੁਖਵੀਰ ਗਰੇਵਾਲ, ਕਮਲ ਸਿੱਧੂ, ਸੁਰਿੰਦਰ ਢਿੱਲੋਂ, ਜਰਨੈਲ ਤੱਗੜ, ਅਜਮੇਰ ਰੰਧਾਵਾ, ਮਾ. ਧਰਮ ਸਿੰਘ, ਗੁਰਿੰਦਰ ਬਰਾੜ ਅਤੇ ਹਰਕੇਸ਼ ਚੌਧਰੀ ਆਦਿ ਨੇ ਬੜੀ ਜਾਨਦਾਰ ਅਦਾਕਾਰੀ ਕੀਤੀ। ਨਾਟਕ ਦੀ ਪੇਸ਼ਕਾਰੀ ਤੋਂ ਬਾਅਦ ਜਸਵੀਰ ਮੰਗੂਵਾਲ ਨੇ ਦੇਸ਼ ਭਗਤਾਂ ਨੂੰ ਸਮੱਰਪਿਤ ਇਕ ਕਵਿਤਾ ਪੇਸ਼ ਕੀਤਾ। ਸ੍ਰ. ਭਗਤ ਸਿੰਘ ਦੀ ਸੋਚ 'ਤੇ ਆਧਾਰਿਤ ਕੋਰੀਓਗ੍ਰਾਫ਼ੀ 'ਮੇਰੇ ਵੀਰ ਭਗਤ ਸਿੰਘ ਸ਼ੇਰਾ ਵੇ' ਪੇਸ਼ ਕੀਤੀ ਗਈ ਜਿਸ ਦਾ ਸੁਨੇਹਾ ਬੜਾ ਸਪਸ਼ਟ ਸੀ ਕਿ ਭਗਤ ਸਿੰਘ ਦਾ ਨਾਂ ਅੱਜ ਦੇ ਨੇਤਾ ਵੇਚ ਰਹੇ ਹਨ ਪਰ ਉਸਦੇ ਫਲਸਫੇ ਅਤੇ ਸੋਚ 'ਤੇ ਬਿਲਕੁਲ ਨਹੀਂ ਖੜ੍ਹਦੇ। ਕੋਰੀਓਗ੍ਰਾਫ਼ੀ ਦੀ ਪੇਸ਼ਕਾਰੀ ਵਿਚ ਭੈਣਾਂ ਦੀ ਭੂਮਿਕਾ ਨਿਭਾਉਂਦੀਆਂ ਬੱਚੀਆਂ ਨੇ ਦਰਸ਼ਕਾਂ ਦੀਆਂ ਅੱਖਾਂ ਨਮ ਕਰਾ ਦਿੱਤੀਆਂ। ਇਸ ਕੋਰੀਓਗ੍ਰਾਫ਼ੀ ਵਿਚ ਹਰਲੀਨ ਗਰੇਵਾਲ, ਚੰਨਪ੍ਰੀਤ ਮੁੰਜਾਲ, ਕਮਲਪ੍ਰੀਤ ਪੰਧੇਰ, ਜੈਸੀ ਮੁੰਜਾਲ, ਨਵਕਿਰਨ ਢੁਡੀਕੇ ਦੀ ਅਦਾਕਾਰੀ ਬਾ ਕਮਾਲ ਸੀ। ਪ੍ਰੋਗਰਾਮ ਸਿਖਰ ਵੱਲ ਵੱਧ ਰਿਹਾ ਸੀ। ਇਸ ਮੌਕੇ 'ਤੇ ਲੋਕ ਕਲਾ ਮੰਚ (ਰਜਿ.) ਮੰਡੀ ਮੁੱਲਾਂਪੁਰ ਵਲੋਂ ਗੁਰਸ਼ਰਨ ਕਲਾ ਭਵਨ ਮੁੱਲਾਂਪੁਰ ਦੀ ਮਦਦ ਕਰਨ ਵਾਲੀਆਂ ਸ਼ਖਸੀਅਤਾਂ, ਜਿਨ੍ਹਾਂ ਮੁੱਲਾਂਪੁਰ ਪਹੁੰਚ ਕੇ ਮਦਦ ਕੀਤੀ ਉਨ੍ਹਾਂ ਦਾ ਮਾਣ ਸਨਮਾਨ ਕੀਤਾ ਗਿਆ। ਇਸ ਲਈ ਮਾ. ਭਜਨ ਸਿੰਘ, ਸੋਹਣ ਮਾਨ, ਗੁਰਬਚਨ ਬਰਾੜ, ਕਮਲਪ੍ਰੀਤ ਪੰਧੇਰ ਅਤੇ ਹਰਕੇਸ਼ ਚੌਧਰੀ ਨੇ ਪ੍ਰਸ਼ੰਸਾ ਪੱਤਰ ਦਿੱਤੇ। ਇਹ ਸਨਮਾਨ ਪੱਤਰ ਸ੍ਰ. ਹਰਬਖਸ਼ ਸਿੰਘ ਸਰੋਆ, ਹਰਚਰਨ ਪਰਹਾਰ ਸਿੱਖ ਵਿਰਸਾ, ਇੰਜ. ਗੁਰਦਿਆਲ ਖਹਿਰਾ, ਸੁਰਿੰਦਰ ਢਿੱਲੋਂ, ਜਸਵੰਤ ਸੇਖੋਂ, ਗੋਪਾਲ ਜੱਸਲ, ਜਸਵਿੰਦਰ ਜੱਸਲ, ਗ਼ਦਰ ਸ਼ਤਾਬਦੀ ਕਮੇਟੀ ਅਮਨਦੀਪ ਸਿੱਧੂ ਯੰਗ ਭੰਗੜਾ ਕਲੱਬ, ਜਸਵੰਤ ਗਿੱਲ ਆਦਿ ਨੂੰ ਦਿੱਤੇ ਗਏ। ਇਸ ਤੋਂ ਤੁਰੰਤ ਬਾਅਦ ਪੇਸ਼ ਹੋਏ ਨਾਟਕ 'ਟੋਆ' ਨੇ ਦਰਸ਼ਕਾਂ ਨੂੰ ਹਸਾ ਹਸਾ ਕੇ ਲੋਟ ਪੋਟ ਕਰ ਦਿੱਤਾ ਤੇ ਸੁਨੇਹਾ ਵੀ ਦਿੱਤਾ ਕਿ ਭਾਰਤ ਦੀ ਗਰੀਬ ਜਨਤਾ ਦੀ ਪੁਕਾਰ ਕੌਣ ਸੁਣੇ? ਨਾਟਕ ਦੀ ਪੇਸ਼ਕਾਰੀ ਤੋਂ ਬਾਅਦ ਪ੍ਰਬੰਧਕਾਂ ਦੀ ਜ਼ਿੰਮੇਵਾਰੀ ਨਿਭਾਉਂਦੀਆਂ ਜਥੇਬੰਦਕ ਔਰਤ ਪ੍ਰਬੰਧਕਾਂ ਦਾ ਸਨਮਾਨ ਕੀਤਾ ਗਿਆ ਜਿਸ ਵਿਚ ਸੁਰਿੰਦਰ ਗਿੱਲ, ਦਰਸ਼ਨ ਜੱਸਲ, ਜਗਦੇਵ ਕੌਰ ਪੰਧੇਰ, ਵਿਦਿਆ ਭੈਣ ਜੀ, ਸੁਖਜੀਵਨ ਗਿੱਲ ਆਦਿ ਦਾ ਸਨਮਾਨ ਕਾ. ਜੀਤਇੰਦਰ ਪਾਲ ਦੁਆਰਾ ਕੀਤਾ ਗਿਆ। ਅਗਲਾ ਪ੍ਰੋਗਰਾਮ ਕੈਲਗਰੀ ਦੇ ਬੱਚਿਆਂ ਵਲੋਂ ਤਿਆਰ ਕੀਤੀ ਕੋਰੀਓਗ੍ਰਾਫ਼ੀ ਨੇ ਮਾਦਾ ਭਰੂਣ ਹੱਤਿਆ 'ਤੇ ਡੂੰਘੀ ਗੱਲ ਆਖੀ। ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਮਾ. ਭਜਨ ਸਿੰਘ ਨੇ ਨਿਭਾਈ। ਉਨ੍ਹਾਂ ਸਮੁੱਚੇ ਮੀਡੀਏ ਦਾ ਸਹਿਯੋਗ ਲਈ ਧੰਨਵਾਦ ਕੀਤਾ। ਜਥੇਬੰਦੀ ਨੇ ਉਚੇਚੇ ਰੂਪ ਵਿਚ ਬੇਹੱਦ ਸਹਿਯੋਗ ਦੇਣ ਲਈ ਸੁਖਵੀਰ ਗਰੇਵਾਲ, ਗੁਰਬਚਨ ਬਰਾੜ, ਰੁਪਿੰਦਰਪਾਲ ਪੰਧੇਰ, ਗੁਰਪਿਆਰ ਗਿੱਲ ਦਾ ਵਿਸ਼ੇਸ਼ ਰੂਪ ਵਿਚ ਧੰਨਵਾਦ ਕੀਤਾ। ਗੋਪਾਲ ਜੱਸਲ, ਭਜਨ ਸਿੰਘ, ਹਰਕੇਸ਼ ਚੌਧਰੀ ਨੇ ਬੱਚਿਆਂ ਦਾ ਸਨਮਾਨ ਕੀਤਾ। ਇਸ ਮੌਕੇ 'ਤੇ ਗੁਰਪ੍ਰੀਤ ਸਿੰਘ ਪੱਤਰਕਾਰ ਵੈਨਕੂਵਰ ਨੇ ਕਾਮਾਗਾਟਾ ਮਾਰੂ ਬਾਰੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਅੱਜ ਵੀ ਉਸੇ ਤਰ੍ਹਾਂ ਦੀਆਂ ਸਮੱਸਿਆਵਾਂ ਖੜ੍ਹੀਆਂ ਹਨ। ਹਾਲ ਪੂਰਾ ਖਚਾਖਚ ਭਰਿਆ ਹੋਇਆ ਸੀ। ਪ੍ਰਗਤੀਸ਼ੀਲ ਕਿਤਾਬਾਂ ਦੀ ਪ੍ਰਦਰਸ਼ਨੀ ਸ੍ਰੀਮਤੀ ਸੁਰਿੰਦਰ ਕੌਰ ਗਿੱਲ ਵਲੋਂ ਲਗਾਈ ਗਈ। ਅੰਤ ਪ੍ਰੌਗਰੈਸਿਵ ਕਲਚਰ ਐਸੋਸੀਏਸ਼ਨ ਦੇ ਸਕੱਤਰ ਮਾ. ਭਜਨ ਸਿੰਘ ਨੇ ਸਹਿਯੋਗੀ ਜਥੇਬੰਦੀਆਂ, ਮੀਡੀਆ ਅਤੇ ਦਰਸ਼ਕਾਂ ਦਾ ਸਹਿਯੋਗ ਲਈ ਧੰਨਵਾਦ ਕੀਤਾ ਤੇ ਅਗਲੇ ਸਾਲ ਦੁਬਾਰਾ ਮਿਲਣ ਦਾ ਵਾਅਦਾ ਲਿਆ।




## ਸੰਤ ਰਾਮ ਉਦਾਸੀ ਵਿਸ਼ੇਸ਼ ਅੰਕ



ਅਦਾਰਾ 'ਸਰੋਕਾਰਾਂ ਦੀ ਆਵਾਜ਼' ਵਲੋਂ ਜਲਦੀ ਹੀ ਸੰਤ ਰਾਮ ਉਦਾਸੀ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ ਜਿਸ ਵਿਚ ਸੰਤ ਰਾਮ ਉਦਾਸੀ ਦੇ ਜੀਵਨ ਬਾਰੇ ਵਿਸ਼ੇਸ਼ ਲੇਖ, ਕਵਿਤਾਵਾਂ ਆਦਿ ਪ੍ਰਕਾਸ਼ਿਤ ਕੀਤੀਆਂ ਜਾਣਗੀਆਂ। ਸੋ ਆਪ ਨੂੰ ਬੇਨਤੀ ਕਰਦੇ ਹਾਂ ਕਿ ਆਪ ਜਲਦੀ ਹੀ ਉਨ੍ਹਾਂ ਦੇ ਜੀਵਨ ਬਾਰੇ ਛਪਣਯੋਗ ਸਮੱਗਰੀ ਭੇਜਣ ਦੀ ਕ੍ਰਿਪਾਲਤਾ ਕਰੋ।

**HARBANS SINGH**
**416-817-7142**
Email: ppapmg@gmail.com
Website: www.ppapmg.com



Kulwant Singh Pannu
Sales Representative
416.276.1566
k.pannu@hotmail.com
Century 21
Century 21 Green Realty Inc., Brokerage
Bus: 905.565.9565
Fax: 905.565.9522
24 Hour Pager Service
151 Superior Blvd. Unit 19-21
Mississauga ON L5T 1L2
REALTOR
MLS
Buy Green, Build Green...Save Environment!!!
Each office is independently owned and operated.
Trademarks of AIRMILES International Trading B.V. used under license by Loyalty Management Group Canada Inc. and Century 21 Canada Ltd. Partnership

# ਕਾਮਾਗਾਟਾ ਮਾਰੂ ਸੰਗਰਾਮੀਆਂ ਦਾ ਸੁਪਨਾ ਅਜੇ ਅਧੂਰਾ : ਡਾ. ਰਘਬੀਰ ਕੌਰ



ਜਲੰਧਰ : ਕੈਨੇਡਾ ਅਤੇ ਇੰਗਲੈਂਡ ਦੇ ਵੱਖ-ਵੱਖ ਸਮਾਗਮਾਂ ਨੂੰ ਸੰਬੋਧਨ ਕਰਨ ਉਪਰੰਤ ਵਾਪਸ ਪਰਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਡਾ. ਰਘਬੀਰ ਕੌਰ ਨੇ ਦੱਸਿਆ ਕਿ ਕਾਮਾਗਾਟਾ ਮਾਰੂ ਸ਼ਤਾਬਦੀ ਮੌਕੇ ਕੀਤੇ ਜਾ ਰਹੇ ਸਮਾਗਮਾਂ ਦੀ ਲੜੀ ਵਜੋਂ ਪ੍ਰੋਗਰੈਸਿਵ ਪੀਪਲਜ਼ ਫਾਊਂਡੇਸ਼ਨ ਆਫ਼ ਐਡਮਿੰਟਨ (ਪੀ. ਪੀ. ਐਫ. ਈ.) ਵੱਲੋਂ ਉਹਨਾਂ ਨਾਲ ਸੰਵਾਦ ਰਚਾਇਆ ਗਿਆ। ਸਟੇਜ ਸਕੱਤਰ ਦੀ ਭੂਮਿਕਾ ਨਿਭਾਉਂਦਿਆਂ ਪੀ. ਪੀ. ਐਫ. ਈ. ਦੇ ਡਾਇਰੈਕਟਰ ਜਸਵੀਰ ਦਿਉਲ ਨੇ ਹਾਜ਼ਰੀਨ ਨਾਲ ਪੀ. ਪੀ. ਐਫ. ਈ. ਵੱਲੋਂ 2007 ਤੋਂ ਲੈ ਕੇ ਹੁਣ ਤੱਕ ਕਰਵਾਏ ਗਏ ਸਮਾਗਮਾਂ ਤੇ ਸ਼ਹੀਦ ਭਗਤ ਸਿੰਘ ਸਪੋਰਟਸ ਟੂਰਨਾਮੈਂਟ ਬਾਰੇ ਜਾਣਕਾਰੀ ਸਾਂਝੀ ਕੀਤੀ।

ਡਾ. ਰਘਬੀਰ ਕੌਰ ਨੇ ਚਰਚਾ ਦਾ ਆਰੰਭ ਕਰਦਿਆਂ ਕਿਹਾ ਕਿ ਪ੍ਰੋਗਰੈਸਿਵ ਪੀਪਲਜ਼ ਫਾਊਂਡੇਸ਼ਨ ਆਫ਼ ਐਡਮਿੰਟਨ ਵੱਲੋਂ ਦੇਸ਼ ਭਗਤ ਯਾਦਗਰ ਕਮੇਟੀ ਨੂੰ ਦਿੱਤੇ ਜਾ ਰਹੇ ਸਹਿਯੋਗ ਲਈ ਧੰਨਵਾਦੀ ਹੈ। ਉਨ੍ਹਾਂ ਕਿਹਾ ਕਿ ਸੰਸਥਾ ਵੱਲੋਂ ਕਮੇਟੀ ਨੂੰ ਲਾਇਬ੍ਰੇਰੀ ਨੂੰ ਅਤਿ-ਆਧੁਨਿਕ ਬਣਾਉਣ ਲਈ ਕੰਪਿਊਟਰ ਆਦਿ ਖ਼੍ਰੀਦਣ ਲਈ ਕੀਤੀ ਮਦਦ ਅਤੇ ਗ਼ਦਰ ਸ਼ਤਾਬਦੀ ਮੌਕੇ ਛਾਪੀ ਗਈ ਕਿਤਾਬ ਸ਼ਲਾਘਾਯੋਗ ਕਦਮ ਹਨ। ਡਾ. ਰਘਬੀਰ ਕੌਰ ਨੇ ਦੱਸਿਆ ਕਿ ਕਮੇਟੀ ਵੱਲੋਂ ਪੰਜਾਬ ਦੇ ਕਈ ਹਿੱਸਿਆਂ ਵਿੱਚ ਕਾਮਾਗਾਟਾ ਮਾਰੂ ਸ਼ਤਾਬਦੀ ਮੌਕੇ ਸਮਾਗਮ, ਸੈਮੀਨਾਰ, ਨਾਟਕ ਆਦਿ ਕਰਵਾਏ ਜਾ ਰਹੇ ਹਨ। ਵਿਦੇਸ਼ਾਂ ਵਿੱਚ ਵੀ ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ ਦੀ ਦਿਸ਼ਾ ਨਿਰਦੇਸ਼ਨਾ ਹੇਠ ਸਮਾਗਮ ਕੀਤੇ ਜਾ ਰਹੇ ਹਨ।

ਡਾ. ਰਘਬੀਰ ਕੌਰ ਨੇ ਭਾਰਤ ਦੀ ਆਜ਼ਾਦੀ ਦੀ ਲਹਿਰ ਵਿੱਚ ਗ਼ਦਰੀਆਂ ਵੱਲੋਂ ਪਾਏ ਯੋਗਦਾਨ 'ਤੇ ਵਿਸਥਾਰ ਨਾਲ ਚਰਚਾ ਕੀਤੀ ਤੇ ਕਾਮਾਗਾਟਾ ਮਾਰੂ ਦੀ ਦੁਖਾਂਤਕ ਘਟਨਾ ਦੇ ਆਜ਼ਾਦੀ ਦੀ ਲਹਿਰ 'ਤੇ ਪਏ ਸਮਾਜਕ/ਰਾਜਨੀਤਕ ਪ੍ਰਭਾਵਾਂ 'ਤੇ ਚਾਨਣਾ ਪਾਇਆ। ਡਾ. ਰਘਬੀਰ ਕੌਰ ਨੇ ਕਿਹਾ ਕਿ ਬੇਸ਼ੱਕ ਦੇਸ਼ ਭਗਤ ਯਾਦਗਾਰ ਕਮੇਟੀ ਅਤੇ ਹੋਰ ਭਾਰਤੀ ਤੇ ਵਿਦੇਸ਼ੀ ਸੰਸਥਾਵਾਂ ਵੱਲੋਂ ਆਪੋ ਆਪਣੇ ਤਰੀਕਿਆਂ ਨਾਲ ਗ਼ਦਰੀ ਬਾਬਿਆਂ ਅਤੇ ਦੇਸ਼ ਦੀ ਅਜ਼ਾਦੀ ਦੀ ਲੜਾਈ ਵਿੱਚ ਸ਼ਹੀਦ ਹੋਏ ਦੇਸ਼ ਭਗਤਾਂ ਨੂੰ ਸਮੇਂ ਸਮੇਂ 'ਤੇ ਯਾਦ ਕਰਦਿਆਂ ਉਨ੍ਹਾਂ ਦੀ ਸੋਚ ਨੂੰ ਨੌਜਵਾਨ ਪੀੜ੍ਹੀ ਤੱਕ ਪੁਚਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਭਾਰਤ ਸਰਕਾਰ ਵੱਲੋਂ ਜਗ੍ਹਾ ਦੀ ਘਾਟ ਨੂੰ ਕਾਰਨ ਦੱਸਦੇ ਹੋਏ ਸੰਸਦ ਵਿੱਚ ਸ਼ਹੀਦਾਂ ਦੇ ਬੁੱਤ ਲਗਾਉਣ ਤੋਂ ਇਨਕਾਰ ਕੀਤਾ ਜਾ ਰਿਹਾ ਹੈ।

ਡਾ. ਰਘਬੀਰ ਕੌਰ ਨੇ ਕਿਹਾ ਕਿ ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ ਗ਼ਦਰੀਆਂ ਦੀ ਲੜਾਈ ਨੂੰ ਹਰ ਸੰਭਵ ਤਰੀਕੇ ਨਾਲ ਜਾਰੀ ਰੱਖ ਰਹੀ ਹੈ, ਪ੍ਰੰਤੂ ਇਸ ਲੜਾਈ ਵਿੱਚ ਸੁਚੇਤ ਲੋਕਾਂ ਦੇ ਸਹਿਯੋਗ ਦੀ ਹੋਰ ਜ਼ਰੂਰਤ ਹੈ।

ਇਸ ਤੋਂ ਬਾਅਦ ਪੰਜਾਬੀ ਦੇ ਪ੍ਰਸਿੱਧ ਨਾਟਕਕਾਰ ਦਵਿੰਦਰ ਦਮਨ ਨੇ ਰਾਸ਼ਟਰ ਦੀ ਮੁੱਖ ਧਾਰਾ ਦੀ ਜ਼ਿੰਦਗੀ ਵਿੱਚ ਥੀਏਟਰ ਦੀ ਭੂਮਿਕਾ ਬਾਰੇ ਚਾਨਣਾ ਪਾਇਆ। ਉਹਨਾਂ ਦੱਸਿਆ ਕਿ ਥੀਏਟਰ ਨੇ ਕਿਸ ਤਰ੍ਹਾਂ ਆਮ ਬੰਦੇ ਦੇ ਸੰਕਟ ਨੂੰ ਉਭਾਰਿਆ ਹੈ। ਗ਼ਦਰ ਸ਼ਤਾਬਦੀ 2013 ਮੌਕੇ ਪੀ. ਪੀ. ਐਫ਼. ਈ. ਦੀ ਰਹਿਨੁਮਾਈ ਖੇਡੇ ਗਏ ਨਾਟਕ 'ਨਿਸ਼ਾਨ-ਏ-ਗ਼ਦਰ'ਜਿਸ ਨੂੰ ਕੇ ਦਵਿੰਦਰ ਦਮਨ ਨੇ ਲਿਖਿਆ ਤੇ ਨਿਰਦੇਸ਼ਤ ਕੀਤਾ ਸੀ, ਬਾਰੇ ਉਨ੍ਹਾਂ ਆਪਣੇ ਤਜ਼ਰਬੇ ਸਾਂਝੇ ਕੀਤੇ। ਉਨ੍ਹਾਂ ਪ੍ਰੋਗਰੈਸਿਵ ਆਰਟਸ ਐਸੋਸੀਏਸ਼ਨ ਆਫ਼ ਅਲਬਰਟਾ ਵੱਲੋਂ ਕਾਮਾਗਾਟਾ ਮਾਰੂ ਸ਼ਤਾਬਦੀ ਨੂੰ ਸਮਰਪਿਤ ਕਰਵਾਏ ਜਾਣ ਵਾਲੇ ਨਾਟਕ 'ਕਾਮਾਗਾਟਾ ਮਾਰੂ-ਸਫ਼ਰ ਜਾਰੀ ਹੈ...' ਦੇ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ।

ਪ੍ਰੋਗਰਾਮ ਦੇ ਅੰਤ ਵਿੱਚ ਪ੍ਰੋਗਰੈਸਿਵ ਪੀਪਲਜ਼ ਫਾਊਂਡੇਸ਼ਨ ਆਫ਼ ਐਡਮਿੰਟਨ ਦੇ ਪ੍ਰਧਾਨ ਡਾ. ਪੀ. ਆਰ. ਕਾਲੀਆ ਨੇ ਧੰਨਵਾਦ ਕਰਦਿਆਂ ਕਿਹਾ ਕਿ ਸੰਸਥਾ ਨੇ ਗ਼ਦਰ ਸ਼ਤਾਬਦੀ 2013 ਮੌਕੇ ਜਿਸ ਤਰ੍ਹਾਂ ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ ਦੀ ਰਹਿਨੁਮਾਈ ਵਿੱਚ ਕੰਮ ਨੇਪਰੇ ਚਾੜ੍ਹੇ ਹਨ, ਕਾਮਾਗਾਟਾ ਮਾਰੂ ਸ਼ਤਾਬਦੀ 2014 ਮੌਕੇ ਵੀ ਉਸੇ ਸ਼ਿਦਤ ਨਾਲ ਕੰਮ ਕੀਤਾ ਜਾਵੇਗਾ। ਇਸ ਦੇ ਨਾਲ ਹੀ ਸੰਸਥਾ ਜਿਥੋਂ ਤੱਕ ਸੰਭਵ ਹੋਇਆ ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ ਦੀ ਮਦਦ ਕਰਦੀ ਰਹੇਗੀ। ਇਸ ਮੌਕੇ ਮਹਿਮਾਨਾਂ ਨੂੰ ਪ੍ਰੋਗਰੈਸਿਵ ਪੀਪਲਜ਼ ਫਾਊਂਡੇਸ਼ਨ ਆਫ਼ ਐਡਮਿੰਟਨ ਵੱਲੋਂ ਗ਼ਦਰ ਸ਼ਤਾਬਦੀ ਮੌਕੇ ਛਾਪੀ ਗਈ ਕਿਤਾਬ 'ਗ਼ਦਰ ਮੂਵਮੈਂਟ ਐਂਡ ਇੰਡੀਆਜ਼ ਐਂਟੀ ਇੰਪਰੀਅਲਿਸਟ ਸਟਰਗਲ' ਅਤੇ ਨਵੀਂ ਦੁਨੀਆ ਪਬਲੀਕੇਸ਼ਨਜ਼ ਵੱਲੋਂ ਛਾਪੀ ਗਈ ਬਖ਼ਸ਼ ਸੰਘਾ ਦੀ ਕਿਤਾਬ 'ਮਾਂ ਧੀ ਦਾ ਸੰਵਾਦ' ਭੇਂਟ ਕੀਤੀਆਂ ਗਈਆਂ।


ਕੀ ਤੁਸੀਂ ਚਿੰਤਾ ਕਰਦੇ ਹੋ ਕਿ...

- ਬੱਚਿਆਂ ਨੂੰ ਨਸ਼ਿਆਂ ਤੋਂ ਕਿਵੇਂ ਬਚਾਉਣਾ ਹੈ
- ਬੱਚਿਆਂ ਨੂੰ ਸਕੂਲ ਵਿੱਚ ਕਾਮਯਾਬ ਕਿਵੇਂ ਕਰਵਾਉਣਾ ਹੈ
- ਬੱਚਿਆਂ ਨੂੰ ਆਪਣੇ ਸਭਿਆਚਾਰ ਨਾਲ ਕਿਵੇਂ ਜੋੜ ਕੇ ਰੱਖਣਾ ਹੈ
- ਕੈਨੇਡਾ ਵਿੱਚ ਵਧੀਆ ਸੈਟਲ ਕਿਵੇਂ ਹੋਣਾ ਹੈ
- ਪਰਿਵਾਰਕ ਰਿਸ਼ਤਿਆਂ ਨੂੰ ਮਜ਼ਬੂਤ ਕਿਵੇਂ ਕਰਨਾ ਹੈ

ਜੇ ਉਪਰ ਲਿਖੇ ਮੱਸਲਿਆਂ ਬਾਰੇ ਆਪਣੇ ਵਿਚਾਰ ਸਾਂਝੇ ਕਰਨਾ ਚਾਹੁੰਦੇ ਹੋ ਅਤੇ ਜਾਨਣਾ ਚਾਹੁੰਦੇ ਹੋ ਕਿ ਕਿਵੇਂ PCHS ਤੁਹਾਡੇ ਪਰਿਵਾਰ ਨੂੰ ਖੁਸ਼ਹਾਲ, ਸਿਹਤਮੰਦ ਅਤੇ ਕਾਮਯਾਬ ਬਨਾਉਣ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ, ਤਾਂ
ਪੰਜਾਬੀ ਕਮਯੁਨਿਟੀ ਹੈਲਥ ਸਰਵਿਸਿਸ (PCHS) ਵੱਲੋਂ ਕਰਾਏ ਜਾ ਰਹੇ
ਫੈਮਿਲੀ ਫੋਰਮ ਤੇ ਜਰੂਰ ਆਉ

ਸ਼ਨਿਵਾਰ, 4 ਅਕਤੂਬਰ,2014
ਜੈਨੇਸਿਸ ਸੈਂਟਰ ਵਿਖੇ
ਸਵੇਰੇ 9:00 ਤੋਂ 12:30 ਵਜੇ ਤੱਕ
ਪੰਜਾਬੀ ਅਤੇ ਅੰਗਰੇਜੀ ਵਿੱਚ ਸੈਮੀਨਾਰ
12:30 ਤੋਂ 2:00
ਕਮਯੁਨਿਟੀ ਸਰਵਿਸਿਸ ਬਾਰੇ ਜਾਨਕਾਰੀ

ਸਪੀਕਰ
ਹਯੂਮਨ ਸਰਵਿਸਿਸ ਮਿਨਿਸਟਰ ਸਰਦਾਰ ਮਨਮੀਤ ਸਿੰਘ ਭੁੱਲਰ
ਕੀਨੋਟ ਸਪੀਕਰ
ਭਲਦੇਵ ਮੁੱਤਾ
ਪੀ ਸੀ ਐਚ ਐਸ ਓਂਟੇਰਿਉ (PCHS Ontario) ਦੇ ਸੰਸਥਾਪਕ

Lunch and Beverages Provided | Door Prizes | Childcare and Children's Activities

ਪੰਜਾਬੀ ਕਮਯੁਨਿਟੀ ਹੈਲਥ ਸਰਵਿਸਿਸ (PCHS) ਵੱਲੋਂ ਤੁਹਾਡੇ ਲਈ ਇੱਕ ਮੁਫਤ ਪ੍ਰੋਗਰਾਮ
ਆਪਣਾ ਨਾਂ ਪ੍ਰੀ-ਰਜਿਸਟਰ ਕਰਵਾਉਣ ਲਈ www.pchscalgary.com ਤੇ ਜਾਉ
ਵਧੇਰੇ ਜਾਨਕਾਰੀ ਲਈ ਸਾਨੂੰ info@pchscalgary.com ਤੇ ਸੰਪਰਕ ਕਰੋ
pchs CALGARY
Serving Diverse Communities



STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
Call For FREE Estimate
7 Days A Week
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
Satisfaction 100% Guarantee
416.230.4000 • 647.409.1092
www.STARLANEPAINTING.com
ਹਰਜੀਤ ਧਨੋਆ



CHERA IMMIGRATION CONSULTANCY SERVICES
Specializing in:
22 Years of Service
• Appeals
• H&C Cases
• PRRA Appeals
• Sponsorships
• Refugee Claims
• Admissibility Hearings
• Super Visa / Affidavits/ Declarations
• Skilled Workers
• Citizenship Matters
• Work/Study Permits
Sardara Singh Chera
B.A., M.A.
Former Member (Commissioner) Of The Immigration And Refugee Board Of Canada
Commissioner Of Oath
Regulated Canadian Immigration Consultant
Tel: 905-461-9885
sschera@rogers.com
WE PROVIDE ALL IMMIGRATION AND CITIZENSHIP SERVICES.
2355 Derry Rd. E. Unit # 35 Skyport Corporate Centre Mississauga, ON. L5S 1V6



AVTAR SINGH KAMBOJ
Real Estate Representative
Dir: 416-319-9830
Email: akamboj@trebnet.com
Sutton
Residential, Commercial & Investment
SUTTON-ROYAL REALTY BROKERAGE
INDEPENDENTLY OWNED AND OPERATED
45 Woodbine Downs Blvd., #3
Toronto, Ontario M9W 6N5
Bus: 416-748-7900 Fax: 416-674-1682



Brampton Crematorium & Visitation Centre Inc
www.BcVc.info
Brampton Crematorium & Visitation Centre
30 Bramwin Court, Brampton, ON, L6T 5A9
ਫਿਊਨਰਲ ਹੋਮ
24/7 Service Available
* ਸਾਰੀ ਰਸਮ ਇੱਕੋ ਛੱਤ ਹੇਠ ਹੋਵੇਗੀ
* ਤਜਰਬੇਕਾਰ ਅਤੇ ਪੇਸ਼ਾਵਰ ਫਿਊਨਰਲ ਡਾਇਰੈਕਟਰ
* 27 ਹਜ਼ਾਰ ਸੁਕੇਅਰ ਫੁੱਟ
* 5 ਵਿਜ਼ੀਟੇਸ਼ਨ ਹਾਲ
* ਵੈਬਕੈਮ ਸੁਵਿਧਾਵਾਂ
Inderjit S. Bal
416-666-7655
Tel: 905-458-2222

Velocity Colission



Complete truck - auto body repair & electrical centre
Tel: 905.673.7878
7120 Tranmere Drive
Fax: 905.673.7876
Mississauga, ON L5S 1L9
Cell: 416.817.5760

Varun Mehra
Sales Representative
cell: 416.833.2162
email: varun.m.mehra@gmail.com
web: www.properties2profit.com
Century 21 Millennium Inc. Brokerage*
Commercial
Residential
Investment properties
We fulfill your dreams!



Sharda Wellness Center
Homoepath Sharda
President, Homeopathic Medical Council of Canada
Panel of Doctors, Indian Consulate
(416) 727-9199
Email : ranvirsharda@gmail.com
77701 Airport Road, Suite 200
(NORTH EAST CORNER OF AIRPORT & DERRY ROAD
(GREEN PLAZA, MALTON, MISSISSAUGA ON L4T 4J3

Century 21
Buy Green, Build Green ...Save Environment
Century 21 Green Realty Inc., Brokerage
Each Office is independently owned and operated
Sohan Mann
Sales Representative
Dir. 416 - 564 - 1699
Off. 905 - 565 - 9565
Fax: 905 - 565 - 9522
Email: sohanmann@hotmail.com
151 Super Blvd. Unit 19-21, Mississauga, ON, L5T 2L1



RushLube Inc.
Complete Truck Repairs & Truck Wash with Drive Thru Truck Services
Jaskaranjit Singh (Jas)



TEL: 905 - 453 - 6344
FAX: 905 - 456 - 2065
EMAIL: rushlube@hotmail.com
32 Rutherford Road South
Brampton, ON, L6W 3J1

GILL
Truck & Trailer Repair and Mobile Service
OPEN 7 DAYS A WEEK
Cell: 416.312.4707
Tel: 905.458.3455
Fax: 905.458.3456
04 Blair Dr.
Brampton, ON
L6P 2X5
gilltruckandtrailer@yahoo.com
Inderjit Gill
Heavy Duty Truck & Trailer Mechanic

WE GETTHINGS DONE
Metro Immiaration
(Division of Metro Legal & Immigration Inc.)
*Family Sponsorship *Spousal *Super Visa *Visitor Visa *Skilled Workers *Investors *PNP *Nannies *Business Applicants *Student Visa *Work Permits (LMO) *Appeals
Head Office : 2355 Derry Rd. E *#12 Miss. *ON *L551V6
*905-673-1200 *1-800-694-133 India Office : 98148-66633
*Brampotn : 905-794-6003 *Toronto : 416-840-7554
*info@metroimmigration.com
*www.metroimmigration.com *www.metroimmigration.org



Suresh Gupta
Certified Immigration Practitioner (RCIC)

# ਦਿਲਾਂ 'ਚ ਮਿਸਾਲਾਂ ਬਾਲ ਦੇ : ਭਾਅ ਜੀ ਗੁਰਸ਼ਰਨ ਸਿੰਘ

**ਕੇਹਰ ਸ਼ਰੀਫ਼**

ਦੁਨੀਆਂ ਉੱਤੇ ਬਹੁਤ ਸਾਰੇ ਲੋਕ ਆਉਂਦੇ ਹਨ ਜਿੰਦਗੀ ਪੂਰੀ ਹੋਣ ਤੋਂ ਬਾਅਦ ਤੁਰ ਜਾਂਦੇ ਹਨ। ਦੋਸਤ ਮਿੱਤਰ ਸਮੇਂ ਬਾਅਦ ਭੁੱਲ-ਭੁਲਾ ਜਾਂਦੇ ਹਨ। ਪਰ ਕੁੱਝ ਲੋਕ ਅਜਿਹੇ ਹੁੰਦੇ ਹਨ ਜੋ ਆਪਣੀ ਸੂਝ, ਸਿਆਣਪ ਅਤੇ ਲੋਕਾਂ ਲਈ ਜੀਊਣ ਦੀ ਲਗਨ ਕਰਕੇ ਲੋਕਾਂ ਵਾਸਤੇ ਕੀਤੇ ਆਪਣੇ ਕਾਰਜਾਂ ਨਾਲ ਸਮੇਂ ਦੀ ਹਿੱਕ ਉੱਤੇ ਆਪਣਾ ਨਾਮ ਲਿਖ ਜਾਂਦੇ ਹਨ, ਉਹ ਵਰ੍ਹਿਆਂ ਤੱਕ ਨਹੀਂ, ਸਦੀਆਂ ਤੱਕ ਜੀਊਂਦੇ ਹਨ, ਉਹ ਕਦੇ ਵੀ ਨਹੀਂ ਮਰਦੇ। ਇਹ ਉਹ ਲੋਕ ਹੁੰਦੇ ਹਨ ਜੋ ਆਪਣੀ



ਸੋਚ, ਸੂਝ ਤੇ ਸਿਧਾਂਤਕ ਪਕਿਆਈ ਕਰਕੇ ਸੱਚਾਈ, ਇਮਾਨਦਾਰੀ ਅਤੇ ਕੁਰਬਾਨੀ ਭਰਿਆ ਹੱਠ ਪਾਲਦੇ ਹਨ, ਸੱਚ ਵੱਲ ਪੂਰੇ ਮਨ ਨਾਲ ਖੜ੍ਹੇ ਹੋ ਕੇ ਮਨੁੱਖ ਹੋਣ ਦਾ ਫ਼ਰਜ਼ ਪਾਲਦੇ ਹਨ। ਦੁਨੀਆਂ ਦੇ ਹਰ ਭਾਈ ਲਾਲੋ ਦੀ ਬਾਂਹ ਫੜ੍ਹਨ ਦਾ ਜਤਨ ਕਰਦੇ ਹਨ। ਮਜ਼ਲੂਮ ਵੱਲ ਖੜ੍ਹੇ ਹੋ ਕੇ ਹਰ ਜ਼ੁਲਮ ਤੇ ਜ਼ਾਲਮ ਦੋਹਾਂ ਨੂੰ ਲਲਕਾਰਦੇ ਹਨ। ਆਪਣੇ ਲੋਕਾਂ ਨੂੰ ਜਥੇਬੰਦ ਹੋਣ ਦਾ ਸੱਦਾ ਦਿੰਦੇ ਹਨ, ਤਾਂ ਜੋ ਆਪਣੀ ਸੁੱਚੀ ਕਿਰਤ ਦੀ ਲੁੱਟ ਰੋਕੀ ਜਾ ਸਕੇ ਅਤੇ ਜ਼ਿੰਦਗੀ ਨੂੰ ਜੀਊਣਜੋਗ ਤੇ ਮਾਨਣਯੋਗ ਬਣਾਇਆ ਜਾ ਸਕੇ। ਹੋਣਗੇ ਹੋਰ ਵੀ ਪਰ ਵਿਰਲੇ ਟਾਂਵੇ ਹੀ ਹੁੰਦੇ ਹਨ ਜੋ ਗੁਰਸ਼ਰਨ ਸਿੰਘ ਵਾਂਗ ਲੋਕ ਨਾਇਕ ਬਣਦੇ ਹਨ।

ਪੰਜਾਬੀ ਰੰਗ ਮੰਚ ਦੇ ਖੇਤਰ ਵਿੱਚ ਬਹੁਤ ਨਾਂ ਹਨ ਜਿਨ੍ਹਾਂ ਦੀ ਇਸ ਖੇਤਰ ਵਿੱਚ ਲਾਸਾਨੀ ਦੇਣ ਹੈ, ਅੱਜ ਕਲਾ ਦੇ ਖੇਤਰ ਦੇ ਜਿਸ ਸੂਰਮੇ ਕਲਾਕਾਰ ਦਾ ਜ਼ਿਕਰ ਕੀਤਾ ਜਾ ਰਿਹਾ ਹੈ ਉਹ ਹੈ ਭਾਅ ਜੀ ਗੁਰਸ਼ਰਨ ਸਿੰਘ। ਜਿਨ੍ਹਾਂ ਆਪਣੀ ਕਲਾ ਰਾਹੀਂ ਆਪਣੇ ਲੋਕਾਂ ਦੇ ਦੁੱਖ ਦਰਦ ਜ਼ਮਾਨੇ ਅੱਗੇ ਪੇਸ਼ ਕੀਤੇ। ਆਪਣੇ ਨਾਟਕਾਂ ਰਾਹੀਂ ਲੋਕ ਦੋਖੀ ਅਤੇ ਅਣਮਨੁੱਖੀ ਸਿਆਸੀ, ਸਮਾਜੀ ਪ੍ਰਬੰਧ ਦੀ ਭਰਪੂਰ ਆਲੋਚਨਾ ਕੀਤੀ। ਭਾਈ ਮੰਨਾ ਸਿੰਘ ਦੇ ਕਿਰਦਾਰ ਰਾਹੀਂ ਲੋਕਾਂ ਦੀਆਂ ਸਮੱਸਿਆਵਾਂ ਅਤੇ ਲੋਟੂ ਰਾਜ ਪ੍ਰਬੰਧ ਦੀ ਏਨੀ ਸ਼ਿੱਦਤ ਨਾਲ ਗੱਲ ਕੀਤੀ ਅਤੇ ਸਮਾਜਿਕ ਬਰਾਬਰੀ ਵਾਲੇ ਪ੍ਰਬੰਧ ਦਾ ਹੋਕਾ ਦਿੱਤਾ। ਇਹ ਕਿਰਦਾਰ ਲੋਕ ਮਨਾਂ ਵਿੱਚ ਇਸ ਕਦਰ ਰਚ ਗਿਆ ਕਿ ਉਦੋਂ ਤੋਂ ਹੀ ਲੋਕ ਉਨ੍ਹਾਂ ਨੂੰ ਗੁਰਸ਼ਰਨ ਸਿੰਘ ਉਰਫ ਭਾਈ ਮੰਨਾ ਸਿੰਘ ਦੇ ਨਾਂ ਤੋਂ ਜਾਣਦੇ ਹਨ। ਭਾਈ ਮੰਨਾ ਸਿੰਘ ਜੋ ਸਾਡਾ ਲੋਕ ਨਾਇਕ ਹੈ, ਹੱਕ-ਸੱਚ ਵਾਸਤੇ ਲੜਨ ਵਾਲਾ। ਸਾਡੀ ਮੰਜ਼ਿਲ ਦੀ ਨਿਸ਼ਾਨਦਹੀ ਕਰਨ ਵਾਲਾ ਸਾਡਾ ਰਾਹ ਦਿਸੇਰਾ।

ਇਨਕਲਾਬ ਵਾਸਤੇ ਕਲਾ ਦੇ ਖੇਤਰ ਵਿੱਚ ਅਵਾਜ਼ ਨੂੰ ਉੱਚੀ ਕਰਨਾ ਹੀ ਉਸਦਾ ਕਰਮ ਸੀ, ਹਾਂਅ ਪੱਖੀ ਤਬਦੀਲੀ ਲਈ ਲੜਨਾ ਉਸਦਾ ਧਰਮ ਸੀ। ਉਹ ਇਕੱਲਾ ਹੀ ਤੁਰਿਆ ਸੀ ਜਾਣ ਲੱਗਾ ਆਪਣੇ ਖੇਤਰ ਵਿੱਚ ਵੱਡੇ ਕਾਫਲੇ ਛੱਡ ਗਿਆ ਹੈ। ਹੱਕ-ਸੱਚ ਦੀ ਪ੍ਰਾਪਤੀ ਵਾਲੀ ਲਹਿਰ ਦਾ, ਸਮਾਜਿਕ ਬਰਾਬਰੀ ਵਾਲੇ ਸਮਾਜ ਦੀ ਸਥਾਪਤੀ ਦਾ ਘੋਲ ਬਹੁਤ ਲੰਬਾ ਹੈ, ਹੁਣ ਇਹ ਗੁਰਸ਼ਰਨ ਸਿੰਘ ਦੇ ਵਾਰਸਾਂ ਨੇ ਲੜਨਾ ਹੈ, ਉਦੋਂ ਤੱਕ ਜਦੋਂ ਤੱਕ ਉਹ ਮੰਜ਼ਿਲ 'ਤੇ ਨਹੀਂ ਪਹੁੰਚ ਜਾਂਦੇ।

ਭਾਖੜਾ ਡੈਮ 'ਤੇ ਕੰਮ ਕਰਦਿਆਂ ਜਦੋਂ ਇਪਟਾ (ਇੰਡੀਅਨ ਪੀਪਲਜ਼ ਥੀਏਟਰ) ਦੀ ਤਰਫੋਂ ਉੱਥੇ ਜੋਗਿੰਦਰ ਬਾਹਰਲਾ ਵਲੋਂ ਨਾਟਕ ਕੀਤੇ ਗਏ ਤਾਂ ਗੁਰਸ਼ਰਨ ਸਿੰਘ ਉਸ ਤੋਂ ਬੜੇ ਪ੍ਰਭਾਵਿਤ ਹੋਏ। ਇਹ ਸਮਾਂ ਸੀ ਕਿ ਗੁਰਸ਼ਰਨ ਸਿੰਘ ਹੋਰੀਂ ਇਸ ਖੇਤਰ ਵਿੱਚ ਕੁੱਦ ਪਏ ਤੇ ਮੁੜ ਕਦੇ ਪਿੱਛੇ ਨਾ ਦੇਖਿਆ, ਆਪਣੀ ਸਾਰੀ ਜ਼ਿੰਦਗੀ ਲੋਕ ਪੱਖੀ ਨਾਟਕ ਨੂੰ ਸਮਰਪਿਤ ਕਰ ਦਿੱਤੀ। ਇਸ ਲਗਨ ਕਰਕੇ ਤੇ ਲੋਕ ਪੱਖ ਦੀ ਗੱਲ ਕਰਨ ਕਰਕੇ ਉਨ੍ਹਾਂ ਨੂੰ ਆਪਣੀ ਵੱਡੀ ਨੌਕਰੀ ਵੀ ਗੁਆਉਣੀ ਪਈ ਤੇ ਜੇਲ ਦੀਆ ਦੁਸ਼ਵਾਰੀਆਂ ਵੀ ਝੱਲਣੀਆਂ ਪਈਆਂ। ਪਰ ਇਹ ਲੋਹੇ ਦੇ ਜਿਗਰੇ ਵਾਲਾ ਮਨੁੱਖ ਕਦੇ ਨਾ ਹਾਰਿਆ ਜਿਸ ਕਰਕੇ ਹੀ ਲੋਕ ਨਾਇਕ ਹੋਣ ਦਾ ਰੁਤਬਾ ਪ੍ਰਾਪਤ ਕਰ ਗਿਆ। ਲੋਕ ਨਾਇਕ ਲੋਕ ਮਾਨਸਿਕਤਾ ਦੀ ਪ੍ਰੇਰਨਾ ਹੁੰਦੇ ਹਨ।

ਗੁਰਸ਼ਰਨ ਸਿੰਘ ਜੋ ਪੰਜਾਬੀ ਨਾਟਕ ਦਾ ਸ਼ਾਹਸਵਾਰ ਸੀ ਨੇ ਸਮਾਜ ਦੇ ਦੁੱਖਾਂ ਨੂੰ ਆਪਣੇ ਨਾਟਕਾਂ ਰਾਹੀਂ ਪੇਸ਼ ਕੀਤਾ। ਧਮਕ ਨਗਾਰੇ ਦੀ, ਚਾਂਦਨੀ ਚੌਕ ਤੋਂ ਸਰਹੰਦ ਤੱਕ, ਬਾਬਾ ਬੋਲਦਾ ਹੈ, ਕੰਮੀਆਂ ਦਾ ਵਿਹੜਾ, ਬੁੱਤ ਬੋਲ ਪਿਆ, ਬੇਗਮੋਂ ਦੀ ਧੀ, ਕੁਰਸੀ, ਟੋਆ ਅਤੇ ਦਰਜਣਾਂ ਹੀ ਹੋਰ ਨਾਟਕਾਂ ਨੂੰ ਸਟੇਜ ਕੀਤਾ। ਨਾਲ ਦੀ ਨਾਲ ਉਨ੍ਹਾਂ ਲੋਕ ਪੱਖੀ ਨਾਟਕ ਮੰਡਲੀਆਂ ਨੂੰ ਉਤਸ਼ਾਹਿਤ ਕੀਤਾ ਜੋ ਆਪਣੇ ਲੋਕਾਂ ਦੇ ਦੁੱਖਾਂ-ਦਰਦਾਂ ਦੀ ਪੀੜ ਨੂੰ ਹਰਨ ਦਾ ਹੋਕਾ ਦਿੰਦੀਆਂ। ਪੰਜਾਬੀ ਦਾ ਅੱਜ ਦਾ ਸਭ ਤੋਂ ਮਕਬੂਲ ਨਾਟਕਕਾਰ ਕੇਵਲ ਧਾਲੀਵਾਲ ਐਵੈ ਤਾਂ ਨਹੀਂ ਲੋਕ ਮਨਾਂ ਵਿੱਚ ਏਡੀ ਵੱਡੀ ਜਗ੍ਹਾ ਬਣਾ ਗਿਆ, ਉਹਨੂੰ ਮਾਣ ਰਹੇਗਾ ਕਿ ਉਹ ਭਾਈ ਮੰਨਾ ਸਿੰਘ ਦਾ ਸਾਥੀ ਰਿਹਾ ਤੇ ਹੁਣ ਵੀ ਹੈ। ਅੱਜ ਨਾਟਕ ਦੇ ਖੇਤਰ ਵਿੱਚ ਕੰਮ ਕਰ ਰਹੇ ਕੇਵਲ ਧਾਲੀਵਾਲ, ਅਜਮੇਰ ਔਲਖ, ਡਾਕਟਰ ਸਾਹਿਬ ਸਿੰਘ, ਡਾਕਟਰ ਆਤਮਜੀਤ, ਦਵਿੰਦਰ ਦਮਨ, ਪਾਲੀ ਭੁਪਿੰਦਰ, ਸੰਜੀਵਨ, ਗੁਰਪ੍ਰੀਤ, ਸ਼ਬਦੀਸ਼ ਅਤੇ ਅਨੀਤਾ ਸ਼ਬਦੀਸ਼, ਲੋਕ ਕਲਾ ਮੰਚ ਮੁਲਾਂਪੁਰ ਦੀ ਸਮੁੱਚੀ ਟੀਮ ਇਨ੍ਹਾਂ ਸਾਰਿਆਂ ਸਿਰ ਜ਼ੁੰਮੇਵਾਰੀ ਹੈ ਕਿ ਉਹ ਇਸ ਲੋਕ ਪੱਖ ਦੀ ਲਹਿਰ ਨੂੰ ਅੱਗੇ ਲੈ ਕੇ ਜਾਣ। ਵਿਸ਼ਵਾਸ ਕਰਨਾ ਚਾਹੀਦਾ ਹੈ ਕਿ ਉਹ ਅਜਿਹਾ ਹੀ ਕਰਨਗੇ।



ਗੁਰਸ਼ਰਨ ਭਾਅ ਜੀ ਅਜਿਹੀ ਇਨਕਲਾਬੀ ਜੋਤ ਦੇ ਪ੍ਰਤੀਕ ਬਣੇ ਹੋਏ ਹਨ ਜਿਨ੍ਹਾਂ ਨੇ ਪੰਜਾਬ ਦੇ ਦਾਇਰੇ ਤੋਂ ਦੂਰ ਤੱਕ ਦੁਨੀਆ ਦੇ ਹਰੇਕ ਕੋਨੇ ਤੱਕ ਆਪਣਾ ਘੇਰਾ ਬਗਲਿਆ ਹੋਇਆ ਸੀ। ਜਿਨ੍ਹਾਂ ਦੀਆਂ ਪਰਤਾਂ ਭਲਾਂ ਨਾਟਕੀ ਅੰਦਾਜ਼ ਵਿਚ ਹੁੰਦੀਆਂ ਸਨ ਪਰ ਉਹ ਪੰਜਾਬ ਦੀ ਤੋਰ ਵਿਚ ਜਿਹੜਾ ਵੀ ਰਾਜਨੀਤਕ ਘਟਨਾਕ੍ਰਮ ਵਾਪਰਦਾ ਸੀ ਉਸ ਦਾ ਲੋਕਾਂ ਦੇ ਦ੍ਰਿਸ਼ਟੀਕੋਨ ਤੋਂ ਬੜਾ ਸੰਜੀਦਾ ਨੋਟਿਸ ਲੈਂਦੇ ਸਨ ਅਤੇ ਆਪਣੀ ਗਰਜਵੀਂ ਆਵਾਜ਼ ਨਾਲ ਸੰਬੋਧਤ ਹੋ ਕੇ ਆਪ ਦੇ ਸਨਮੁਖ ਇਸ ਸਮਾਜ ਨੂੰ ਬਦਲ ਦਿਓ ਇਹ 21ਵੀਂ ਸਦੀ ਦਾ ਸਮਾਜ ਇਹ ਹੀ ਨਹੀਂ। ਇਹ ਇੰਨੀਆਂ ਅਲਾਮਤਾਂ ਸਮੋਈ ਬੈਠਾ ਹੈ ਜਿਹੜੀਆਂ ਰੋਜ਼ਮਰਾਂ ਸਾਨੂੰ ਚੁਣੌਤੀਆਂ ਦੇ ਰਹੀਆਂ ਹਨ ਕਿ ਐ ਸੰਵੇਦਨਸ਼ੀਲ ਹਿੱਸਿਓ ਤੁਸੀਂ ਪੰਜਾਬ ਵਿਚ ਹੀ ਰਹਿ ਰਹੇ ਹੋ ਜਾਂ ਕਿਸੇ ਦੇਸ਼ ਦੇ ਕੋਨੇ ਵਿਚ ਰਹਿ ਰਹੇ ਹੋ। ਤੁਹਾਨੂੰ ਰਾਤਾਂ ਨੂੰ ਇਸ ਧਰਤੀ ਉਪਰ ਨੀਂਦ ਕਿਵੇਂ ਆ ਜਾਂਦੀ ਹੈ। ਸਦਾ ਜਾਗਦੀ ਅੱਖ ਵਾਲੇ ਇਨਸਾਨਾਂ ਦੀ ਇਸ ਧਰਤ ਨੂੰ ਲੋੜ ਹੈ ਜੋ ਅਜੋਕੀਆਂ ਤਰਾਸ਼ਦੀਆਂ ਤੋਂ ਖਹਿੜਾ ਛੁਡਾ ਸਕਣ। ਜ਼ੁਲਮ ਵਧਦਾ ਜਾ ਰਿਹਾ ਹੈ ਕਾਫ਼ਲਾ ਅਜੇ ਵੀ ਕਮਜ਼ੋਰ ਹੈ। ਇਸ ਕਾਫ਼ਲੇ ਨੂੰ ਤਾਕਤਵਰ ਕਰਨ ਲਈ ਸਾਨੂੰ ਇਕ ਨਹੀਂ ਹਜ਼ਾਰਾਂ ਗੁਰਸ਼ਰਨ ਸਿੰਘ ਉਸਾਰਨੇ ਪੈਣਗੇ। ਆਓ ਆਪਣਾ ਯੋਗਦਾਨ ਪਾਈਏ। ਇਹ ਹੀ ਭਾਅ ਨੂੰ ਸੱਚੀ ਸ਼ਰਧਾਂਜਲੀ ਹੈ। – ਸੰਪਾਦਕ

ਨਾਟਕ ਤਾਂ ਪੰਜਾਬ ਵਿੱਚ ਗੁਰਸ਼ਰਨ ਸਿੰਘ ਤੋਂ ਪਹਿਲਾਂ ਵੀ ਹੁੰਦਾ ਸੀ ਪਰ ਉਸ ਸਮੇਂ ਉਹ ਨਾਟਕ ਲੋਕ ਸਮੂਹਾਂ ਦੇ ਬਹੁਤ ਹੀ ਛੋਟੇ ਹਿੱਸੇ ਤੱਕ ਪਹੁੰਚ ਰਿਹਾ ਸੀ। ਗੁਰਸ਼ਰਨ ਸਿੰਘ ਨੇ ਨੁੱਕੜ ਨਾਟਕ ਦੀ ਸ਼ੁਰੂਆਤ ਕਰਕੇ ਇਸ ਨੂੰ ਲੋਕਾਂ ਦੇ ਵਿਸ਼ਾਲ ਸਮੂਹਾਂ ਤੱਕ ਪਹੁੰਚਾਇਆ। ਉਹ ਪਿੰਡਾ ਵਿੱਚ, ਕਾਲਜਾਂ, ਯੂਨੀਵਰਸਿਟੀਆ ਅਤੇ ਦੇਸ਼ ਦੇ ਦੂਜੇ ਹਿੱਸਿਆਂ ਵਿੱਚ ਅਤੇ ਪ੍ਰਦੇਸ ਵਸਦੇ ਆਪਣੇ ਪੰਜਾਬੀਆਂ ਕੋਲ ਵੀ ਗਿਆ ਤੇ ਕ੍ਰਾਂਤੀ ਦਾ ਸੁਨੇਹਾ ਦਿੱਤਾ ਦਿੱਤਾ। ਉਹ ਗੱਡੇ, ਰੇੜੀਆਂ ਵਾਲੀ ਸਟੇਜ ਤੋਂ ਤੁਰ ਕੇ ਆਧੁਨਿਕ ਤਕਨੀਕ ਵਾਲੀ ਸਟੇਜ ਤੱਕ ਵੀ ਪਹੁੰਚਿਆ। ਉਸ ਦੇ ਨਾਟਕਾਂ ਦਾ ਆਮ ਵਿਸ਼ਾ ਸੀ ਲੋਕ ਤੇ ਲੋਕਾਂ ਦੀਆਂ ਦੁਸ਼ਵਾਰੀਆਂ। ਹਕੂਮਤਾਂ ਕਰ ਰਹੇ ਗੰਦੀ ਤੇ ਵਿਸਾਹਘਾਤ ਸੋਚ ਵਾਲੇ ਮੁਜਰਮ ਬਿਰਤੀ ਵਾਲੇ ਸਿਆਸੀ ਨੇਤਾ। ਹਰ ਕਿਸਮ ਦੇ ਜਬਰ ਨੂੰ ਲਲਕਾਰਦਿਆਂ ਇਹ 'ਬਾਬਾ' ਮੰਨਾ ਸਿੰਘ ਉੱਚੀ ਆਵਾਜ਼ ਵਿੱਚ ਲੋਕਾਂ ਨੂੰ ਉਨ੍ਹਾਂ ਦੀ ਸ਼ਕਤੀ ਦਾ ਅਹਿਸਾਸ ਕਰਵਾਉਂਦਾ। ਉਹ ਆਪਣੇ ਵਿਰਸੇ ਵਿੱਚੋਂ ਹਾਂ ਪੱਕੀਂ ਘਟਨਾਵਾਂ ਪੇਸ਼ ਕਰਦਾ ਲੋਕਾਂ ਦੇ ਜੁੱਸਿਆਂ ਨੂੰ ਸਰਗਰਮੀ ਵੱਲ ਤੋਰਦਾ। ਉਹ ਹਰ ਕਿਸਮ ਦੀ ਦਹਿਸ਼ਤਗਰਦੀ ਨੂੰ ਭੰਡਦਾ ਕਿ ਇਹ ਮਨੁੱਖਤਾ ਵਿਰੋਧੀ ਹੈ। ਉਹ ਗਰਜਵੀਂ ਆਵਾਜ਼ ਵਿੱਚ ਲੋਕਾਂ ਨੂੰ ਲਲਕਾਰਦਾ ਕਿ ਉੱਠੋ ਤੇ ਤੁਰੋ ਕੱਲ੍ਹ ਦਾ ਸੂਰਜ ਤੁਹਾਡਾ ਹੈ।

ਗੁਰਸ਼ਰਨ ਸਿੰਘ ਸਾਹਿਤ ਦੇ ਮਹੱਤਵ ਨੂੰ ਜਾਣਦੇ ਸਨ ਇਸ ਕਰਕੇ ਪਲਸ ਮੰਚ ਵਲੋਂ ਕੱਢੇ ਜਾਂਦੇ 'ਸਮਤਾ' ਦੀ ਸੰਪਾਦਨਾਂ ਦਾ ਕਾਰਜ ਵੀ ਉਨ੍ਹਾਂ ਨੇ ਹੀ ਕੀਤਾ। ਕਿਤਾਬ ਉਨ੍ਹਾਂ ਵਾਸਤੇ ਬਹੁਤ ਹੀ ਮਹੱਤਵਪੂਰਨ ਸੀ ਇਸ ਕਰਕੇ ਹੀ ਬਲਰਾਜ ਸਾਹਨੀ ਵਲੋਂ ਮਿਲੇ ਆਰਥਿਕ ਸਹਿਯੋਗ ਨਾਲ 'ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ' ਰਾਹੀਂ ਲੋਕ ਪੱਖੀ ਉਸਾਰੂ ਸਾਹਿਤ ਦਾ ਪ੍ਰਕਾਸ਼ਨ ਸ਼ੁਰੂ ਕੀਤਾ। ਜਿੱਥੇ ਵੀ ਉਹ ਨਾਟਕ ਖੇਡਦੇ ਉਥੇ ਆਪਣੇ ਪ੍ਰਕਾਸ਼ਨ ਵਲੋਂ ਛਾਪੀਆਂ ਕਿਤਾਬਾਂ ਵੀ ਲਾਗਤ ਮੁੱਲ ਤੇ ਵੇਚਦੇ ਇਸ ਤਰ੍ਹਾਂ ਉਨ੍ਹਾਂ ਨੇ ਘਰ ਘਰ ਕਿਤਾਬ ਪਹੁੰਚਾਉਣ ਦਾ ਕਾਰਜ ਕੀਤਾ। ਲੋਕਾਂ ਨੇ ਸਸਤੇ ਮੁੱਲ ਕਿਤਾਬਾਂ ਲੈ ਕੇ ਪੜ੍ਹੀਆਂ।

ਭਾਅ ਜੀ ਗੁਰਸ਼ਰਨ ਸਿੰਘ ਕਿਧਰੇ ਨਹੀਂ ਗਿਆ। ਇਹੋ ਜਹੇ ਲੋਕ ਨਾਇਕ ਕਦੇ ਵੀ ਮਰਦੇ ਨਹੀਂ ਹੁੰਦੇ। ਉਹ ਸਾਡੇ ਸੁਪਨਿਆਂ ਵਿੱਚ ਵਸ ਗਿਆ ਹੈ। ਜਿਗਰਾ ਕਰਕੇ ਸੁਪਨਿਆਂ ਨੂੰ ਸੱਚ ਹੁੰਦੇ ਦੇਖੀਏ।

ਆਉ! ਉਸਦੀ ਆਵਾਜ਼ ਨੂੰ ਸੁਣੀਏ ਤੇ ਤੁਰੀਏ, ਹੁਣ ਵਾਰੀ ਸਾਡੀ ਹੈ।

HOMELIFE HIGHER STANDARDS
Home Life/Superstars
Real Estate Ltd., Brokerage
Each office is independently owned & operated
*Residential *Commercial
*Investment *Condominium
Cell : 416-274-1146
Email : sliddar@hotmail.com
*Office : 905-792-7800 *Fax : 905-792-9092

Sukdev Singh Liddar
*2555 Steeles Ave E. Unit 11 *Brampton *ON*L6T4L6

# ਸਰਕਾਰੀ ਬੈਂਕਾਂ ਦਾ ਨਿੱਜੀ ਪੂੰਜੀ ਵਲੋਂ ਹੜ੍ਹ ਪਿਆ ਜਾਣਾ ਤਹਿ

**ਨਰਭਿੰਦਰ**

ਪਿਛਲੇ ਸਾਲਾਂ 'ਚ ਰਿਜ਼ਰਵ ਬੈਂਕ ਆਫ਼ ਇੰਡੀਆ ਨੇ ਇਕ ਕਮੇਟੀ ਬਿਠਾਈ ਸੀ ਕਿ ਉਹ ਸਰਵਜਨਕ ਖੇਤਰ ਦੇ ਬੈਂਕਾਂ ਦਾ ਮੁਲੰਕਣ ਕਰੇ। ਕਮੇਟੀ ਨੇ ਜਿਹੜੀ ਰਿਪੋਰਟ ਦਿੱਤੀ ਹੈ ਉਸ ਵਿਚ ਸਿਫਾਰਸ਼ ਕੀਤੀ ਹੈ ਕਿ ਸਰਕਾਰ ਨੂੰ ਸਰਵਜਨਕ ਖੇਤਰ ਦੇ ਬੈਂਕਾਂ ਵਿਚੋਂ ਆਪਣੀ 50 ਫੀਸਦੀ ਹਿੱਸੇਦਾਰੀ ਕੱਢ ਲੈਣੀ ਚਾਹੀਦੀ ਹੈ ਅਤੇ ਇਹ 50 ਫੀਸਦੀ ਹਿੱਸੇ ਨਿੱਜੀ ਪੂੰਜੀਪਤੀਆਂ ਨੂੰ ਵੇਚ ਦੇਣੇ ਚਾਹੀਦੇ ਹਨ। ਇਸ ਕਮੇਟੀ ਦੀ ਰਿਪੋਰਟ ਬੈਂਕਾਂ 'ਚ ਕਰਜ਼ ਫਰਾਡਾਂ ਨੂੰ ਲੈ ਕੇ ਸੀ ਅਤੇ ਇਹਦਾ ਹੱਲ ਉਨ੍ਹਾਂ ਦੀਆਂ ਨਜ਼ਰਾਂ 'ਚ ਬੈਂਕਾਂ ਦੇ ਪ੍ਰਬੰਧਨ 'ਚੋਂ ਸਰਕਾਰ ਦਾ ਹੱਥ ਖਿੱਚ ਲੈਣਾ ਹੀ ਸੀ। ਯਾਦ ਰਹੇ ਰਿਜ਼ਰਵ ਬੈਂਕ ਵਲੋਂ ਬਣਾਈ ਇਸ ਕਮੇਟੀ ਦੇ ਚੇਅਰਮੈਨ ਸਨ ਐਕਸਿਸ ਬੈਂਕ (ਇਕ ਪ੍ਰਾਈਵੇਟ ਖੇਤਰ ਦਾ ਬੈਂਕ) ਦੇ ਸਾਬਕ ਚੇਅਰਮੈਨ ਪੀ. ਜੇ. ਨਾਇਕ। ਉਨ੍ਹਾਂ ਰਿਪੋਰਟ 'ਚ ਨੋਟ ਕੀਤਾ ਕਿ ਸਰਵਜਨਕ ਖੇਤਰ ਦੇ 26 ਬੈਂਕਾਂ ਨੂੰ ਕਈ ਤਰ੍ਹਾਂ ਦੇ ਦਬਾਅ ਝਲਣੇ ਪੈ ਰਹੇ ਹਨ ਜਿਨ੍ਹਾਂ 'ਚ ਰਿਜ਼ਰਵ ਬੈਂਕ ਆਫ਼ ਇੰਡੀਆ ਅਤੇ ਵਿੱਤ ਮੰਤਰਾਲੇ ਦਾ ਦੋਹਰਾ ਦਬਾ। ਇਹਦੇ ਨਾਲ ਹੀ ਕੇਂਦਰੀ ਚੌਕਸੀ ਅਯੋਗ ਅਤੇ ਕੈਗ ਦੀ ਜਾਂਚ ਦੀ ਬਾਹਰੀ ਚੌਕਸੀ ਨੂੰ ਵੀ ਝੱਲਣਾ ਪੈਂਦਾ ਹੈ।

ਕਮੇਟੀ ਕਹਿੰਦੀ ਹੈ ਕਿ ਸਰਵਜਨਕ ਖੇਤਰ ਦੇ ਬੈਂਕਾਂ 'ਚ ਦਿਸ਼ਾ ਨਿਰਦੇਸ਼ਨ ਰਾਜਨੀਤਕ ਮੁੱਦਿਆਂ ਅਤੇ ਜੋਖਿਮ ਵਾਲੇ ਪ੍ਰਬੰਧ ਉਤੇ ਧਿਆਨ ਦੇਣ ਦੀ ਘਾਟ ਹੈ। ਇਹਨੂੰ ਤਾਂ ਹੀ ਸੁਧਾਰਿਆ ਜਾ ਸਕਦਾ ਹੈ ਜੇ ਸਰਕਾਰ ਖੁਦ ਨੂੰ ਪ੍ਰਬੰਧਕੀ ਸਰਗਰਮੀਆਂ ਤੋਂ ਦੂਰ ਕਰ ਲਵੇ ਅਤੇ ਬੈਂਕਾਂ ਵਿਚੋਂ ਆਪਣੀ ਬਹੁਤੇਰੀ ਹਿੱਸੇਦਾਰੀ ਨੂੰ ਤਿਆਗ ਦੇਵੇ। ਇਹਦੇ ਲਈ ਕਮੇਟੀ ਨੇ ਪੂਰਾ ਖਾਕਾ ਤਿਆਰ ਕੀਤਾ ਹੈ ਜਿਸ 'ਚ ਸਭ ਤੋਂ ਪਹਿਲਾਂ ਇਕ ਬੈਂਕ ਨਿਵੇਸ਼ ਕੰਪਨੀ (2.9.3.) ਸਥਾਪਤ ਕੀਤੀ ਜਾਵੇਗੀ ਅਤੇ ਸਰਕਾਰ ਇਸ ਕੰਪਨੀ ਨੂੰ ਆਪਣੀ ਰਾਸ਼ੀ ਟਰਾਂਸਫਰ ਕਰ ਦੇਵੇਗੀ ਅਤੇ ਇਹਦੇ ਰਾਹੀਂ ਸਰਕਾਰ ਆਪਣੀ ਪ੍ਰਬੰਧਕੀ ਜਵਾਬਦੇਹੀ ਸੌਂਪ ਦੇਵੇਗੀ ਅਤੇ ਬੈਂਕਾਂ ਨੂੰ ਇਕ ਕੰਪਨੀ ਦੇ ਵਾਂਗੂੰ ਹੀ ਚਲਾਇਆ ਜਾ ਸਕੇਗਾ। ਯਾਦ ਰਹੇ ਰਿਜ਼ਰਵ ਬੈਂਕ ਦੇ ਨਵੇਂ ਗਵਰਨਰ ਘਰੂਰਾਮ ਰਾਜਨ ਖੁਦ ਇਸ ਵਿਚਾਰ ਤੇ ਸਿਧਾਂਤ ਦੇ ਜ਼ੋਰਦਾਰ ਮੁਦਈ ਹਨ ਕਿ ਬੈਂਕਾਂ ਨੂੰ ਪ੍ਰਾਈਵੇਟ ਪੂੰਜੀਪਤੀਆਂ ਨੂੰ ਸੌਂਪ ਦੇਣਾ ਚਾਹੀਦਾ ਹੈ ਉਹ ਤਾਂ ਇਥੋਂ ਤੱਕ ਚਲੇ ਜਾਂਦੇ ਹਨ ਕਿ ਕਰੰਸੀ ਛਾਪਣ ਦੇ ਅਧਿਕਾਰ ਵੀ ਪ੍ਰਾਈਵੇਟ ਬੈਂਕਾਂ ਕੋਲ ਹੋਣ।

ਯਾਦ ਰਹੇ ਬੈਂਕਾਂ ਦਾ ਰਾਸ਼ਟਰੀਕਰਨ ਇੰਦਰਾ ਗਾਂਧੀ ਦੇ ਰਾਜ ਕਾਲ 'ਚ 70ਵਿਆਂ 'ਚ ਹੋਇਆ ਸੀ ਜਦੋਂ ਬਹੁਤ ਸਾਰੀਆਂ ਪ੍ਰਾਈਵੇਟ ਖੇਤਰ ਦੀਆਂ ਬੈਂਕਾਂ ਨੂੰ ਸਰਕਾਰੀ ਸਰਪ੍ਰਸਤੀ ਹੇਠ ਲੈ ਲਿਆ ਗਿਆ ਸੀ। ਇਹਦੇ ਚੰਗੇ ਸਿੱਟੇ ਇਹ ਨਿਕਲੇ ਕਿ ਇਕ ਤਾਂ ਭਾਰਤੀ ਬੈਂਕਿੰਗ ਪ੍ਰਣਾਲੀ ਅਮਰੀਕਾ ਵਾਂਗੂੰ ਸੰਕਟ ਦਾ ਸ਼ਿਕਾਰ ਹੋਣੇ ਬਚੀ ਰਹੀ ਦੂਸਰਾ ਸਰਕਾਰੀ ਬੈਂਕਾਂ ਆਮ ਆਦਮੀ ਵਿਸ਼ੇਸ਼ ਕਰਕੇ ਗਰੀਬ ਕਿਸਾਨਾਂ ਅਤੇ ਮਜ਼ਦੂਰਾਂ ਦੀ ਪਹੁੰਚ ਤੱਕ ਪਸਰ ਗਈਆਂ। ਬੈਂਕਾਂ ਦੇ ਇਸ ਪਸਾਰ ਨੇ ਜਿਥੇ ਛੋਟੀ-ਛੋਟੀ ਪੂੰਜੀ ਸੇਵਿੰਗ ਕਰਨ ਦਾ ਭੁੱਸ ਪਾਇਆ ਉਥੇ ਲੋੜ ਅਨੁਸਾਰ ਕਰਜ਼ੇ ਲੈ ਕੇ ਖੇਤੀ, ਸਹਾਇਕ ਧੰਦੇ, ਛੋਟੀ ਦੁਕਾਨਦਾਰੀ ਜਾਂ ਕਾਰੋਬਾਰ ਆਦਿ ਲਈ ਵੀ ਰਾਹ ਖੋਲ੍ਹ ਦਿੱਤੇ। ਐਵੇਂ ਨਹੀਂ 2009-2010 'ਚ ਉਸ ਸਮੇਂ ਦੀ ਸਰਕਾਰ ਦੇ ਵਿੱਤ ਮੰਤਰੀ ਪ੍ਰਣਾਬ ਮੁਕਰਜੀ ਨੇ ਆਪਣੇ ਬਜਟ ਸੈਸ਼ਨ 'ਚ ਫੜ ਮਾਰੀ ਸੀ ਕਿ "ਜਦੋਂ ਵਿਸ਼ੇਸ਼ ਬੈਂਕਿੰਗ ਅਤੇ ਵਿੱਤੀ ਸੰਸਥਾਵਾਂ ਸੰਕਟ 'ਚੋਂ ਲੰਘ ਰਹੀਆਂ ਸਨ ਤਾਂ ਭਾਰਤੀ ਬੈਂਕ ਅਤੇ ਵਿੱਤੀ ਖੇਤਰ ਸਾਪੇਖਲ ਰੂਪ ਵਿਚ ਇਸ ਤੋਂ ਅਛੂਤੇ ਰਹੇ।" ਉਂਝ ਇਹ ਦਾਅਵਾ ਝੂਠਾ ਸੀ ਸਾਰੇ ਭਾਰਤੀ ਬੈਂਕ ਇਸ ਸੰਕਟ 'ਚੋਂ ਸੁਰੱਖਿਅਤ ਨਹੀਂ ਸਨ ਰਹੇ। ਇਸੇ ਸਮੇਂ ਆਈ. ਸੀ. ਆਈ. ਸੀ. ਆਈ. ਬੈਂਕ ਨੂੰ ਭਾਰਤ ਵਿਚ ਤਿੰਨ ਕਰੋੜ ਦਾ ਨੁਕਸਾਨ ਹੋਇਆ ਸੀ। 2008 ਦਾ ਇਹ ਦੌਰ ਦੁਨੀਆ ਦੇ ਵਿੱਤੀ ਸੰਕਟ ਦਾ ਹੀ ਦੌਰ ਸੀ ਜਦੋਂ ਵਿਸ਼ਵ ਦੀਆਂ ਵਿੱਤੀ ਸੰਸਥਾਵਾਂ ਇਸ ਤੋਂ ਪ੍ਰਭਾਵਿਤ ਹੋਈਆਂ ਸਨ। ਖੁਦ ਅਮਰੀਕਾ ਜਿਹੜਾ ਵਿਸ਼ਵੀ ਪੂੰਜੀ ਉਤੇ ਦਾਦਾਗਿਰੀ ਪਸਾਰੀ ਬੈਠਾ ਦੇ ਆਪਣੇ ਦੇਸ਼ ਅੰਦਰ ਕਹੁਰਾਮ ਮੱਚ ਗਿਆ ਸੀ ਅਤੇ ਅਮਰੀਕੀ ਬੈਂਕਿੰਗ ਅਤੇ ਵਿੱਤੀ ਸੰਸਥਾਵਾਂ ਤਾਸ਼ ਦੇ ਪੱਤਿਆਂ ਵਾਂਗੂੰ ਖਿੰਡ ਗਈਆਂ ਸਨ। ਬੈਂਕਾਂ ਅਤੇ ਵਿੱਤੀ ਸੰਸਥਾਵਾਂ ਦਾ ਰੋਜ਼ਾਨਾ ਦੀਵਾਲੀਆ ਹੋਣਾ ਆਮ ਗੱਲ ਹੋ ਗਈ ਸੀ। ਇਸ ਮੌਕੇ ਸਰਕਾਰੀ ਸਹਾਇਤਾ (ਬੇਲ ਆਊਟ) ਦੇ ਨਕਲੀ ਸਾਹ ਵੀ ਵਿੱਤੀ ਸੰਸਥਾਵਾਂ ਨੂੰ ਚਲਦੇ ਰੱਖਣ ਲਈ ਅਸਮਰਥ ਸਾਬਤ ਹੋਏ ਸਨ। ਅਮਰੀਕੀ ਅਰਥ ਵਿਵਸਥਾ ਦਾ ਇਹ ਸੰਕਟਗ੍ਰਸਤ ਅਚੰਭਾ ਸੀ। ਭਾਰਤ ਵਿਚ ਅਮਰੀਕੀ ਵਿੱਤੀ ਸੰਸਥਾ ਲੇਹਮੈਨ ਬ੍ਰਾਦਰਜ਼ ਵਿਚ ਨਿਵੇਸ਼ ਦੇ ਕਾਰਨ ਸਟੇਟ ਬੈਂਕ ਆਫ਼ ਇੰਡੀਆ ਅਤੇ (SBI) ਅਤੇ ਪੰਜਾਬ ਨੈਸ਼ਨਲ ਬੈਂਕ ਦਾ 50-50 ਲੱਖ ਡਾਲਰ ਡੁੱਬ ਗਿਆ ਸੀ। ਲੇਹਮੈਨ ਬ੍ਰਾਦਰਜ਼ ਦੀ ਭਾਰਤੀ ਸ਼ਾਖਾ 'ਚ ਕੰਮ ਕਰਦੇ 2500 ਕਰਮਚਾਰੀ ਨੌਕਰੀਓਂ ਵਾਂਝੇ ਹੋ ਗਏ ਸਨ ਪਰ ਅਮਰੀਕੀ ਵਿੱਤੀ ਸੰਸਥਾਵਾਂ ਦੀ ਤਬਾਹੀ ਦੇ ਮੁਕਾਬਲੇ ਭਾਰਤੀ ਬੈਂਕਾਂ ਦਾ ਇਹ ਨੁਕਸਾਨ ਬੇਹੱਦ ਮਾਮੂਲੀ ਸੀ। ਜੇ ਇਹ ਬਹੁਤ ਘੱਟ ਪ੍ਰਭਾਵਿਤ ਹੋਈ ਤਾਂ ਇਹਦਾ ਇਕ ਕਾਰਨ ਸਰਕਾਰੀ ਕੰਟਰੋਲ ਅਤੇ ਇਹਦੇ ਗ੍ਰਾਹਕਾਂ ਦੀ ਮੁਕਾਬਲਤਨ ਮਜ਼ਬੂਤ ਸਥਿਤੀ ਵੀ ਸੀ। ਮਿਸਾਲ ਲਈ ਭਾਰਤੀ ਲੋਕਾਂ 'ਚ ਭਵਿੱਖ ਦੀ ਚਿੰਤਾ ਲਈ ਸੇਵਿੰਗ (ਪੈਸਾ ਜੋੜਨ ਦੀ) ਪ੍ਰਵਿਰਤੀ ਦਾ ਭਾਰੂ ਹੋਣਾ ਵੀ ਇਸ ਦਾ ਇਕ ਕਾਰਨ ਸੀ।

1990 ਤੋਂ ਵਿਸ਼ਵੀ ਪੂੰਜੀਵਾਦ ਨੇ ਜਿਹੜੀਆਂ ਆਰਥਿਤ ਨੀਤੀਆਂ ਧਾਰਨ ਕੀਤੀਆਂ ਹਨ, ਉਹ ਉਨ੍ਹਾਂ ਦੇ ਸੰਕਟ ਨੂੰ ਨਾ ਟਾਲ ਸਕੀਆਂ ਤੇ ਨਾ ਹੀ ਮੁਕਤ ਕਰ ਸਕੀਆਂ। ਭਾਰਤ 'ਚ ਇਨ੍ਹਾਂ ਨੀਤੀਆਂ ਨੂੰ ਲਾਗੂ ਕਰਵਾਉਣ ਵਾਲੇ ਅਤੇ ਅਪਨਾਉਣ ਵਾਲੇ ਕਿਸੇ ਵੇਲੇ ਵਿਸ਼ਵ ਬੈਂਕ ਦੇ ਸਿਪਾਸਲਾਰ ਰਹੇ ਮਨਮੋਹਨ ਸਿੰਘ ਇਹ ਚੰਗੀ ਤਰ੍ਹਾਂ ਜਾਣਦੇ ਸਨ ਕਿ ਸਹਿਜੇ ਸਹਿਜੇ ਸਮੁੱਚੀ ਅਰਥ ਵਿਵਸਥਾ ਨੂੰ ਨਿੱਜੀ ਪੂੰਜੀ ਦੇ ਹਵਾਲੇ ਅਤੇ ਰਹਿਮੋ ਕਰਮ ਉਤੇ ਸੁੱਟਣਾ ਪਵੇਗਾ। 2009-10 'ਚ ਬੇਸ਼ੱਕ ਪ੍ਰਣਾਬ ਮੁਖਰਜੀ ਇਹ ਗੁਣਗਾਨ ਕਰਨ ਕਿ ਉਹ ਸੰਕਟ ਦੀ ਲਪੇਟ 'ਚੋਂ ਬਚ ਕੇ ਨਿਕਲ ਗਏ ਹਨ ਅਤੇ ਇਹਦਾ ਸਿਹਰਾ ਇੰਦਰਾ ਗਾਂਧੀ ਦੀ ਦੂਰ ਦ੍ਰਿਸ਼ਟੀ ਨੂੰ ਜਾਂਦਾ ਹੈ ਪਰ ਜਿਸ ਜੀਵਨ ਰੱਖਿਅਕ ਪ੍ਰਣਾਲੀ ਉਤੇ ਸਮੁੱਚੀ ਅਰਥ ਵਿਵਸਥਾ ਟਿਕੀ ਹੋਵੇ ਭਲਾ ਪੂੰਜੀਪਤੀਆਂ ਦੇ ਗਰੋਹ ਉਹਨੂੰ ਕਿਵੇਂ ਸੁਤੰਤਰ ਵਿਚਰਨ ਦਿੰਦੇ। ਇਸੇ ਦੌਰ 'ਚ ਬੈਂਕਾਂ ਦੇ ਲੱਖਾਂ ਕਰੋੜ ਰੁਪਏ ਪੂੰਜੀਪਤੀਆਂ ਨੇ ਸਿੱਧੇ ਤੌਰ 'ਤੇ ਹੜੱਪੇ ਅਤੇ ਦੋਸ਼ ਲਾਇਆ ਕਿ ਛੋਟੇ ਕਾਰੋਬਾਰੀਆਂ ਅਤੇ ਖੇਤੀ ਸੈਕਟਰ 'ਚ ਕਰਜ਼ ਵਾਪਸੀ ਦੀ ਅਦਾਇਗੀ ਰੁਕ ਗਈ ਹੈ ਜਿਸ ਜੀਵਨ ਰੱਖਿਅਕ ਆਰਥਿਕ ਸਾਹ ਪ੍ਰਣਾਲੀ ਨੂੰ ਸਲਾਹਿਆ ਗਿਆ ਉਸੇ ਰਾਸ਼ਟਰੀਕ੍ਰਿਤ ਬੈਂਕਾਂ ਨੂੰ ਇਹ ਕਹਿ ਕੇ ਰੱਦ ਕੀਤਾ ਕਿ ਮੌਜੂਦਾ ਬੈਂਕਿੰਗ ਪ੍ਰਬੰਧ ਉਤੇ ਸਰਕਾਰ ਦਾ ਕੰਟਰੋਲੀ ਵਿੱਤੀ ਏਜੰਟਾਂ 'ਚ




ਸਰਕਾਰੀ ਦਖ਼ਲ ਅੰਦਾਜ਼ੀ ਸੰਕਟਗ੍ਰਸਤਾਂ ਵੱਲ ਵਧਣ ਵਾਲੀ ਹੈ। ਇਹ ਵਿਕਾਸ ਦੇ ਰਾਹ 'ਚ ਇਕ ਰੁਕਾਵਟ ਹੈ। ਪੀ. ਜੇ. ਨਾਇਕ ਕਮੇਟੀ ਦੀਆਂ ਸਿਫਾਰਸ਼ਾਂ ਇਹੋ ਕਹਿ ਰਹੀਆਂ ਹਨ।

ਗੱਦੀਓਂ ਲੱਥੀ ਸਰਕਾਰ ਨੇ ਵੀ ਇਨ੍ਹਾਂ ਸਿਫਾਰਸ਼ਾਂ ਨੂੰ ਅਮਲ 'ਚ ਲਿਆਉਣਾ ਹੀ ਸੀ ਪਰ ਉਹਦੀ ਰਫ਼ਤਾਰ ਸੁਸਤ ਸੀ। ਆਰਥਿਕ ਤਾਨਾਸ਼ਾਹ ਪੂੰਜੀ ਨੂੰ ਸਮਾਂ ਨਹੀਂ ਸੀ ਚਾਹੀਦਾ ਝੱਟ ਪੱਟ ਰਿਜ਼ਲਟ ਚਾਹੀਦੇ ਹਨ ਇਹੀ ਕਾਰਨ ਕਿ ਸਮੁੱਚੀ ਕਾਰਪੋਰੇਟੀ ਪੂੰਜੀ ਦੀ ਲੋੜ ਸਖ਼ਤ ਫੈਸਲੇ ਲੈਣ ਵਾਲਾ ਤਾਨਾਸ਼ਾਹ ਪ੍ਰਵਿਰਤੀਆਂ ਵਾਲਾ ਆਗੂ ਚਾਹੀਦਾ ਸੀ ਜਿਹੜਾ ਨਰਿੰਦਰ ਮੋਦੀ ਦੇ ਰੂਪ 'ਚ ਉਨ੍ਹਾਂ ਨੂੰ ਮਿਲ ਗਿਆ। ਪੂੰਜੀ ਨਾ ਧਾਰਮਿਕ ਹੁੰਦੀ ਹੈ ਨਾ ਧਰਮ ਨਿਰਪੇਖ ਉਹਦੇ ਲਈ ਮੁਨਾਫ਼ਾ ਹੀ ਧਰਮ ਹੈ। ਮੁਨਾਫ਼ਾ ਹੀ ਇਸ਼ਟ ਹੈ। ਉਨ੍ਹਾਂ ਦੀ ਪੂੰਜੀ ਦੇ ਵਿਕਾਸ ਨੂੰ ਗਤੀ ਦੇਣ ਵਾਲਾ ਅਤੇ ਲੋਕਾਈ ਨਾਲ ਸਖ਼ਤੀ ਨਾਲ ਨਿਪਟਣ ਵਾਲਾ ਕੌਣ ਅਤੇ ਉਨ੍ਹਾਂ ਦੇ ਭਰੋਸੇ 'ਚ ਰਹਿਣ ਵਾਲਾ ਕਿਹੜਾ ਆਗੂ ਹੈ ਉਨ੍ਹਾਂ ਤਾਂ ਚੋਣ ਉਹਦੀ ਕਰਨੀ ਸੀ। ਸੋ ਨਵੀਂ ਸਰਕਾਰ ਨੇ ਆਉਂਦਿਆਂ ਇਹ ਏਜੰਡਾ ਸੰਭਾਲ ਲਿਆ। ਨਵੇਂ ਬਣੇ ਵਿੱਤ ਮੰਤਰੀ ਅਰੁਣ ਜੇਤਲੀ ਨੇ ਫੌਰੀ ਏਜੰਡਿਆਂ 'ਚ ਵਿੱਤੀ ਖੇਤਰ ਵਿਚ 49 ਫੀਸਦੀ ਪੂੰਜੀ ਨਿਵੇਸ਼ ਨੂੰ ਪਹਿਲ ਦੇ ਆਧਾਰਤ ਰੱਖਿਆ। ਯਾਦ ਕਰਵਾ ਦੇਈਏ ਕਿ 2007 'ਚ ਇਕ ਕਮੇਟੀ ਬੈਂਕਿੰਗ ਕੰਮ ਦੇ ਮੁਲੰਕਣ ਲਈ ਬਣੀ ਸੀ ਉਸਨੇ ਵੀ ਬੈਂਕਾਂ 'ਚ ਨਿੱਜੀ ਨਿਵੇਸ਼ ਨੂੰ ਪਹਿਲ ਦੇਣ ਦੀ ਵਕਾਲਤ ਕੀਤੀ ਸੀ ਪਰ 2008 ਦੇ ਵਿਸ਼ਵ ਆਰਥਿਕ ਸੰਕਟ ਕਾਰਨ ਇਸ ਨੂੰ ਇਕ ਵਾਰ ਟਾਲ ਦਿੱਤਾ ਗਿਆ ਸੀ। ਹੁਣ ਫੇਰ ਬੈਂਕਾਂ 'ਚ ਨਿੱਜੀ ਪੂੰਜੀ ਤੇ ਵਿਦੇਸ਼ੀ ਪੂੰਜੀ ਦੇ ਨਿਵੇਸ਼ ਲਈ ਕਮਰਕੱਸੇ ਕੀਤੇ ਜਾ ਰਹੇ ਹਨ। ਹੁਣ ਸਖ਼ਤ ਫੈਸਲੇ ਲੈਣ ਵਾਲਾ ਰਾਜ ਮੁਖੀ ਵੀ ਬੇਫਿਕਰ ਤਾਨਾਸ਼ਾਹ ਪੂੰਜੀ ਦਾ ਚਹੇਤਾ ਸਿਪਾਸਲਾਰ ਹੈ ਵਿੱਤ ਮੰਤਰੀ ਸਮੇਤ ਰਿਜ਼ਰਵ ਬੈਂਕ ਦਾ ਗਵਰਨਰ ਰਘੂ ਰਾਮ ਰਾਜਨ ਸਭ ਦੀ ਸੁਰ ਇਕ ਹੈ। ਇਸ ਦਾ ਵਿਰੋਧ ਕਰਨ ਵਾਲੀ ਸੁਰ ਬਹੁਤ ਧੀਮੀ ਹੈ।

ਭਾਰਤ ਵਿਚ ਪਿਛਲੇਰੇ ਦਹਾਕਿਆਂ 'ਚ ਸਰਕਾਰੀ ਵਿੱਤੀ ਸੰਸਥਾਵਾਂ 'ਚੋਂ ਸੰਨ ਲਾ ਕੇ ਪਲਿਆ ਪਸਰਿਆ ਕਰੋਨੀ (Crony) ਪੂੰਜੀਵਾਦ ਹਾਬੜਿਆਂ ਵਾਂਗੂੰ ਹਰ ਖੇਤਰ ਨੂੰ ਆਪਣੀ ਗ੍ਰਿਫ਼ਤ 'ਚ ਕਰਨਾ ਚਾਹੁੰਦਾ ਹੈ। ਇਸ 'ਤੇ ਚਰਚਾ ਅਲੱਗ ਪਰ ਇਥੇ ਕਰੋਨੀ ਸ਼ਬਦ ਦੇ ਸ਼ਾਬਦਿਕ ਅਰਥ ਹਨ ਯਾਰਬਾਜ਼ (ਬਾਹਰੋਂ ਨਿੱਘੀ ਮਿੱਤਰਤਾ ਅੰਦਰੋਂ ਸਭ ਕੁਝ ਹਜ਼ਮ ਕਰਨਾ)। ਮਿਸਾਲ ਵਜੋਂ ਰਿਲਾਇੰਸ ਘਰਾਣਾਂ ਜਾਂ ਸਹਾਰਾ ਆਦਿ ਜਿਨ੍ਹਾਂ ਨੇ ਪੂੰਜੀ ਇਕੱਤਰ ਕਰਨ 'ਚ ਸਰਕਾਰ ਨਾਲ ਯਾਰੀ ਵੀ ਰੱਖੀ ਅਤੇ ਹਜ਼ਾਰਾਂ ਲੱਖਾਂ ਕਰੋੜਾਂ ਦੀ ਨਿੱਜੀ ਮਾਲਕੀ ਵੀ ਇਸ ਯਾਰੀ 'ਚੋਂ ਹਾਸਲ ਕੀਤੀ ਭਾਵ ਗਲਤ ਢੰਗਾਂ ਦੀ ਵਰਤੋਂ ਕਰਦਿਆਂ। ਪੂੰਜੀ ਦੇ ਇਸ ਚਰਿੱਤਰ 'ਚ ਤਾਨਾਸ਼ਾਹ ਪ੍ਰਵਿਰਤੀ ਹੈ ਉਹ ਹਰ ਹਾਲ ਸਮੁੱਚੀ ਸਰਕਾਰ ਤੇ ਸਰਕਾਰੀ ਮਸ਼ੀਨਰੀ ਰਾਹੀਂ ਹਰ ਸਰਕਾਰੀ ਖੇਤਰ ਨੂੰ ਨਿੱਜੀ ਪੂੰਜੀ ਦੇ ਕੰਟਰੋਲ 'ਚ ਲਿਆਉਣ ਲਈ ਬੇਹੱਦ ਕਾਹਲ ਦਾ ਸ਼ਿਕਾਰ ਹੈ ਅਤੇ ਇਹਦੇ ਲਈ ਦੇਸ਼ ਜਾਂ ਦੇਸ਼ ਦੇ ਸੰਵਿਧਾਨ ਦੀ ਮਰਿਆਦਾ ਵੀ ਕੋਈ ਮਾਹਿਣੇ ਨਹੀਂ ਰੱਖਦੀ। ਇਹ ਪੂੰਜੀ ਸਭ ਤੋਂ ਪਹਿਲਾਂ ਵਿੱਤੀ ਪੂੰਜੀ ਨੂੰ ਆਪਣੇ ਹੱਥ 'ਚ ਲੈਣਾ ਲੋਚਦੀ ਹੈ। ਇਕ ਵਾਰੀ ਵਿੱਤੀ ਪੂੰਜੀ ਅਦਾਰਿਆਂ ਤੇ ਕਬਜ਼ਾ (ਏਕਾ ਅਧਿਕਾਰ) ਹੋਣ ਦਾ ਮਤਲਬ ਹੈ, ਅਰਥ ਵਿਵਸਥਾ ਦੇ ਸਾਰੇ ਖੇਤਰਾਂ ਦੀ ਪ੍ਰਾਥਮਿਕਤਾ ਅਤੇ ਪਹਿਲਕਦਮੀ ਆਪਣੇ ਹੱਥ 'ਚ ਕਰ ਲੈਣਾ। ਉਹ ਦੌਰ ਕਦੋਂ ਦਾ ਚਲਾ ਗਿਆ ਜਦੋਂ ਭਾਰਤੀ ਹਾਕਮ ਅਤੇ ਪੂੰਜੀਪਤੀ ਜਮਾਤ ਵੀ ਆਪਣੇ ਭਰੋਸੇ ਉਤੇ ਆਤਮ ਨਿਰਭਰ ਵਿਕਾਸ ਦੇ ਸੁਪਨੇ ਲੈਂਦੀ ਸੀ। ਇਹ ਉਹੀ ਸੁਪਨਮਈ ਦੌਰ ਸੀ ਜਦੋਂ ਬੈਂਕਾਂ ਦਾ ਕੌਮੀਕਰਨ ਕੀਤਾ ਗਿਆ ਸੀ ਅਤੇ ਖੇਤੀ ਉਦਯੋਗਾਂ ਵਿਸ਼ੇਸ਼ ਕਰਕੇ ਛੋਟੇ ਉਦਯੋਗਾਂ ਨੂੰ ਉਤਸ਼ਾਹਿਤ ਕੀਤਾ ਗਿਆ ਸੀ। ਪੰਜ ਸਾਲਾ ਯੋਜਨਾਵਾਂ ਬਣਾ ਕੇ ਵਿਕਾਸ ਨੂੰ ਗਤੀ ਦਿੱਤੀ ਸੀ। ਖੇਤੀ ਛੋਟੇ ਉਦਯੋਗਾਂ ਨੂੰ ਸਸਤੀਆਂ ਦਰਾਂ ਉਤੇ ਕਰਜ਼ਾ ਦੇਣਾ। ਸਹਿਕਾਰੀ ਅਤੇ ਦਸਤਕਾਰੀ ਨੂੰ ਉਤਸ਼ਾਹਿਤ ਕਰਨਾ। ਸਰਕਾਰੀ ਯੋਜਨਾਵਾਂ 'ਚ ਸਹਿਯੋਗੀ ਭੂਮਿਕਾ ਨਿਭਾਉਣੀਆਂ ਇਹ ਬੈਂਕਾਂ ਦੀ ਪ੍ਰਾਥਮਿਕਤਾ ਹੁੰਦੀ ਸੀ। ਵੈਸੇ ਉਹ ਮਾਡਲ ਵੀ ਭਾਰਤੀ ਹਾਕਮਾਂ ਦਾ ਕਿਤਿਉਂ ਉਧਾਰਾ ਲਿਆ ਹੋਇਆ ਮਾਡਲ ਸੀ ਆਪਣਾ ਸਵੈ ਵਿਕਾਸ ਕੀਤਾ ਮਾਡਲ ਨਹੀਂ ਸੀ। ਹੁਣ ਦਾ ਦੌਰ ਉਸ ਪੂੰਜੀ ਦਾ ਦੌਰ ਨਹੀਂ। ਵਿੱਤੀ ਪੂੰਜੀ ਦਾ ਦੌਰ ਹੈ। ਵਿਸ਼ੇਸ਼ ਕਰਕੇ ਬਾਜ਼ਾਰੀ ਅਰਥ ਵਿਵਸਥਾ ਦਾ ਦੌਰ ਹੈ। ਨਿੱਜੀ ਮੁਨਾਫ਼ੇ ਦਾ ਦੌਰ ਹੈ। ਵਿੱਤੀ ਪੂੰਜੀ ਦੇ ਚਰਿੱਤਰ ਨੂੰ ਲੈਨਿਨ ਨੇ ਆਪਣੀ ਬਹੁਮੁਲੀ ਰਚਨਾ 'ਸਾਮਰਾਜਵਾਦ : ਸਰਮਾਏਦਾਰੀ ਦੀ ਅੰਤਿਮ ਅਵਸਥਾ' 'ਚ ਬਾਖੂਬੀ ਨੋਟ ਕੀਤਾ ਹੈ ਕਿ ਕਿਵੇਂ ਪੂੰਜੀ ਬੈਂਕਿੰਗ ਪੂੰਜੀ ਰਾਹੀਂ ਅਰਥ ਵਿਵਸਥਾ ਦੇ ਸਾਰੇ ਖੇਤਰਾਂ 'ਚ ਆਪਣੀ ਪਕੜ ਮਜ਼ਬੂਤ ਬਣਾਉਂਦੀ ਜਾਂਦੀ ਹੈ। ਇਕ ਪਾਸੇ ਜਿਥੇ ਇਹ ਸਾਫ਼ ਹੋ ਰਿਹਾ ਹੈ ਕਿ ਅੱਜ ਦੀ ਪੂੰਜੀ ਵਹਿਸ਼ੀ ਅਤੇ ਹਵੇਸੀ ਢੰਗ ਨਾਲ ਅਰਥਵਿਵਸਥਾ ਦੇ ਸਾਰੇ ਖੇਤਰਾਂ ਨੂੰ ਆਪਣੇ ਕੰਟਰੋਲ ਕਰਨ ਦੀ ਹੋੜ 'ਚ ਹੈ ਉਥੇ ਪੂੰਜੀ ਦੇ ਅੰਦਰੂਨੀ ਘਰਾਣਿਆਂ ਗਰੁੱਪਾਂ ਦੀਆਂ ਵਿਰੋਧਤਾਈਆਂ ਵੀ ਪਨਪ ਰਹੀਆਂ ਹਨ। ਇਕ ਦੇਸ਼ ਨਹੀਂ ਦੁਨੀਆ ਦੀ ਅਰਥ ਵਿਵਸਥਾ 'ਚ ਵੱਖ-ਵੱਖ ਸਾਮਰਾਜੀ ਦੇਸ਼ਾਂ ਜਾਂ ਵੱਖ-ਵੱਖ ਕਾਰਪੋਰੇਟੀ ਘਰਾਣਿਆਂ ਦੀਆਂ ਵਿਰੋਧਤਾਈਆਂ ਵੀ ਪਨਪ ਰਹੀਆਂ ਹਨ। ਅਜੋਕੇ ਦੌਰ ਦੀਆਂ ਇਹ ਵਿਰੋਧਤਾਈਆਂ ਨੂੰ ਫੜਨ ਬਛਨ ਦਾ ਸੁਆਲ ਹੈ। ਹੁਣ ਜਦੋਂ ਮੰਡੀ ਦੀ ਅਰਥ ਵਿਵਸਥਾ ਅਤੇ ਨਿੱਜੀ ਮੁਨਾਫ਼ੇ ਦੀ ਦੌੜ ਹੈ ਜਾਂ ਯੋਗ ਹੈ ਤਾਂ ਰਾਜਕੀ ਢਾਂਚਿਆਂ ਦੇ ਸੁਰ ਵੀ ਬਦਲ ਗਏ ਹਨ। ਹੁਣ ਛੋਟੇ ਅਦਾਰੇ ਖੇਤੀ ਦਸਤਕਾਰੀ ਜਾਂ ਛੋਟੇ ਕਾਰੋਬਾਰੀ ਪੂੰਜੀ ਲਈ ਲਾਹੇਵੰਦੀ ਦਾ ਸੋਨਾ ਨਹੀਂ ਰਹੇ। ਖੁਦ ਸਰਕਾਰਾਂ ਜਿਹੜੀਆਂ ਇਨ੍ਹਾਂ ਖੇਤਰਾਂ ਨੂੰ ਉਤਸ਼ਾਹਿਤ ਕਰਨ ਲਈ ਸਬਸਿਡੀਆਂ ਦਿੰਦੀਆਂ ਸਨ, ਨੂੰ ਖਤਮ ਕਰ ਰਹੀਆਂ ਹਨ ਤਾਂ ਬੈਂਕਾਂ ਨੂੰ ਮੁਨਾਫ਼ੇ ਦੀ ਹੋੜ ਤੇ ਮੰਡੀ ਦੀ ਅਰਥ ਵਿਵਸਥਾ ਸ਼ਾਮਲ ਕਿਉਂ ਨਹੀਂ ਹੋਣਾ ਚਾਹੀਦਾ। ਮੁਨਾਫ਼ਾ ਤਾਂ ਉਨ੍ਹਾਂ ਦੀ ਹੋੜ ਤੇ ਲੋੜ ਹੈ। ਸੋ ਭਾਰਤੀ ਕਰੋਨੀ (ਯਾਰਬਾਜ਼) ਪੂੰਜੀਵਾਦ ਸਰਵਜਨਕ ਅਦਾਰਿਆਂ ਨੂੰ ਕੌਡੀਆਂ ਦੇ ਭਾਅ ਆਪ ਖ੍ਰੀਦ ਰਹੀਆਂ ਹਨ ਅਤੇ ਆਪਣੇ ਦੇਸੀ ਵਿਦੇਸ਼ੀ ਯਾਰਾਂ (ਕਾਰਪੋਰੇਟ ਘਰਾਣਿਆਂ) ਦੇ ਹੱਥੀਂ ਸੌਂਪ ਰਹੀਆਂ ਹਨ, ਉਥੇ ਅਰਥ ਵਿਵਸਥਾ ਦੀ ਇਹ ਕੁੰਜੀਵਤ ਇਕਾਈ ਭਲਾ ਕਿੰਨਾ ਕੁ ਦੇਰ ਆਜ਼ਾਦ ਸਾਹ ਲੈਂਦੀ ਰਹਿ ਸਕਦੀ ਹੈ। ਨਿੱਜੀ ਪੂੰਜੀ ਸਰਕਾਰੀ ਬੈਂਕਾਂ ਨੂੰ ਹੜੱਪਣ ਦੀ ਤਿਆਰੀ ਕਰ ਚੁੱਕੀ ਹੈ।

ਇਸ ਖਦਸ਼ੇ ਨੂੰ ਲੈ ਕੇ ਬੈਂਕ ਮੁਲਾਜ਼ਾਂ ਦੀਆਂ ਟਰੇਡ ਯੂਨੀਅਨਾਂ ਨੇ ਅਵਾਜ਼ ਵੀ ਉਠਾਈ ਸੀ ਪਰ ਟਰੇਡ ਯੂਨੀਅਨਾਂ ਤਾਂ ਹਾਰੀ ਹੋਈ ਲੜਾਈ ਲੜ ਰਹੀਆਂ ਹਨ। ਪ੍ਰਤੀਕਆਤਮਕ ਵਿਰੋਧ ਦਾ ਹੁਣ ਦੌਰ ਨਹੀਂ ਰਿਹਾ। ਜਦੋਂ ਪੂੰਜੀ ਤੇ ਕਿਰਤ ਦੀ ਲੜਾਈ ਆਹਮੋ-ਸਾਹਮਣੇ ਹੋਵੇ ਤਾਂ ਲੜਾਈ ਦੇ ਪੈਂਤੜੇ ਉਸੇ ਅਨੁਸਾਰੀ ਲੈਣੇ ਪੈਣਗੇ। ਵਿਸ਼ਵ ਬੈਂਕ ਦਾ ਦਬਾਅ ਹੈ ਤੁਸੀਂ ਹਰ ਕੀਮਤ ਉਤੇ ਆਪਣੀ ਵਿਕਾਸ ਦਰ ਵਧਾਓ। ਵਿਕਾਸ ਦਰ 'ਚ ਵਾਧੇ ਦੀ ਦੌੜ 'ਚ ਬੈਂਕਾਂ ਦਾ ਖਾਦੇ ਜਾਣਾ ਸੁਭਾਵਿਕ ਹੀ ਹੈ। ਸਾਮਰਾਜੀ ਪੂੰਜੀ ਦਾ ਇਹੋ ਵਹਿਸ਼ੀ ਚਿਹਰਾ ਹੈ। ਜਿਹਨੂੰ ਬੁਝਨਾ ਬਣਦਾ ਹੈ।

093544-30211

## ਸੰਪਾਦਕ ਮੰਡਲ (ਆਨਰੇਰੀ)

ਮਾ. ਭਜਨ ਸਿੰਘ ਕੈਲਗਰੀ, ਅਲਬਰਟਾ
403-455-4220
ਹਰਬੰਸ ਸਿੰਘ
416-817-7142
ਦੇਵਿੰਦਰ ਤੂਰ
416-902-9372
ਸੁਖਵਿੰਦਰ ਸਿੰਘ ਢਿੱਲੋਂ
ਜਸਪ੍ਰੀਤ ਧਾਲੀਵਾਲ
ਸੁਖਦੇਵ ਸਿੰਘ ਸੰਧੂ

ਮਾਸਟਰ ਬਲਬੀਰ ਸਿੰਘ ਗਿੱਲ
ਅਵਤਾਰ ਸਿੱਧੂ, ਵਿਨੀਪੈਗ ਮਾਨੀਟੋਬਾ
204-981-3375
ਗੁਰਬਚਨ ਸਿੰਘ ਬਰਾੜ
403-470-2628
ਬਲਜਿੰਦਰ ਸਿੰਘ
ਗ੍ਰਾਫਿਕਸ ਡਿਜ਼ਾਇਨਰ
+91-92167-29598
akashdeep.1064@gmail.com

'ਸਰੋਕਾਰਾਂ ਦੀ ਆਵਾਜ਼' ਅਖ਼ਬਾਰ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਅਸਤਕਾਲ ਤੇ ਅਸਥੀਆਂ ਦੇ ਪੈਂਦੇ ਹਿੱਸਿਆਂ ਦੇ ਕਿੱਸਿਆਂ ਤੋਂ ਚਿੰਤਤ ਬਜ਼ੁਰਗ

## (ਬਨਾਮ ਐਸੋਸੀਏਸ਼ਨ ਆਫ ਸੀਨੀਅਰਜ਼ ਕਲੱਬਜ਼ ਟੋਰਾਂਟੋ)



ਪ੍ਰਿੰਸੀਪਲ ਬਲਕਾਰ ਸਿੰਘ ਬਾਜਵਾ

ਬਾਪ ਦੇ ਪੂਰੇ ਹੋ ਜਾਣ ਪਿੱਛੋਂ ਇਕਲੌਤੇ ਪੁੱਤ ਨੇ ਆਪਣੀ ਮਾਂ ਨੂੰ ਬਿਰਧ ਘਰ ਵਿੱਚ ਦਾਖਲ (ਜਮ੍ਹਾਂ) ਕਰਾ ਸੁਰਖ਼ਰੂ ਹੋ ਬੈਠਾ। ਕਦੀ ਕਦੀ ਮਿਲ ਆਉਂਦਾ। ਇੱਕ ਦਿਨ ਫੋਨ ਆਇਆ ਮਾਂ ਅੰਤਲੇ ਸਾਹਾਂ 'ਤੇ ਹੈ, ਮਿਲ ਜਾ। ਆਖਰੀ ਸਵਾਸ ਲੈ ਰਹੀ ਮਾਂ ਕੋਲ ਖਲੋਤੇ ਪੁੱਤ ਵੱਲ ਅੱਖਾਂ ਚੁੱਕ ਕਹਿੰਦੀ, ਪੁੱਤ ਮੇਰੇ ਪਿੱਛੋਂ ਏਥੇ ਇੱਕ ਪੱਖਾ ਜ਼ਰੂਰ ਲਵਾ ਦਈਂ। ਪੁੱਤ ਬੋਲਿਆ: ਕੀ ਲੋੜ ਹੈ ਮਾਂ। ਤੂੰ ਤਾਂ ਹੁਣ ਆਖਰੀ ਸਾਹਾਂ 'ਤੇ ਹੈਂ। ਮਾਂ ਨੇ ਕਿਹਾ, ਪੁੱਤ ਜਾਨ ਕੱਢਵੀਂ ਗਰਮੀ 'ਚ... ਮੈਂ ਤਾਂ ਸਮਾਂ ਕੱਟ ਲਿਆ... ਪਰ ਪੁੱਤ... ਜਦੋਂ ਤੇਰੇ ਬੱਚੇ ...ਤੈਨੂੰ ਏਥੇ ਦਾਖਲ ਕਰਾ ਗਏ... ਤੇਰੇ ਕੋਲੋਂ ...ਇਹ ਗਰਮੀ ਸਹਾਰੀ ਨਹੀਂ ਜਾਣੀ...। ਏਨਾ ਕਹਿ ਮਾਂ ਸਦਾ ਲਈ ਸੌਂ ਗਈ। ਲੋਕ ਤਾਂ ਇਹ ਵੀ ਕਥਾ ਸੁਣਾਉਂਦੇ ਹਨ: ਪ੍ਰੇਮਿਕਾ ਦੇ ਕਹੇ 'ਤੇ ਮਾਂ ਦਾ ਦਿਲ ਕੱਢ ਛੇਤੀ ਤੋਂ ਛੇਤੀ ਪ੍ਰੇਮਿਕਾ ਕੋਲ ਪਹੁੰਚਣ ਲਈ... ਪੁੱਤ ਭੱਜਾ ਜਾਵੇ... ਭੱਜੇ ਜਾਂਦੇ ਨੂੰ ਠੇਡਾ ਲੱਗਾ... ਡਿੱਗ ਪਿਆ... ਮਾਂ ਦੇ ਦਿਲ 'ਚੋਂ ਦਰਦਮਈ ਹੂਕ ਨਿਕਲੀ...ਮਾਂ ਸਦਕੇ... ਪੁੱਤ ਸੱਟ ਤਾਂ ਨਈਉਂ ਲੱਗੀ...। ਏਦਾਂ ਦਾ ਹੀ ਪਾਕਿਸਤਾਨੀ ਸ਼ਾਇਰ ਅਨਵਰ ਮਸੂਦ ਦੀ ਤਨਜ਼ੀਆ ਸ਼ਾਇਰੀ ਵਿੱਚ ਸੁਣਾਇਆ ਕਿੱਸਾ ਦੱਸੇ ਬਿਨਾਂ ਗੱਲ ਅੱਗੇ ਨਈਂ ਜੇ ਤੁਰਦੀ ਪਿਆਰੇ ਦੋਸਤੋ! ਮਾਸਟਰ ਲੇਟ ਆਏ ਬਸ਼ੀਰ ਨੂੰ ਪੁੱਛਦੈ: ਓਏ ਤੂੰ ਬਸ਼ੀਰਿਆ ਲੇਟ ਆਉਣੋਂ ਹਟਦਾ ਨਈਂ ...ਕਰਾਂ ਤੇਰੀ ਮੁਰੰਮਤ। ਮਾਸਟਰ ਜੀ ਸਜ਼ਾ ਜੋ ਮਰਜ਼ੀ ਦਇਓ... ਇੱਕ ਵਾਰੀ ਮੇਰੀ ਗੱਲ ਸੁਣ ਲੌ...। ਮੁਨਸ਼ੀ/ਮਾਸਟਰ ਮਸੂਦ ਆਪ ਏ। ਬਸ਼ੀਰਾ ਬੋਲਿਆ: ਮੁਨਸ਼ੀ ਜੀ... ਅੱਜ ਸਵੇਰੇ ਔਹ ਬੈਠੇ ਅਕਰਮ ਦੀ ਮਾਂ... ਸਾਡੇ ਘਰ ਆਈ... ਉਹਦੇ ਮੱਥੇ 'ਤੇ ਇੱਕ ਨੀਲਾ ਰੋੜ ਉਭਿਆ ਹੋਇਆ ਸੀ ... ਬੁੱਲ੍ਹ ਸੁੱਜੇ ਹੋਏ ... ਤੇ ਸਿੰਮੇ ਖ਼ੂਨ ਦੇ ਨਿਸ਼ਾਨ ਸਨ ... ਅੱਖਾਂ 'ਚ ਅੱਥਰੂ...ਬਹੁਤੀ ਹੀ ਬੇਹਾਲ ਜਿਹੀ... ਰੋਂਦੀ ਹੋਈ ਕਹਿੰਦੀ ਵੇ ਬਸ਼ੀਰਿਆ...ਪੁੱਤ...ਅੱਜ ਫਿਰ ਤੇਰਾ ਦੋਸਤ ਅਕਰਮ... ਮੇਰੇ ਨਾਲ ਲੜਕੇ ਸਕੂਲ ਗਿਆ ਈ... ਰੋਟੀ ਨਈਉਂ ਲੈਕੇ ਗਿਆ ਨਕਰਮਾ... ਆਹ ਮੈਂ ਕਾਹਲੀ ਕਾਹਲੀ 'ਚ ਪੋਣੇ 'ਚ... ਮੱਖਣ ਤੇ ਸ਼ੱਕਰ 'ਚ ਚੂਰੀ ਗੁੰਨੀ ਈ... ਲੈ ਜਾਈਂ ਵੇ ਪੁੱਤ... ਉਹਦੀਆਂ ਤਾਂ...ਭੁੱਖ ਨਾਲ ਆਂਦਰਾਂ ਲੂਸਦੀਆਂ ਹੋਣੀਆਂ ਨੀ...।

ਵੈਸੇ ਏਥੇ ਹੀ ਸਪਸ਼ਟ ਕਰ ਦਿਆਂ। ਸਾਰੇ ਧੀਆਂ ਪੁੱਤ ਏਦਾਂ ਦੇ ਨਹੀਂ ਹੁੰਦੇ। ਏਥੇ ਪੂਣੀ ਕੇਵਲ ਉਸ ਔਲਾਦ ਦੀ ਕੱਤ ਰਿਹਾਂ ਜਿਸ ਹੱਥੋਂ ਇਹੋ ਜਿਹੇ ਕਈ ਕਿਸਮ ਦੇ ਵਰਤਾਰੇ ਸੰਵੇਦਨਸ਼ੀਲ ਬਜ਼ੁਰਗ ਹੰਢਾਉਂਦੇ ਤੇ ਬੜੀ ਸ਼ਿਦਤ ਨਾਲ ਮਹਿਸੂਸ ਕਰਦੇ ਹਨ। ਖ਼ਬਰਾਂ ਵੀ ਪੜ੍ਹਦੇ ਰਹੀ ਦੀਆਂ ਹਨ। ਇਸ ਦੇ ਬਾਵਜੂਦ ਵੀ ਉਹ ਆਪਣੇ ਹੱਥੀਂ ਪਾਲੀ ਦਿਲ ਜਾਨ ਤੋਂ ਪਿਆਰੇ, ਕੋਮਲ, ਮਲੂਕ ਜਿਹੇ ਬੱਚਿਆਂ ਨੂੰ ਮਹਿਸੂਸ ਨਹੀਂ ਹੋਣ ਦਿੰਦੇ। ਜਦੋਂ ਉਹ ਦਿਲਗੀਰ ਹੋਏ ਆਪਣੇ ਫਿਊਨਰਲ ਸਮੇਂ ਦੇ ਦ੍ਰਿਸ਼ ਬਾਰੇ ਨਿਰਾਸ਼ਾਜਨਕ ਕਿੱਸੇ ਛੋਹ ਧਰਦੇ ਹਨ। ਪਰ ਲੋਕਾਚਾਰੀ ਵੱਜੋਂ ਸੁਣਦੇ ਜ਼ਰੂਰ ਨੇ: ਕਾਹਨੂੰ ਭੈੜੀਆਂ ਗੱਲਾਂ ਕਰਦੇ ਓ... ਵਾਹਿਗੁਰੂ ਵਾਹਿਗੁਰੂ ਕਰੋ...ਅਸੀਂ ਹੈਗੇ ਆਂ...। ਉਨ੍ਹਾਂ 'ਚੋਂ ਪੜ੍ਹੇ ਲਿਖੇ ਵਰਿਆਮ ਸੰਧੂ ਦੀ ਕਹਾਣੀ 'ਆਪਣਾ ਆਪਣਾ ਹਿੱਸਾ' ਵਿਚਲੀ ਬੁੱਢੇ ਪਿਉ, ਭਰਾਵਾਂ ਤੇ ਭੈਣ ਦਰਮਿਆਨ ਮਾਂ ਦੇ ਕੱਠ ਬਾਰੇ ਚਰਮ ਸੀਮਾ 'ਤੇ ਪਹੁੰਚੀ ਵਾਰਤਾਲਾਪ ਛੋਹ ਧਰਦੇ ਨੇ ਜੋ ਇਉਂ ਚੱਲਦੀ ਐ: 'ਮਾਂ ਦਾ 'ਕੱਠ ਕਰਨਾਂ ਗੱਜ ਵਜਾਕੇ...ਸਾਰੇ ਅੰਗ-ਸਾਕ ਸੱਦਣੇਂ ਨੇਂ... ਬੁਢੜੀ ਕਰਮਾਂ ਆਲੀ... ਦੋਹਤਿਆਂ ਪੋਤਿਆਂ ਵਾਲੀ ਹੋਕੇ...ਉਮਰ ਭੋਗ ਕੇ ਗਈ ਆ... ਉਹਨੂੰ ਵੱਡਿਆਂ ਕਰਨਾਂ... ਹੈਂ ਕੀ ਸਲਾਹ ਐ?' ਬਾਪ ਬੋਲਿਆ, 'ਪੁੱਤ! ਮੇਰੀ ਕੀ ਸਲਾਹ ਹੋਣੀ ਐ... ਪਰ ਸਾਡੇ ਅਰਗੇ ਛੋਟੇ ਬੰਦਿਆਂ ਨੂੰ ਕਾਹਦਾ ਵੱਡਾ ਕਰਨਾ ਹੋਇਆ।' ਭਰਾਵਾਂ ਤੇ ਭੈਣ ਵਿੱਚ ਚੱਲਦੀ ਠੰਡੀ ਤੱਤੀ ਸਲਾਹ ਆਖੀਰ ਦੋਹਾਂ ਭਰਾਵਾਂ ਤੋਂ ਮਰੇੜੀ ਆਰਥਕ ਦਸ਼ਾ ਵਿੱਚ ਖੇਤੀ ਵਾਲਾ ਛੋਟਾ ਘੁੱਦੂ ਬੋਲਿਆ: "ਵੇਖੋ ਜੀ! ਤੁਹਾਡੇ ਤੋਂ ਕੋਈ ਗੁੱਝੀ-ਛਿਪੀ ਗੱਲ ਨ੍ਹੀਂ ... ਆਪਾਂ ਆਂ ਮਰੇੜੇ ...ਆਪਣੇ ਤੋਂ ਤਾਂ ਅਜੇ ਨ੍ਹੀ ਜੇ ਗੰਗਾ ਗੁੰਗਾ-ਪੁਗਦੀਆਂ... ਜੇ ਬਹੁਤੀ ਗੱਲ ਐ... ਤਾਂ ਬੁੱਢੜੀ ਦੇ ਫੁੱਲ ਤੁਸੀਂ ਗੰਗਾ ਪਾ ਆਓ ...ਤੇ ਆਹ ਬੁੱਢੜਾ ਬੈਠਾ... ਤੁਹਾਡੇ ਸਾਹਮਣੇ ਜਿਊਂਦਾ ਜਾਗਦਾ... ਇਹਦੇ ਮੈਂ ਕੱਲਾ ਈ ਗੰਗਾ ਪਾ ਆਊਂ...ਸੱਚੀ ਗੱਲ ਐ ...ਅਜੇ ਆਪਣੀ ਪੁੱਜਤ ਨ੍ਹੀਂ...ਤੇ ਜੇ ਇਹ ਸੌਦਾ ਵੀ ਨ੍ਹੀ ਮਨਜ਼ੂਰ ਤਾਂ ਸਰਦਾਰ ਜੀ... ਔਹ ਕਿੱਲੀ 'ਤੇ ਤੀਜੇ ਹਿੱਸੇ ਦੇ ਫੁੱਲ ਲਿਆ ਕੇ ਟੰਗ ਲਿਓ... ਜਦੋਂ ਮੇਰੀ ਪਹੁੰਚ ਪਈ... ਮੈਂ ਆਪੇ ਪਾ ਆਊਂ...।" ਕਹਿ ਉੱਠ ਗਿਆ। ਇਹੋ ਜਿਹੀਆਂ ਅਸਲੀਅਤਾਂ ਬਜ਼ੁਰਗਾਂ ਦੀਆਂ ਅੱਖਾਂ ਵਿੱਚ ਅੱਖਾਂ ਪਾ ਅਰਜਨ ਦੀ ਅੱਖ ਵਾਂਗ ਮੱਛੀ ਦੀ ਅੱਖ ਤੇ ਤੀਰ ਦੇ ਨਿਸ਼ਾਨੇ ਨੂੰ ਇੱਕ ਲਾਈਨ 'ਚ ਸੇਧਤ ਹੋ ਜਾਂਦੀਆਂ ਹਨ। ਉਹ ਮੂੰਹ ਰੱਖਣੀਆਂ ਨਾਲ ਪਸੀਜਦੇ ਨਹੀਂ ਅਤੇ ਨਾਲੇ ਉਨ੍ਹਾਂ ਸਾਰੀ ਉਮਰ ਆਪਣੇ ਹੱਥੀਂ ਪਾਲੇ ਪਿਆਰੇ ਬੱਚਿਆਂ 'ਤੇ ਬੋਝ ਨਹੀਂ ਪੈਣ ਦਿੱਤਾ। ਉਹ ਨਹੀਂ ਚਾਹੁੰਦੇ ਕਿ ਅੰਤਕਾਲ ਵੇਲੇ ਉਨ੍ਹਾਂ ਦੀਆਂ ਅਸਥੀਆਂ ਦੇ ਹਿੱਸੇ ਪੈਣ। ਉਹ ਆਪਣੇ ਅਸਤਕਾਲ ਦੇ ਸੰਭਾਵੀ ਬੋਝ ਨੂੰ ਇਸ ਮੰਡੀ ਸਮਾਜ ਵਿੱਚ ਏਨਾ ਸੁਖਾਲਾ, ਸਰਲ ਤੇ ਸਸਤਾ ਜਿਹਾ ਬਣਾ ਜਾਣਾ ਚਾਹੁੰਦੇ ਹਨ ਕਿ ਕਿਸੇ ਨੂੰ ਅਸਥੀਆਂ ਦੇ ਹਿੱਸੇ ਨਾ ਪਾਉਣੇ ਪੈਣ।



'ਮਾਪੇ ਕਦੀ ਨਾ ਹੋਣ ਕੁਮਾਪੇ ਭਾਵੇਂ ਲੱਖ ਮੁਸੀਬਤਾਂ ਪੈਣ'। ਅਜੋਕੀਆਂ ਪਦਾਰਥਕ ਖ਼ੁਦਗਰਜ਼ੀਆਂ 'ਚ ਪੁੱਤ ਕਪੁੱਤੇ ਹੁੰਦੇ ਦੇਖੇ ਜਾ ਰਹੇ ਹਨ। ਅਨੇਕ ਕਥਾਵਾਂ ਪੜ੍ਹੀ ਤੇ ਸੁਣੀ ਦੀਆਂ ਹਨ। ਚੰਗੇ ਮੁਰਾਤਬੇ 'ਤੇ ਪਹੁੰਚੇ, ਕੋਠੀਆਂ 'ਚ ਨੌਕਰਾਂ ਤੇ ਕਾਰਾਂ ਦੇ ਸੁਖ ਸਹੂਲਤਾਂ ਮਾਣਦੇ ਪੁੱਤ ਮਹੀਨਿਆਂ ਦੇ 28, 29, 30, 31 ਦਿਨਾਂ ਦੇ ਹਿਸਾਬ ਨਾਲ ਮਾਪਿਆਂ ਨੂੰ ਰੱਖਣ ਦੀਆਂ ਕਮੀਨੀਆਂ ਗੱਲਾਂ ਕਰਦੇ ਹਨ। ਦਿਨਾਂ ਦੇ ਹਿਸਾਬ ਕਰਦੇ ਆਪਣੇ ਜਨਮਦਾਤਿਆਂ ਨੂੰ ਕਈ ਵਾਰੀ ਗੇਟ ਤੋਂ ਵੀ ਅੰਦਰ ਨਹੀਂ ਵੜਨ ਦੇਂਦੇ। ਉਸੇ ਵੇਲੇ ਧੀਆਂ ਭਾਵੇਂ ਰੱਸੀਆਂ ਧਰ ਹਿੱਸੇ ਨਹੀਂ ਵੰਡਦੀਆਂ, ਪਰ



ਉਹ ਫਿਰ ਵੀ ਔਖੀ ਬਣੀ ਵੇਲੇ ਬਹੁੜਦੀਆਂ ਹਨ। ਇਹੋ ਜਿਹੀਆਂ ਦੁਰਗਤੀਆਂ ਦੇ ਕਿੱਸੇ ਸੁਣ ਸੁਣ ਪਸੀਨੇ ਛੁੱਟ ਪੈਂਦੇ ਹਨ ਅਤੇ ਜਿਨ੍ਹਾਂ ਦਾ ਇਕਲੌਤਾ ਪੁੱਤ ਵੀ ਉਨ੍ਹਾਂ ਦੇ ਪੱਖ ਵਿੱਚ ਨਹੀਂ ਬੋਲਦਾ। ਏਦੂੰ ਵੱਧ 'ਦੁਰਗਤੀ' ਕਿਹੜੀ ਹੋਵੇਗੀ ਜਦੋਂ ਬਜ਼ੁਰਗਾਂ ਨੂੰ ਹਰ 15/16 ਦਿਨਾਂ ਪਿੱਛੋਂ ਦੂਜੇ ਕੋਲ ਛੱਡਣ ਲਈ ਤੋਰ ਦਿੱਤਾ ਜਾਂਦੈ। ਕਈ ਵਾਰੀ ਪੁੱਤ ਵੱਡੀਆਂ ਅਫਸਰੀਆਂ ਮਾਣਦੇ ਹੁੰਦੇ ਨੇ ਤੇ ਬਾਪ ਬਿਰਧ ਆਸ਼ਰਮ ਵਿੱਚ ਪਹੁੰਚਾਇਆ ਹੁੰਦਾ। ਕੈਨੇਡੀਅਨ ਸਰਕਾਰ ਵੱਲੋਂ ਮਿਲਦੀ ਪੈਨਸ਼ਨ ਦੇ ਹਿੱਸੇ ਪਾਏ ਜਾਂ ਹਿੱਸਿਆਂ ਦੀਆਂ ਆਸਾਂ ਰੱਖੀਆਂ ਜਾਂਦੀਆਂ ਹਨ। ਇਸ ਤੇਜ਼ ਕਾਰੋਬਾਰੀ ਰੁਝੇਵਿਆਂ ਵਿੱਚ ਬੁੱਢੇ ਦੀ ਦੇਹਿ ਨੂੰ ਸੰਭਾਲਣ ਦੇ ਕਾਰਜ ਨੂੰ 'ਕੰਮ 'ਚ ਘੜੰਮ' ਪਿਆ ਲੱਗਦੈ। ਫੁੱਲ ਚੁਗਣ ਵੇਲੇ ਸਿਵੇ ਦੇ ਠੰਡੇ ਹੋਣ ਦੀ ਉਡੀਕ 'ਚ ਜੇ ਦੇਰੀ ਹੋ ਜਾਵੇ ਤਾਂ ਕੁਲੱਛਣੇ ਬੋਲ ਸੁਣਨ ਨੂੰ ਮਿਲਦੇ ਹਨ: ਹਾਏ... ਬੁੱਢੇ ਦੀ ਹੱਡੀਆਂ ਚੁਗਣ 'ਚ... ਏਨਾ ਚਿਰ...ਕਰਨ ਵਾਲੇ ... ਏਨੇ ਕੰਮ ਪਏ ਨੇ ... ਬੁੱਢਾ ਮਰਕੇ ਵੀ ... ਵਖਤ ਪਾਈ ਬਈਠਾ ... ।

ਇਸ ਸੋਚ ਅਧੀਨ ਕੈਨੇਡੀਅਨ ਬਜ਼ੁਰਗਾਂ ਦੀਆਂ ਕਲੱਬਾਂ ਜਿੱਥੇ ਆਪਣੇ ਦੈਨਿਕ ਮਨਪ੍ਰਚਾਵੇ ਤੇ ਸੈਰ-ਸਪਾਟਿਆਂ ਦੀਆਂ ਸਰਗਰਮੀਆਂ ਆਯੋਜਤ ਕਰਦੇ ਰਹਿੰਦੇ ਹਨ ਉੱਥੇ ਉਨ੍ਹਾਂ ਆਪਣੇ ਅਸਤਕਾਲ ਵੇਲੇ ਦੇ ਮਸਲਿਆਂ ਨੂੰ ਆਪ ਹੀ ਕਿਉਂਟਨ ਦੇ ਰੱਸੇ ਪੈੜੇ ਵੱਟਣੇ ਅਰੰਭ ਦਿੱਤੇ ਹਨ। ਉਨ੍ਹਾਂ ਨੇ ਤਾਂ ਉਹ ਵੀ ਕਹਾਣੀ ਸੁਣੀ ਹੋਈ ਹੈ ਜਦੋਂ ਅਸਤ ਹੋ ਚੁੱਕੀ ਪਤਨੀ ਨੂੰ ਇੱਕ ਪਤੀ ਚਿੱਠੀ ਲਿਖਦਾ ਹੈ: ਬਲਵੰਤ ਕੁਰੇ ... ਤੇਰੇ ਫਿਊਨਰਲ ਵੇਲੇ...ਤੇਰੇ ਲਾਡਲਿਆਂ ਨੇ ਟਾਲ੍ਹੇ ਵੱਟੇ ਸਨ...ਕੀ ਕੀ ਦੱਸਾਂ...ਕਾਲਜਾ ਬਾਹਰ ਨੂੰ ਆਉਂਦੈ... ਇੱਕ ਕਹਿੰਦਾ... ਤੁਸੀਂ ਪ੍ਰਬੰਧ ਕਰੋ...ਮੇਰੀ ਚੰਡੀਗੜ੍ਹ ਇੱਕ ਮੀਟਿੰਗ ਏ...ਮੈਂ ਪਹੁੰਚੂੰ ਜ਼ਰੂਰ ...ਪਰ...ਦਾਗ ਲਾਉਣ ਵੇਲੇ...ਦੂਜਾ... ਜਿਹੜਾ ਵੱਡਾ ਕਾਰੋਬਾਰੀ ਈ... ਲਾਗਲੇ ਸ਼ਹਿਰ ਕੋਠੀ ਬਣਾ... ਭਾਈਚਾਰੇ 'ਚ ਪੂਰਾ ਚਿੱਟ ਕੱਪੜੀਆ ਬਣਿਆ ਫਿਰਦੈ...ਮਸੀਂ ਹੀ ਤੇਰੇ ਇਸ਼ਨਾਨ ਵੇਲੇ ਪਹੁੰਚਿਆ... ਅਖੇ ਕੱਲ ਬੱਚਿਆਂ ਦੇ ਪੇਪਰ ਸਨ... ਏਦਾਂ ਹੀ ਉਨ੍ਹਾਂ ਤੇਰੇ ਭੋਗ 'ਤੇ ਕੀਤਾ... ਐਨ ਓਦੋਂ ਪਹੁੰਚੇ ਜਦੋਂ ਭਾਈ ਅਰਦਾਸ ਕਰਨ ਉੱਠਿਆ...ਇਹ ਵਰਤਾਰਾ ਵੇਖਦਿਆਂ... ਮੈਂ ਤਾਂ ਬਲਵੰਤ ਕੌਰੇ...ਸਾਰੇ ਕਾਰਜ...ਆਪਣਾ ਕੱਫ਼ਣ ਵੀ ਤਿਆਰ ਕਰ ਰੱਖਿਆ ਈ... ਅਰਥੀ ਦੀ ਸਜਾਵਟ ਦੀਆਂ ਝੰਡੀਆਂ ਵਗੈਰਾ ਵੀ...ਲੈ ਰੱਖੀਆਂ ਨੀ... ਅਤੇ ਅੱਜ ਆਪਣੇ ਹੱਥੀਂ ਆਪ ਹੀ... ਭੋਗ ਵੀ ਪਵਾ ਦਿੱਤਾ ਈ... ਐਵੇਂ ਖ਼ਰਚਿਆਂ ਦੇ ਹਿੱਸੇ... ਪਾਉਂਦੇ ਫਿਰਨਗੇ...ਸ਼ਰੀਕੇ ਨੂੰ...ਤੇ ਸਾਰੇ ਸਾਕ ਸਬੰਧੀਆਂ ਨੂੰ ਬੁਲਾ...ਇੱਕ ਵੱਡੇ ਕਠ ਵਾਲਾ ਲੈਣ ਦੇਣ... ਤੇ ਖਾਣ ਪੀਣ ਦੇ ਅਡੰਬਰ ..ਮੁਕਾ... ਹੁਣ ਸੁਰਖ਼ਰੂ ਹੋ... ਹੌਲਾ ਫੁੱਲ ਮਹਿਸੂਸ ਕੀਤਾ ਈ... ਤੈਨੂੰ ਆਹ ਚਿੱਠੀ ਲਿਖ ਦਿੱਤੀ ਆ... ਤਾਂ ਜੋ ਸਨਦ ਰਹੇ ... ਆਦਿ ਇਤਆਦਿ...ਬੰਤ ਸਿੰਘ ਬਕਲਮਖ਼ੁਦ।

ਜਦੋਂ ਸੀਨੀਅਰਜ਼ ਨੇ ਆਪਣੇ ਫਿਊਨਰਲ ਦਾ ਅਗਾਊਂ ਪ੍ਰਬੰਧ ਕਰਨ ਦਾ ਬੀੜਾ ਚੁੱਕਿਆ ਤਾਂ ਕਈਆਂ ਨੇ ਇਹਨੂੰ ਬਦਸ਼ਗਨੀਆਂ ਕਿਹਾ। ਪਰ ਇਹ ਅੰਤਕਾਲ ਦੇ ਸੱਚ ਹਨ। ਸਭ ਨੂੰ ਪਤਾ ਹੈ ਇਹ ਆਖਰੀ ਵੇਲਾ ਰਾਜੇ ਰਾਣਿਆ 'ਤੇ ਵੀ ਆਇਆ ਸੀ। ਉਹਨਾਂ ਤੋਂ ਵੀ ਨਹੀਂ ਸੀ ਟਲਿਆ ਜਿਨ੍ਹਾਂ ਕਾਲ ਪਾਵੇ ਨਾਲ ਬੰਨਿਆ ਹੋਇਆ ਸੀ। ਇਹਨੇ ਟਲਣਾ ਨਹੀਂ...ਕਿਸੇ ਵੇਲੇ ਵੀ ਵਾਪਰ ਸਕਦੈ...ਕਿਸੇ 'ਤੇ ਵੀ। ਇਨ੍ਹਾਂ ਵਿਚਾਰਾਂ, ਕਿਆਸਾਂ ਹੇਠ ਪਿਛਲੇ ਸਾਲ ਹੋਂਦ 'ਚ ਆਈ ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਦੇ ਉਦਮਾਂ ਤੇ ਚਾਰਾਜੋਈਆਂ ਨੇ ਇਸ ਮਸਲੇ 'ਤੇ ਇੱਕ ਵੱਡੀ ਕਾਮਯਾਬੀ ਹਾਸਲ ਕਰ ਲਈ ਹੈ। 16 ਜੂਨ, 2014 ਨੂੰ ਸਾਕਰ ਹਾਲ (ਡਿਕਸੀ-ਸੰਦਲਵੁੱਡ) ਵਿਖੇ ਹੋਈ ਮੀਟਿੰਗ ਵਿੱਚ ਹਾਜ਼ਰ ਹੋਏ ਸੀਨੀਅਰਜ਼ ਕਲੱਬਾਂ ਦੇ ਨੁਮਾਇੰਦਿਆਂ ਨੂੰ ਐਸੋਸੀਏਸ਼ਨ ਦੇ ਸਪੋਕਸਮੈਨ ਸ. ਅਜੀਤ ਸਿੰਘ ਰੱਖੜਾ ਨੇ ਫਿਊਨਰਲ ਪ੍ਰਾਜੈਕਟ ਦੀ ਰਿਪੋਰਟ ਪੇਸ਼ ਕੀਤੀ। ਜਿਸ ਦਾ ਸਭ ਨੇ ਇੱਕ ਵੱਡੀ ਪ੍ਰਾਪਤੀ ਵੱਜੋਂ ਸਵਾਗਤ ਕੀਤਾ।

ਰੱਖੜਾ ਨੇ ਇਸ ਮੀਟਿੰਗ ਵਿੱਚ ਅਸਤਕਾਲ ਵੇਲੇ ਦੇ ਪ੍ਰਬੰਧ ਦਾ ਵਿਸਥਾਰਤ ਖੁਲਾਸਾ ਕੀਤਾ। ਸੰਜਮੀ ਜੀਵਨ ਸ਼ੈਲੀ ਦੇ ਮਾਲਕ ਬਜ਼ੁਰਗਾਂ ਲਈ ਕੈਨੇਡਾ ਵਿੱਚ ਮਰਨ ਬਾਅਦ 15/20 ਹਜ਼ਾਰ ਡਾਲਰ ਫਿਊਨਰਲ ਉੱਪਰ ਖ਼ਰਚਣਾ ਬੜਾ ਹੀ ਫਜ਼ੂਲ ਲੱਗਦੈ। ਭਾਵੇਂ ਉਨ੍ਹਾਂ ਦੇ ਬੱਚਿਆਂ ਲਈ ਇਹ ਖ਼ਰਚ ਪਿਤਰੀ ਮੋਹ ਦੇ ਸਾਹਮਣੇ ਕੁਝ ਵੀ ਨਾ ਲੱਗਦਾ ਹੋਵੇ, ਪਰ ਬਜ਼ੁਰਗ ਇਸ ਰਕਮ ਨੂੰ ਬਹੁਤ ਵੱਡੀ ਸਮਝਦੇ ਹਨ। ਇੰਡੀਆ ਦੇ ਰੁਪਿਆਂ ਮੁਤਾਬਿਕ ਕਨੇਡਾ ਵਿੱਚ ਇੱਕ ਬੰਦੇ ਦਾ ਮਰਨਾ 10/12 ਲੱਖ 'ਚ ਪੈਂਦੈ। ਪੰਜਾਬ ਵਿੱਚ ਏਨੇ ਪੈਸੇ ਨਾਲ ਕੁੜੀ ਵਿਆਹੀ ਜਾ ਸਕਦੀ ਹੈ। ਇਸ ਲਈ ਐਸੋਸੀਏਸ਼ਨ ਨੇ ਫਿਊਨਰਲਾਂ ਵਾਸਤੇ ਇੱਕ ਸੰਜਮੀ ਰਾਹ ਤਲਾਸ਼ ਲਿਐ। ਫਿਊਨਰਲ ਦੋ ਕਿਸਮ ਦੇ ਹਨ। ਇੱਕ ਦਾ ਨਾਮ ਹੈ ਹਿੰਦੂ ਸਿੱਖ ਬੇਸਿਕ ਫਿਊਨਰਲ ਅਤੇ ਦੂਸਰਾ ਹੈ ਹਿੰਦੂ ਸਿੱਖ ਸ਼ਾਹੀ ਫਿਊਨਰਲ। ਪਿਛਲੇ ਵਿੱਚ ਉਹ ਸਭ

ਕੁਝ ਹੁੰਦਾ ਹੈ ਜੋ ਆਮ 10/12 ਹਜ਼ਾਰ ਵਾਲੇ ਫਿਊਨਰਲ ਵਿੱਚ ਹੁੰਦੈ। ਫਿਊਨਰਲ ਸੇਵਾਵਾਂ ਲਈ ਕੇਵਲ 100 ਡਾਲਰ ਦੀ ਅਡਵਾਂਸ ਅਦਾਇਗੀ ਨਾਲ ਬੁਕਿੰਗ ਕੀਤੀ ਜਾ ਸਕਦੀ ਹੈ। ਬੇਸਿੱਕ ਫਿਊਨਰਲ ਸਿਰਫ 1600 ਡਾਲਰ ਵਿੱਚ ਹੋ ਜਾਂਦੈ। ਸ਼ਾਹੀ ਫਿਊਨਰਲ ਵਿੱਚ ਸਿਰਫ 30/35% ਵੱਧ ਖ਼ਰਚ ਹੁੰਦੈ। ਆਮ ਰਿਸ਼ਤੇਦਾਰ ਸ਼ਾਹੀ ਫਿਊਨਰਲ ਦੀ ਸਲਾਹ ਦਿੰਦੇ ਹਨ। ਜੇ ਤੁਸੀਂ ਇਸ ਅਡਵਾਂਸ ਦੀ ਵਰਤੋਂ ਨਹੀਂ ਕਰਦੇ ਤਾਂ ਐਗਰੀਮੈਂਟ ਚਿੱਠੀ ਐਸੋਸੀਏਸ਼ਨ ਨੂੰ ਵਾਪਸ ਕਰਕੇ ਅਡਵਾਂਸ ਨੂੰ ਵਾਪਸ ਲੈ ਸਕਦੇ ਹੋ। ਇਸ ਪੈਕੇਜ ਦਾ ਸੰਚਾਰ ਅਖ਼ਬਾਰਾਂ, ਟੀ ਵੀ ਅਤੇ ਰੇਡੀਓ ਦੁਆਰਾ ਕੀਤਾ ਜਾ ਰਿਹੈ। ਸਭ ਨੇ ਹੀ ਇਸ ਸੁਵਿਧਾ ਦੀ ਸ਼ਲਾਘਾ ਕੀਤੀ ਅਤੇ ਕਲੱਬਾਂ ਨੂੰ ਇਸ ਪੈਕੇਜ ਦਾ ਵੱਧ ਤੋਂ ਵੱਧ ਪ੍ਰਚਾਰ ਕਰਨ ਲਈ ਕਿਹਾ। ਸਸਤੀ ਫਿਊਨਰਲ ਦੀ ਜਾਣਕਾਰੀ ਦਾ ਇੱਕ ਪੈਕੇਜ ਹਾਜ਼ਰ ਕਲੱਬਾਂ ਨੂੰ ਵੰਡਣ ਲਈ ਦਿੱਤਾ ਗਿਆ। ਐਸੋਸੀਏਸ਼ਨ ਆਫ ਸੀਨੀਅਰਜ਼ ਕਲੱਬਜ਼ ਨੂੰ ਬੜਾ ਹੁੰਗਾਰਾ ਮਿਲ ਰਿਹੈ। ਜੇ ਆਮ ਸੰਗਤ ਇਸ ਨਿਵੇਕਲੇ ਤਰੀਕੇ ਫਿਊਨਰਲ ਕਰਨ ਦੀ ਪਿਰਤ ਪਾ ਲਵੇ ਤਾਂ ਭਾਈਚਾਰੇ ਦਾ ਲੱਖਾਂ ਡਾਲਰ ਬਚ ਸਕਦੈ। ਆਪਣੇ ਪਿਆਰੇ ਬੱਚਿਆਂ ਕੋਲੋਂ ਅਸੀਸਾਂ ਲੈਣ ਦਾ ਇਹ ਇੱਕ ਉਤਮ ਤਰੀਕਾ ਹੈ। ਆਪਣੀ ਸੰਜਮੀ ਜੀਵਨ ਜਾਚ ਦਾ ਜਾਂਦੀ ਵਾਰੀ ਵੀ ਵਿਖਾਵਾ ਕਰ ਵਿਖਾਓ। ਆਉਣ ਵਾਲੀਆਂ ਨਸਲਾਂ ਤੁਹਾਨੂੰ ਯਾਦ ਕਰਨਗੀਆਂ।

ਇਸ ਮੰਡੀ ਸਿਸਟਮ ਵਿੱਚ ਆਪਣੇ ਫਿਊਨਰਲਾਂ ਨੂੰ ਘੱਟ ਤੋਂ ਘੱਟ ਭਾਅ 'ਤੇ ਕਿਉਂਟਣ ਲਈ ਬਜ਼ੁਰਗ ਆਖਰੀ ਸਮੇਂ 'ਤੇ ਕਿਸੇ ਕਿਸਮ ਦਾ ਬੋਝ ਨਹੀਂ ਬਣਨਾ ਚਾਹੁੰਦੇ। ਉਹ ਆਪਣੇ ਆਪ ਆਪਣਾ ਬੋਝ ਸਮੇਟ ਰੁਖ਼ਸਤ ਹੋਣ ਦੀ ਠਾਣੀ ਬੈਠੇ ਹਨ। ਉਹਨਾਂ ਨੇ ਕਈ ਵਾਰੀ ਪਰਿਵਾਰਕ ਤਾਣੇ-ਪੇਟੇ ਦੇ ਤਣਾਵਾਂ ਵਿੱਚ ਗੁਆਚੀਆਂ ਕਦਰਾਂ ਦੇ ਬਣਦੇ ਦੁਸਹਿਰੇ ਅੱਖੀਂ ਵੇਖੇ ਹਨ। ਕਈ ਅਤਿ ਦੇ ਅਣਹੋਣੇ ਭਾਣੇ ਜੱਗ ਜ਼ਾਹਰ ਹਨ। ਇਹੋ ਜਿਹੇ ਵਰਤਾਰੇ ਵਿੱਚ ਅੰਤਲੇ ਸਮੇਂ ਹੁੰਦੀ ਖੁਆਰੀ ਤੋਂ ਬਚਣ ਲਈ ਇਸ ਪੰਜਭੂਤੀ ਦੇਹ ਨੂੰ ਕਿਉਂਟਣ ਦੇ ਪ੍ਰਬੰਧਾਂ ਨੂੰ ਅਗਾਊਂ ਤਿਆਰ ਕਰ ਲਿਐ। ਇਹੋ ਜਿਹੇ ਅਹਿਸਾਸ ਉਹਨਾਂ ਮਾਲੀਆਂ ਨੂੰ ਹੀ ਹੁੰਦੇ ਜਿਨ੍ਹਾਂ ਨੇ ਆਪਣੇ ਹੱਥਾਂ ਤੇ ਪਲਕਾਂ ਦੇ ਸਾਏ ਹੇਠ ਆਪਣੇ ਪਰਿਵਾਰਕ ਬਾਗ ਨੂੰ ਪਾਲਿਆ ਹੁੰਦੈ।

ਬਜ਼ੁਰਗ ਨਹੀਂ ਚਹੁੰਦੇ ਕਿ ਉਨ੍ਹਾਂ ਦੇ ਪਰਿਵਾਰਾਂ ਨੂੰ ਅੰਤਿਮ ਰਸਮਾਂ 'ਤੇ ਵੱਡੀਆਂ ਰਕਮਾਂ ਖ਼ਰਚ ਕਰਨ। ਏਸੇ ਕਰਕੇ ਮਜਬੂਰੀ ਵੱਸ ਕਈ ਘਰਾਂ ਵਾਲੇ ਬਜ਼ੁਰਗਾਂ ਨੂੰ ਮਰਨ ਲਈ ਪੰਜਾਬ ਭੇਜ ਦਿੰਦੇ ਹਨ। ਉਨ੍ਹਾਂ ਲਈ ਘਰ ਦੀਆਂ ਮੌਰਗੇਜਾਂ ਤੇ ਬੱਚਿਆਂ ਦੀ ਪੜ੍ਹਾਈ ਵਗੈਰਾ ਦੇ ਭਾਰੀ ਖ਼ਰਚੇ ਇੱਕ ਚੈਲਿੰਜ ਬਣ ਜਾਂਦੇ ਹਨ। ਲੋਕ ਫਿਊਨਰਲ ਵਰਗੇ ਮਹਿੰਗੇ ਫਜ਼ਦੇ ਖ਼ਰਚੇ ਦੇ ਬੋਝ ਤੋਂ ਪ੍ਰੇਸ਼ਾਨ ਹੋ ਜਾਂਦੇ ਹਨ। ਕਈ ਬਜ਼ੁਰਗ ਤਾਂ ਆਪਣੀਆਂ ਨਿਰਜਿੰਦ ਦੇਹਾਂ ਨੂੰ ਦਾਨ ਵੀ ਕਰ ਰੱਖਿਆ ਹੋਇਐ। ਹਸਪਤਾਲ ਵਾਲੇ



ਸੰਭਾਲਣ, ਖੋਜਾਂ ਕਰਨ ਤੇ ਆਉਂਦੀਆਂ ਪੁਸ਼ਤਾਂ ਦੀ ਸਿਹਤ ਲਈ ਨਵੇਂ ਗਿਆਨ ਦੀ ਖੋਜ ਕਰਨ। ਮਰਨ ਪਿੱਛੋਂ ਮਹਿੰਗੇ ਤਾਬੂਤਾਂ ਵਿੱਚ ਰੱਖਣਾ ਸਾਡੇ ਕਿਸੇ ਵੀ ਰਿਵਾਜ ਵਿੱਚ ਸ਼ਾਮਲ ਨਹੀਂ। ਇਹ ਪ੍ਰੰਪਰਾ ਸਿਰਫ ਸਰਮਾਏਦਾਰੀ ਸਿਸਟਮ ਦੀ ਕਾਢ ਹੈ। ਕੈਨੇਡਾ ਵਿੱਚ ਜਿੱਥੇ ਆਪਣੇ ਧਾਰਮਿਕ ਸੰਸਕਾਰਾਂ ਨੂੰ ਕਾਇਮ ਰੱਖਣ ਦੀ ਪੂਰੀ ਖੁੱਲ੍ਹ ਹੈ, ਉਥੇ ਕਿਸੇ ਵੀ ਧਰਮ ਵਾਲੇ ਨੇ ਹਾਲਾਂ ਤੱਕ ਇਹ ਖੁੱਲ੍ਹ ਲੈਣ ਦੀ ਜੁਰਅਤ ਨਹੀਂ ਕੀਤੀ ਕਿ ਅਸੀਂ ਆਪਣੇ ਮੁਰਦੇ ਨੂੰ ਮਹਿੰਗੇ ਤਾਬੂਤ ਵਿੱਚ ਨਹੀਂ ਰੱਖਣਾ। ਤਾਬੂਤ ਵੇਚਣ ਵਾਲਿਆਂ ਨੇ ਇਹ ਵਹਿਮ ਖਿਲਾਰ ਰੱਖਿਐ ਕਿ ਤਾਬੂਤ ਕਨੂੰਨ ਜ਼ਰੂਰੀ ਹੈ। ਇਸ ਤੋਂ ਬਿਨਾਂ ਫਿਊਨਰਲ ਨਹੀਂ ਹੋ ਸਕਦਾ। ਪਰ ਇਹ ਨਿਰਾ ਵਪਾਰਕ ਢਕੌਂਸਲਾ ਹੈ। ਇਹ ਮਜ਼ਬੂਰੀ ਨਹੀਂ; ਇੱਕ ਭੇਡ ਚਾਲ ਹੈ। ਜਿਵੇਂ ਵਪਾਰੀ ਲੋਕਾਂ ਨੇ ਮਦਰਜ਼ ਡੇਅ, ਫਾਦਰਜ਼ ਡੇਅ ਅਤੇ ਹੋਰ ਖ਼ਰਚੀਲੇ ਤਿਉਹਾਰ ਜਿਵੇਂ ਹੈਲੋਵੀਨ, ਕ੍ਰਿਸਮਿਸ ਅਤੇ ਬੌਕਸ ਡੇਅ ਪ੍ਰਚਲਤ ਕਰ ਰੱਖੇ ਹਨ। ਇਸੇ ਤਰ੍ਹਾਂ ਲਿਸ਼ਕਾਂ ਮਾਰਦੇ ਵੱਡੇ ਵੱਡੇ ਹਾਲਾਂ ਵਾਲੇ ਫਿਊਨਰਲ ਘਰਾਂ ਵਿੱਚ ਸਧਾਰਣ ਬੰਦੇ ਦਾ ਫਿਊਨਰਲ ਐਸੇ ਪੰਪ ਐਂਡ ਸ਼ੋਅ ਨਾਲ ਕਰਦੇ ਹਨ ਜਿਵੇਂ ਉਹ ਕਿਸੇ ਸ਼ਾਹੀ ਪਰਿਵਾਰ ਦਾ ਬੰਦਾ ਹੋਵੇ। ਭਾਵੇਂ ਬੰਦੇ ਨੇ ਅਸਤਕਾਲ ਬਿਰਧ ਆਸ਼ਰਮ 'ਚ ਗੁਜ਼ਾਰਿਆ ਹੋਵੇ। ਵੇਖਾ ਵੇਖੀ ਲੋਕ ਉਸੇ ਤਰ੍ਹਾਂ ਇਸ ਭੇਡਚਾਲ ਦਾ ਸ਼ਿਕਾਰ ਹੋਈ ਜਾ ਰਹੇ ਹਨ ਜਿਵੇਂ ਪੰਜਾਬ ਵਿੱਚ ਮੈਰਿਜ ਪੈਲਸਾਂ ਵਿਖੇ ਪੰਜਾਬੀ ਸਿੰਗਰਾਂ ਨੂੰ ਸਦਣ ਲਈ ਲੱਖਾਂ ਖ਼ਰਚਦੇ ਹਨ।

ਐਸੇ ਕਰੀਮੇਸ਼ਨ ਸੈਂਟਰ ਵੀ ਹਨ ਜੋ ਇੱਕ ਗੱਤੇ ਦੇ ਡੱਬੇ ਵਿੱਚ ਦੇਹ ਹਸਪਤਾਲ ਤੋਂ ਪ੍ਰਾਪਤ ਕਰ ਲੈਂਦੇ ਹਨ। ਆਪਣੀ ਸਿਮਿਟਰੀ ਵਿੱਚ ਦੇਹ ਨੂੰ ਲਾਈਨ ਵਿੱਚ ਲਾ ਦਿੱਤਾ ਜਾਂਦੈ। ਹਫਤੇ ਦੇ ਵਿੱਚ ਵਿੱਚ ਜਿਸ ਦਿਨ ਨੰਬਰ ਲਗਣਾ ਹੋਵੇ ਉਸ ਦਿਨ ਪਰਿਵਾਰ ਨੂੰ ਦਰਸ਼ਨ ਕਰਨ ਲਈ ਇੱਕ ਅੱਧੇ ਘੰਟੇ ਦਾ ਸਮਾਂ ਦੇਂਦੇ ਹਨ। ਤੁਸੀਂ ਆਪਣੇ ਪਰਿਵਾਰਾਂ ਨਾਲ ਕੀਰਤਨ ਸੋਹਲਾ ਪੜ੍ਹੋ ਅਤੇ ਅੰਤਮ ਅਰਦਾਸ ਕਰੋ। ਗੁਰਦੁਆਰੇ/ਮੰਦਰ ਵਿੱਚ ਆਕੇ ਇਕੱਠੇ ਹੋ ਅਰਦਾਸ ਕਰੋ ਤੇ ਪਬਲਿਕ ਸ਼ਰਧਾਂਜਲੀਆਂ ਦੇਵੋ। ਤੁਹਾਡਾ ਕੰਮ ਸੰਪੰਨ ਹੋ ਜਾਂਦੈ। ਸਾਰੀ ਦਿਹਾੜੀ ਕਦੇ ਸ਼ੋਇੰਗ, ਕਦੇ ਫਿਊਨਰਲ ਅਤੇ ਕਦੇ ਗੁਰਦੁਆਰੇ ਮੰਦਰ ਵਿੱਚ ਅੰਤਮ ਅਰਦਾਸਾਂ ਉੱਪਰ ਕਈ ਕਈ ਕੀਮਤੀ ਘੰਟੇ ਖਰਾਬ ਕਰਨ ਦੀ ਕੋਈ ਲੋੜ ਨਹੀਂ। ਮੌਤ ਦੇ ਸਰਟੀਫਿਕੇਟਾਂ ਦੇ ਨਾਲ ਤੁਹਾਨੂੰ ਘਰ ਬੈਠਿਆਂ ਨੂੰ ਅਸਥੀਆਂ ਭੇਜ ਦਿੱਤੀਆਂ ਜਾਂਦੀਆਂ ਹਨ ਜਾਂ ਤੁਸੀਂ ਖੁਦ ਪ੍ਰਾਪਤ ਕਰ ਸਕਦੇ ਹੋ। ਜਿਥੇ ਮਰਜ਼ੀ ਜਲ ਪ੍ਰਵਾਹ ਕਰੋ।

ਬੀਤੇ ਦਿਨੀਂ ਬਜ਼ੁਰਗਾਂ ਦੀ ਸੰਸਥਾ ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਦੀਆਂ ਕੋਸ਼ਿਸ਼ਾਂ ਨਾਲ ਪ੍ਰਾਪਤ ਹੋਏ ਪੈਕੇਜ ਤਹਿਤ ਫਿਊਨਰਲ ਹੋਣੇ ਅਰੰਭ ਹੋ ਗਏ ਹਨ। ਸਬੰਧਤ ਪਰਿਵਾਰਾਂ ਨੇ ਅਤਿ ਦੀ ਤਸੱਲੀ ਪ੍ਰਗਟ ਕੀਤੀ ਹੈ। ਇਹ ਤਾਂ ਹਰ ਘਰ ਦੀ ਜ਼ਰੂਰਤ ਹੈ। ਇੱਕ ਬੀਬੀ ਨੇ ਕਿਹਾ ਅੰਕਲ ਜੀ ਤੁਸੀਂ ਤਾਂ ਸਾਨੂੰ ਰੱਬ ਬਣਕੇ ਬਹੁੜੇ ਹੋ। ਮੌਤ ਦਾ ਕੋਈ ਸਮਾਂ ਨਹੀਂ ਹੁੰਦਾ। ਇਹ ਕਿਸੇ ਵੇਲੇ ਕਿਸੇ 'ਤੇ ਵੀ ਵਾਪਰ ਸਕਦੈ। ਜੇ ਕਿਤੇ ਇਹ ਕਿਸੇ ਨਵੇਂ ਆਏ 'ਤੇ ਵਾਪਰ ਜਾਏ ਤਾਂ ਵਖ਼ਤ ਪੈ ਜਾਂਦੇ ਹਨ। ਸੀਨੀਅਰਜ਼ ਕਲੱਬਾਂ ਦੀ ਐਸੋਸੀਏਸ਼ਨ ਨੇ ਇਹ ਇੱਕ ਮਾਅਰਕਾਖੇਜ ਉਦਮ ਕੀਤਾ ਹੈ। ਵੈਸੇ ਬਜ਼ੁਰਗਾਂ ਨੂੰ ਵੀ ਆਪਣੀ ਵਸੀਅਤ ਦੇ ਨਾਲ ਅੰਤਕਾਲ ਕਿਉਂਟਣ ਸਬੰਧੀ ਆਪਣੀ ਇੱਛਾ ਜ਼ਰੂਰ ਲਿਖ ਰੱਖਣੀ ਚਾਹੀਦੀ ਹੈ। ਉਨ੍ਹਾਂ ਨੂੰ ਫਜ਼ੂਲ ਕੱਠ ਕਰਨ ਦੀਆਂ ਰਸਮਾਂ 'ਤੇ ਵੱਡੇ ਖ਼ਰਚ ਕਰਨ ਦੀ ਬਜਾਏ ਇਹ ਪੈਸਾ ਪਿੱਛੇ ਉਹਦੇ ਪਿੰਡ ਦੇ ਗਰੀਬ ਬੱਚਿਆਂ ਨੂੰ ਕਿਤਾਬਾਂ, ਕਾਪੀਆਂ, ਫੀਸਾਂ, ਪਿੰਗਲਵਾੜਾ, ਅਪਾਹਜ ਤੇ ਬਿਰਧ ਆਸ਼ਰਮਾਂ ਆਦਿ ਦੀ ਮਦਦ ਵਿੱਚ ਲਾਉਣ ਲਈ ਕਹਿ ਰੱਖਣਾ ਚਾਹੀਦਾ ਹੈ। ਮਰਨ ਪਿੱਛੋਂ ਬਿਸਤਰੇ, ਬਸਤਰ, ਮੰਜੇ ਦੇਣੇ ਕਰਮਕਾਂਡਾਂ ਤੋਂ ਵੱਧ ਕੁਝ ਨਹੀਂ। ਗੁਰਦੁਆਰਿਆਂ ਕੋਲੋਂ ਤਾਂ ਪਹਿਲਾਂ ਹੀ ਰੁਮਾਲੇ ਨਹੀਂ ਸੰਭਾਲੇ ਜਾ ਰਹੇ। ਇਹੋ ਜਿਹੇ ਤਰੀਕਿਆਂ ਨਾਲ ਅਸਤਕਾਲ ਦੀ ਦੁਰਦਸ਼ਾ ਤੋਂ ਇਹ ਪੰਜਭੂਤੀ ਸਰੀਰ ਬਚ ਜਾਏਗਾ ਤੇ ਉਸ ਦੀ ਭਾਵਨਾ ਦਾ ਵਧੀਆ ਸਨਮਾਨ ਹੋ ਸਕੇਗਾ। ਠੀਕ ਹੈ ਨਾ ਦੋਸਤੋ! ਵਧ ਤੋਂ ਵਧ ਇੰਤਜ਼ਾਮ ਕਰੋ। ਇਸ ਵਿੱਚ ਹੀ ਤੁਹਾਡੀ ਦਾਨਸ਼ਮੰਦੀ ਦਾ ਪ੍ਰਗਟਾਵਾ ਹੈ।

ਫੋਨ: 647-402-2170


CENTUM®
E Z Mortgage Group Inc.
All your financial needs.
private loans .debt consolidation.
self employment. secured line of credit.
business loan. bad credit no problem.
1st, 2nd & 3d Mortgages get approved
Brokerage Licence #2105
Cell:416-625-3352
hs_7matharu@yahoo.ca,
Fax: 905-676-8018
Website: www.centum.ca/ezmortgage
7050-14A Bramalea Road Mississauga, ON L5S 1T1

HARJIT SINGH
Mortgage consultant
Lic#M08007991


# ਅਦਬੀ ਚਿਹਰਿਆਂ ਦੇ ਰਿਸ਼ਤਿਆਂ ਦੀ ਦਾਸਤਾਨ

**ਕਿਤਾਬ ਦਾ ਨਾਂ : ਮੋਤੀਆਂ ਦੀ ਮਾਲਾ**
**ਲੇਖਕ : ਅਮਰਜੀਤ ਸਿਘ ਹੇਅਰ**
**ਸਫ਼ਾ :** 104
**ਕੀਮਤ :** 175 ਰੁਪਏ
**ਪ੍ਰਕਾਸ਼ਕ : ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ**
ਰਿਵਿਊਕਾਰ : ਜਰਨੈਲ ਸਿੰਘ ਅੱਚਰਵਾਲ : 905-499-4799

ਅਮਰਜੀਤ ਸਿੰਘ ਹੇਅਰ ਆਪਣੀ ਇਸ ਕਿਤਾਬ ਤੋਂ ਪਹਿਲਾਂ ਮਾਂ ਬੋਲੀ ਦੇ ਭੰਡਾਰ ਵਿਚ 'ਦੱਬੀ ਅੱਗੀ' ਕਹਾਣੀ ਸੰਗ੍ਰਿਹ, 'ਚਿੱਠੀਆਂ ਮਿੱਤਰਾਂ ਦੀਆਂ', 'ਫੈਜ਼ ਅਹਿਮਦ ਫੈਜ਼ ਦੀ ਚੋਣਵੀਂ ਸ਼ਾਇਰੀ ਸੰਪਾਦਨ, 'ਕੁੱਖ ਦੀ ਅੱਗ' ਕਹਾਣੀ ਸੰਗ੍ਰਿਹ ਸ਼ਾਮਲ ਕਰ ਚੁੱਕਾ ਹੈ। ਕਿਤਾਬ 'ਮੋਤੀਆਂ ਦੀ ਮਾਲਾ' ਵਿਚ ਉਨ੍ਹਾਂ ਅਦਬੀ ਚਿਹਰਿਆਂ ਨੂੰ ਯਾਦ ਕੀਤਾ ਹੈ ਜਿਨ੍ਹਾਂ ਦਾ ਪਿਆਰ ਸਤਿਕਾਰ ਉਹ ਆਪਣੇ ਦਿਲ ਵਿਚ ਸੰਭਾਲੀ ਬੈਠਾ ਹੈ। ਕਿਤਾਬ ਅੰਦਰ 22 ਅਦਬੀ ਚਿਹਰਿਆਂ ਨੂੰ ਅੰਕਿਤ ਕੀਤਾ ਗਿਆ ਹੈ। ਜਿਨ੍ਹਾਂ ਵਿਚ ਦਾਦੀ ਮਾਂ, ਪਿਤਾ, ਰਿਸ਼ਤੇਦਾਰ, ਅਧਿਆਪਕ, ਦੋਸਤ, ਲੇਖਕ, ਚਿੱਤਰਕਾਰ, ਗਾਇਕ ਤੇ ਆਪਣੇ ਵਿਦਿਆਰਥੀਆਂ ਨੂੰ ਯਾਦ ਕਰਦਾ ਹੈ। ਲੇਖਕ ਨੇ ਜਿਸ ਤਰ੍ਹਾਂ ਆਪਣੇ ਜੀਵਨ ਦਾ ਸਫ਼ਰ ਤਹਿ ਕੀਤਾ ਹੈ ਉਸੇ ਤਰ੍ਹਾਂ ਇਨ੍ਹਾਂ ਚਿਹਰਿਆਂ ਨੂੰ ਤਰਤੀਬ ਦਿੱਤੀ ਗਈ ਹੈ। ਅਮਰਜੀਤ ਸਿੰਘ ਹੇਅਰ ਛੁਪੇ ਰਹਿਣ ਦੀ ਚਾਹਤ ਦਾ ਲੇਖਕ ਹੈ। ਇਸੇ ਕਰਕੇ ਉਸ ਨੇ ਪੀ. ਐਚ. ਡੀ. ਹੁੰਦਿਆਂ ਵੀ ਆਪਣੇ ਨਾਂ ਨਾਲ ਡਾਕਟਰ ਸ਼ਬਦ ਨਹੀਂ ਜੋੜਿਆ। ਕਿਤਾਬ ਦੀ ਸਮੁੱਚੀ ਰਚਨਾ ਹੀ ਸੁਨਹਿਰਿਆਂ ਦੀ ਖੇਤੀ ਹੈ, ਜੋ ਅਗਲੀਆਂ ਪੀੜ੍ਹੀਆਂ ਤੱਕ ਪਹੁੰਚਦੀ ਕਰਨਾ ਚਾਹੁੰਦਾ ਹੈ। ਅਜਿਹਾ ਕਰਨ ਨਾਲ ਉਹ ਲੇਖਕ ਹੋਣ ਦੇ ਫਰਜ਼ ਨੂੰ ਵੀ ਪਾਲਦਾ ਹੈ ਤੇ ਆਪਣੇ ਆਪ ਸਕੂਨ ਵੀ ਪ੍ਰਾਪਤ ਕਰਦਾ ਹੈ।

80 ਸਾਲ ਪਹਿਲਾਂ ਜਨਮੇ ਹੇਅਰ ਸਾਹਿਬ ਨੇ ਬਰਨਾਲੇ ਇਲਾਕੇ ਦੇ ਪਛੜੇ ਪਿੰਡ ਚੱਕ ਭਾਈਕਾ ਤੋਂ ਉਸ ਸਮੇਂ ਪੜ੍ਹਾਈ ਸ਼ੁਰੂ ਕੀਤੀ ਜਦ ਉਸ ਦੇ ਪਿੰਡ ਵਿਚ ਪ੍ਰਾਇਮਰੀ ਸਕੂਲ ਵੀ ਨਹੀਂ ਸੀ। ਅਨਪੜ੍ਹ ਬਾਪ ਨੇ ਇਸ ਦੀ ਵਿਦਿਆ ਦਾ ਆਗਾਜ਼ ਪਿੰਡ ਦੇ ਇਕ ਮੌਲਵੀ ਪਾਸੋਂ ਕਰਵਾਇਆ। ਉਨ੍ਹਾਂ ਹਾਲਤਾਂ ਵਿਚ ਹੇਅਰ ਸਾਹਿਬ ਦਾ ਮੌਲਵੀ ਤੋਂ ਪੜ੍ਹਾਈ ਸ਼ੁਰੂ ਕਰਕੇ ਅੰਗਰੇਜ਼ੀ ਮਾਧਿਅਮ ਰਾਹੀਂ ਪੀ. ਐਚ. ਡੀ. ਕਰਕੇ ਯੂਨੀਵਰਸਿਟੀ ਦੇ ਅਧਿਆਪਕ ਦੇ ਅਹੁਦੇ ਤੱਕ ਪਹੁੰਚਣ ਦੀ ਘਾਲਣਾ ਵੀ ਪਾਠਕ ਲਈ ਇਕ ਵੱਡਾ ਸੁਨੇਹਾ ਹੈ। ਇਹ ਸੁਨੇਹਾ ਕਾਤਬ ਆਪਣੀ ਕਿਸੇ ਲਿਖਤ ਰਾਹੀਂ ਨਹੀਂ ਦਿੰਦਾ ਸਗੋਂ ਪਾਠਕ ਦੂਸਰੀਆਂ ਲਿਖਤਾਂ ਤੋਂ ਪ੍ਰਾਪਤ ਕਰਦਾ ਹੈ। ਦੂਸਰੇ ਪ੍ਰਭਾਸ਼ਿਤ ਕੀਤੇ ਗਏ ਰਿਸ਼ਤਿਆਂ ਵਿਚ ਉਸ ਦਾ ਆਪਣਾ ਜੀਵਨ ਸਫ਼ਰ ਵੀ ਜਾਰੀ ਰਹਿੰਦਾ ਹੈ। ਲੇਖਕ ਦੀ ਨਿੱਜਤਾ ਸਮੂਹ ਲਈ ਸੁਨੇਹਾ ਬਣ ਜਾਂਦੀ ਹੈ।

ਇਹ ਕਿਤਾਬ ਪਾਠਕ ਨੂੰ ਸੱਤ ਦਹਾਕੇ ਪਹਿਲਾਂ ਦੇ ਪੰਜਾਬ ਦੇ ਦਰਸ਼ਨ ਕਰਵਾਉਂਦੀ ਹੈ। ਉਸ ਸਮੇਂ ਦੇ ਪੰਜਾਬ ਦੀ ਭੂਗੋਲਿਕ ਸਥਿਤੀ ਕਿਹੋ ਜਿਹੀ ਸੀ? ਮਨੁੱਖ ਕਿੰਨਾ ਸਮਾਜਿਕ ਹਾਲਤਾਂ ਵਿਚ ਗੁਜ਼ਰਦਾ ਸੀ? ਰਾਜਨੀਤਕ ਤਾਣਾ-ਬਾਣਾ ਕੀ ਸੀ? ਲੋਕਾਂ ਦਾ ਰਹਿਣ-ਸਹਿਣ, ਆਵਾਜਾਈ ਦੇ ਸਾਧਨ, ਪਹਿਰਾਵਾ, ਬੋਲੀ, ਰਸ਼ਮ ਰਿਵਾਜ਼, ਲੋਕਾਂ ਦੇ ਖ਼ਿਆਲ ਤੇ ਪਿੰਡਾਂ ਵਿਚ ਅਨਪੜ੍ਹਤਾ ਦੇ ਮਾਹੌਲ ਨੂੰ ਵਰਨਣ ਕਰਦੀ ਹੈ। ਆਪਸੀ ਰਿਸ਼ਤਿਆਂ ਦੇ ਪਿਆਰ ਦੀਆਂ ਤੰਦਾਂ ਐਨੀਆਂ ਪੀੜ੍ਹੀਆਂ ਸਨ, ਜੋ ਕਦੀ ਖੁੱਲ੍ਹਦੀਆਂ ਨਹੀਂ, ਤੋੜ ਜ਼ਿੰਦਗੀ ਨਿਭਦੀਆਂ ਸਨ। ਇਸ ਸੰਦਰਭ ਵਿਚ ਕਿਤਾਬ ਵਿਰਾਸਤੀ ਕਿਤਾਬ ਦਾ ਰੂਪ ਲੈਂਦੀ ਹੈ।

ਲੇਖਕ ਮਾਨਵਵਾਦੀ ਹੈ। ਉਹ ਪਿਆਰ ਦੀ ਸਰਵਪੱਖੀ ਭੂਮਿਕਾ ਨਿਭਾਉਂਦਾ ਹੈ। ਮਨੁੱਖ ਦੇ ਪਿਆਰ ਦੀ ਸਭ ਤੋਂ ਪਹਿਲੀ ਤੰਦ ਮਾਂ ਦੇ ਪਿਆਰ ਨਾਲ ਜੁੜਦੀ ਹੈ। ਲੇਖਕ ਦੀ ਦਾਦੀ ਮਾਂ ਹਮੇਸ਼ਾ ਮਾਂ ਦੇ ਪਿਆਰ ਨੂੰ ਪੂਰਾ ਕਰਨ ਦੇ ਆਹਰ ਵਿਚ ਰਹਿੰਦੀ ਹੈ। ਉਹ ਦਾਦੀ ਵਿਚੋਂ ਹੀ ਮਾਂ ਤੇ ਦਾਦੀ ਦੇ ਪਿਆਰ ਨੂੰ ਪਾਉਂਦਾ ਹੈ ਤੇ ਇਥੋਂ ਹੀ ਆਪਣੀ ਰਚਨਾ ਦਾ ਆਗਾਜ਼ ਕਰਦਾ ਹੈ। ਇਸ ਤੋਂ ਅੱਗੇ ਉਸ ਦਾ ਸਬੰਧ ਜਿਨ੍ਹਾਂ ਰਿਸ਼ਤਿਆਂ ਨਾਲ ਜੁੜਦਾ ਗਿਆ, ਸਭ ਪ੍ਰੇਰਨਾ ਸਰੋਤ ਵੀ ਬਣੇ ਤੇ ਅਗਾਂਹ ਤੋਰਨ ਲਈ ਸਹਾਇਕ ਵੀ। ਲੇਖਕ ਦੀ ਇਹ ਖੂਬੀ ਰਹੀ ਹੈ ਕਿ ਉਹ ਇਨ੍ਹਾਂ ਤੋਂ ਮਿਲੇ ਪਿਆਰ ਨੂੰ ਦਿਲ ਵਿਚ ਸਾਂਭਦਾ ਰਿਹਾ ਤੇ ਸਮਾਂ ਮਿਲਣ 'ਤੇ ਅੰਦਰਲੇ ਪਿਆਰ ਦਾ ਇਜ਼ਹਾਰ ਕਰ ਦਿੱਤਾ। ਲੇਖਕ ਅੰਦਰ ਸਦਾ ਜਗਿਆਸਾ ਭਾਰੂ ਰਹੀ ਹੈ।

ਭੂਆ ਹਰ ਕੌਰ ਇਕ ਵੱਖਰੇ ਕਿਰਦਾਰ ਦੀ ਮਾਲਕਣ ਹੈ ਜੋ ਲੇਖਕ ਦੇ ਸਰੀਕੇ ਵਿਚੋਂ ਦੂਰ ਦੇ ਰਿਸ਼ਤੇ ਤੋਂ ਭੂਆ ਲੱਗਦੀ ਹੈ। ਇਸ ਦਾ ਪਿੰਡ ਮੱਲ੍ਹਾ ਹੈ। ਲੇਖਕ ਪੰਜਵੀਂ ਤੋਂ ਅੱਠਵੀਂ ਤੱਕ ਉਸ ਪਾਸ ਪੜ੍ਹਦਾ ਹੈ। 80 ਸਾਲਾ ਭੂਆ ਦਾ ਸਾਂਝਾ ਪਰਿਵਾਰ ਸੀ। ਉਸ ਸਮੇਂ ਭੂਆ ਆਪਣੀ ਹੋਰ ਰਿਸ਼ਤੇਦਾਰੀ ਵਿਚੋਂ ਵੀ ਇਕ ਕੁੜੀ ਨੂੰ ਸੱਦ ਕੇ ਪੜ੍ਹਾ ਰਹੀ ਹੁੰਦੀ ਹੈ। ਭੂਆ ਘਰ ਦਾ ਕੇਂਦਰ ਹੈ ਜੋ ਸਭ ਨੂੰ ਪਿਆਰ ਵੰਡਦੀ ਹੈ। ਭੂਆ ਦਾ ਵਰਤਾਰਾ ਸਾਂਝੇ ਪਰਿਵਾਰਾਂ ਦੀ ਤਰਜਮਾਨੀ ਕਰਦਾ ਹੈ। ਲੇਖਕ ਲਿਖਦਾ ਹੈ, "ਬਚਪਨ ਵਿਚ ਭੂਆ ਪਾਸ ਬਿਤਾਏ ਚਾਰ ਵਰ੍ਹੇ ਮੇਰੀ ਜ਼ਿੰਦਗੀ ਦਾ ਖ਼ੁਸ਼ੀ ਭਰਿਆ ਸਮਾਂ ਸੀ। ਉਸ ਨੂੰ ਯਾਦ ਕਰਕੇ ਅੱਜ ਵੀ ਮੇਰਾ ਮਨ ਖਿੜ ਉਠਦਾ ਹੈ। ਮਨ ਦੀ ਖ਼ੁਸ਼ੀ ਦੀ ਖੁਰਾਕ ਸਨ ਦੌਲਤ ਜਾਂ ਸੁਖ ਅਰਾਮ ਨਹੀਂ ਸਗੋਂ ਮਨੁੱਖੀ ਰਿਸ਼ਤਿਆਂ ਦਾ ਨਿੱਘ ਅਤੇ ਪਰਸਪਰ ਪਿਆਰ ਹੈ।" ਭੂਆ ਨਾਂ ਦੀ ਰਚਨਾ ਪਾਠਕ ਅੱਗੇ ਕਈ ਸਵਾਲ ਖੜ੍ਹੇ ਕਰਦੀ ਹੈ।

ਲੇਖਕ ਜਦ ਆਪਣੀ ਖ਼ਾਬਗਾਹ ਅੰਦਰ ਸੌਣ ਲੱਗਦਾ ਹੈ ਤਾਂ ਉਹ ਪੋਂਡੂ ਮੁਹਾਵਰੇ ਮੁਤਾਬਕ ਛੱਤ ਦੀਆਂ ਕੜੀਆਂ ਨਹੀਂ ਗਿਣਦਾ ਸਗੋਂ ਮਿੱਤਰਾਂ ਦੀ ਦੁਨੀਆ ਵਿਚ ਚਲਾ ਜਾਂਦਾ ਹੈ। ਉਹ ਮਿੱਤਰ ਨੂੰ ਵੱਡਮੁੱਲਾ ਸਰਮਾਇਆ ਸਮਝਦਾ ਹੈ। ਮਿੱਤਰਾਂ ਦੀਆਂ ਚਿੱਠੀਆਂ ਦੀ ਸੰਭਾਲ ਕਰਨੀ ਤੇ ਉਨ੍ਹਾਂ ਚਿੱਠੀਆਂ ਨੂੰ ਕਿਤਾਬੀ ਸ਼ਕਲ ਦੇਣਾ, ਇਸ ਗੱਲ ਦੀ ਗਵਾਹੀ ਹੈ। ਚੰਗੇ ਮਿੱਤਰਾਂ ਦੀ ਅੱਜ ਵੀ ਭਾਲ ਵਿਚ ਹੈ, ਜਿਨ੍ਹਾਂ ਕੋਲ ਬੇਝਿਜਕ ਆਪਣੇ ਮਾਂ ਦੀ ਗੱਲ ਕਰ ਸਕੇ। ਲੇਖਕ ਲਿਖਦਾ ਹੈ, "ਮੈਂ ਸਮਝਦਾ ਹਾਂ ਅਸਲੀ ਦੋਸਤ ਦੀ ਨਿਸ਼ਾਨੀ ਹੀ ਇਹ ਹੈ ਕਿ ਤੁਹਾਨੂੰ ਆਪਣੇ ਦੋਸਤ ਤੋਂ ਕੋਈ ਰਾਜ ਰੱਖਣ ਦੀ ਝਿਜਕ ਨਹੀਂ ਹੁੰਦੀ ਅਤੇ ਤੁਹਾਨੂੰ ਇਹ ਵੀ ਡਰ ਨਹੀਂ ਹੁੰਦਾ ਕਿ ਕੋਈ ਗੱਲ ਤੁਹਾਡੀ ਦੋਸਤੀ ਦੇ ਪਾੜੇ ਵਿਚ ਚਲੀ ਗਈ ਹੈ।" ਦੋਸਤਾਂ ਬਾਰੇ ਇਕ ਹੋਰ ਥਾਂ ਲਿਖਦਾ ਹੈ, "ਜੋ ਲੁਤਫ਼ ਕਿਸੇ ਜਿਗਰੀ ਯਾਰ ਦੀ ਸੰਗਤ ਵਿਚ ਹੁੰਦਾ ਹੈ ਉਹ ਸ਼ਾਇਦ ਕਿਸੇ ਹੋਰ ਮਨੁੱਖੀ ਰਿਸ਼ਤੇ ਵਿਚ ਨਹੀਂ ਹੁੰਦਾ।"

ਲੇਖਕ ਨੇ ਵਾਰਤਿਕ ਵਿਚ ਕਵਿਤਾ ਵਾਲਾ ਰੰਗ ਭਰਿਆ ਹੈ, ਤਸ਼ਬੀਹਾਂ, ਬਿੰਬਾਂ ਨਾਲ ਸ਼ਿੰਗਾਰਿਆ ਹੈ। ਉਸਾਰਣ ਵਜੋਂ 'ਸ਼ਮਸ਼ਾਦ ਬੇਗਮ' ਦੀ ਰਚਨਾ ਵਿਚ ਲਿਖਦਾ ਹੈ, "ਸ਼ਮਸ਼ਾਦ ਦੀ ਆਵਾਜ਼ ਵਿਚ ਅੰਬਾਂ ਉਤੇ ਬੂਰ ਪੈਣ ਵੇਲੇ ਦੀ ਕੋਇਲ ਦੀ ਕੂਕ, ਸਾਉਣ ਦੀਆਂ ਵਰਦੀਆਂ ਫੁਹਾਰਾਂ ਦੀ ਛਮ ਛਮ, ਕਿਸੇ ਅੱਲੜ੍ਹ ਮੁਟਿਆਰ ਦੀਆਂ ਪੰਜੇਬਾਂ ਦੀ ਛਣ ਛਣ ਅਤੇ ਪਹਾੜੀ ਚਰਾਂਦਾ ਵਿਚ ਭੇਡਾਂ ਦੇ ਗਲਾਂ ਵਿਚ ਵਜਦੀਆਂ ਟੱਲੀਆਂ ਦੀ ਟਨ ਟਨ ਵਾਲੀ ਖਿੱਚ ਹੈ।"

*ਨੋਟ : ਹਾਲੀਆ 16ਵੀਂਆਂ ਲੋਕ ਸਭਾਈ ਚੋਣਾਂ 'ਚ ਬੁਹਰਾਸ਼ਟਰੀ ਕੰਪਨੀਆਂ, ਕਾਰਪੋਰੇਟ ਘਰਾਣਿਆਂ ਅਤੇ ਖਾਸਕਰ ਸੰਘ ਪਰਿਵਾਰ ਦੇ ਪਰਖੇ-ਪ੍ਰਤਿਆਏ ਨੁਮਾਇੰਦੇ ਨਿਰੇਂਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਹਕੂਮਤੀ ਗੱਦੀ ਤੇ ਬਿਰਾਜਮਾਨ ਹੋਈ ਹੈ। ਇਸਨੇ ਸੱਤਾਸੀਨ ਹੋਣ ਦੇ ਫੌਰੀ ਬਾਅਦ ਤੇਜ਼ੀ ਨਾਲ ਲੋਕਾਂ ਨੂੰ ਮਹਿੰਗਾਈ ਦੇ ਕੌੜੇ ਘੁੱਟ ਭਰਨ, ਬੀਮਾ, ਬੈਂਕ, ਰੇਲਵੇ ਆਦਿ ਖੇਤਰਾਂ ਨੂੰ ਬਹੁਰਾਸ਼ਟਰੀ ਲੁਟੇਰਿਆਂ ਅੱਗੇ ਸਿੱਧੇ ਵਿਦੇਸ਼ੀ ਨਿਵੇਸ਼ ਲਈ ਖੋਲ੍ਹਣ, ਪਬਲਿਕ-ਪ੍ਰਾਈਵੇਟ ਪਾਰਟਨਰਸ਼ਿਪ ਤੇ ਨਿੱਜੀਕਰਨ ਨੂੰ ਹੋਰ ਬੜਾਵਾ ਦੇਣ ਦੇ ਲੋਕ ਵਿਰੋਧੀ ਕਦਮ ਚੁੱਕੇ ਹਨ। ਨਵਉਦਾਰਵਾਦੀ ਨੀਤੀਆਂ ਨੂੰ ਬੇਰੋਕ-ਟੋਕ ਹੋਰ ਵੱਧ ਅੱਗੇ ਲਿਜਾਣ ਲਈ ਲੋਕਾਂ ਨੂੰ ਕੌੜੀ ਦਵਾਈ ਦੇ ਘੁੱਟ ਪਿਲਾਏ ਜਾ ਰਹੇ ਹਨ। ਕਾਰਪੋਰੇਟਪੱਖੀ ਵਿਕਾਸ ਮਾਡਲ ਨੂੰ ਹੋਰ ਅੱਗੇ ਲਿਜਾਣ ਲਈ ਜਿੱਥੇ ਅਜਿਹੇ ਲੋਕ ਵਿਰੋਧੀ ਕਦਮ ਚੁੱਕੇ ਜਾ ਰਹੇ ਹਨ ਉੱਥੇ ਯੂਰਪੀ ਫਾਸ਼ੀਵਾਦ-ਨਾਜੀਵਾਦ ਦੇ ਨਮੂਨੇ ਦਾ ਭਾਰਤੀ ਹਿੰਦੂ ਫਾਸ਼ੀਵਾਦ ਦਾ ਏਜੰਡਾ ਵੀ ਪੂਰੀ ਵਿਉਂਤਬੰਦੀ ਤੇ ਜੋਸ਼ੋ-ਖਰੋਸ਼ ਨਾਲ ਲਾਗੂ ਕੀਤਾ ਜਾ ਰਿਹਾ ਹੈ। ਯੂਨੀਫਾਰਮ ਸਿਵਲ ਕੋਡ ਲਾਗੂ ਕਰਨ, ਰਾਮ ਮੰਦਰ ਬਣਾਉਣ, ਧਾਰਾ 370 ਖਤਮ ਕਰਨ, ਵਿੱਦਿਆ, ਸਾਹਿਤ, ਕਲਾ ਤੇ ਸੱਭਿਆਚਾਰ ਦਾ ਭਗਵਾਂਕਰਨ ਕਰਨ ਆਦਿ ਦੇ ਇਕ ਤੋਂ ਬਾਅਦ ਇਕ ਵਿਵਾਦਿਤ ਬਿਆਨ ਆ ਰਹੇ ਹਨ। ਜਮਹੂਰੀਅਤ, ਭਿੰਨਤਾ ਤੇ ਅਸਹਿਮਤੀ ਦੀ ਅਵਾਜ਼ ਨੂੰ ਜਬਰੀ ਬੰਦ ਕੀਤਾ ਜਾ ਰਿਹਾ ਹੈ। ਹਿੰਦੂ ਫਾਸ਼ੀਵਾਦ ਦਾ ਖਤਰਨਾਕ ਚਿਹਰਾ ਸੱਤਾ 'ਤੇ ਕਬਜੇ ਬਾਅਦ ਲਗਾਤਾਰ ਤੇਜੀ ਨਾਲ ਉਘੜਕੇ ਸਾਹਮਣੇ ਆ ਰਿਹਾ ਹੈ। ਸੰਘ ਦੇ ਲੁਕਵੇਂ ਤੇ ਪ੍ਰਤੱਖ ਦੋਵੇਂ ਤਰ੍ਹਾਂ ਦੇ ਏਜੰਡਿਆਂ, ਇਸਦੇ ਫਿਰਕੂ, ਗੈਰਜਮਹੂਰੀ, ਸ਼ਹੀਦਾਂ ਦੇ ਅਪਮਾਨ ਕਰਨ ਤੇ ਲੋਕਵਿਰੋਧੀ ਕਿਰਦਾਰ ਬਾਰੇ, ਦਲਿਤਾਂ, ਔਰਤਾਂ ਤੇ ਵੱਖ-ਵੱਖ ਘੱਟ ਗਿਣਤੀਆਂ ਪ੍ਰਤੀ ਤੁਅਸਬੀ ਤੇ ਨੀਚ ਨਜਰੀਏ ਬਾਰੇ ਅਤੇ ਫਾਸ਼ੀਵਾਦ-ਨਾਜੀਵਾਦ ਦੀ ਪੈਰੋਕਾਰੀ ਬਾਰੇ ਇਤਿਹਾਸਕ ਹਵਾਲਿਆਂ ਸਹਿਤ ਚਾਨਣਾ ਪਾਉਂਦਾ ਇਕ ਖੁੱਲ੍ਹਾ ਖਤ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ। ਇਹ ਖਤ ਦਿੱਲੀ ਯੂਨੀਵਰਸਿਟੀ ਦੇ ਰਾਜਨੀਤੀਸ਼ਾਸ਼ਤਰ ਦੇ ਮੁੱਖ ਬੁਲਾਰੇ ਤੇ ਉੱਘੇ ਰੰਗਕਰਮੀ ਸ਼ਮਸੁਲ ਇਸਲਾਮ ਦੁਆਰਾ ਮੋਦੀ ਨੂੰ ਉਸ ਵਕਤ ਲਿਖਿਆ ਗਿਆ ਸੀ ਜਦੋਂ ਉਸਨੂੰ ਗੁਜਰਾਤ ਦਾ ਮੁੱਖ ਮੰਤਰੀ ਬਣਕੇ ਸੰਘ ਦੇ ਏਜੰਡੇ ਨੂੰ ਲਾਗੂ ਕਰਨ ਲਈ ਮੁੱਖ ਸੂਤਰਧਾਰ ਦੀ ਭੂਮਿਕਾ ਅਦਾ ਕਰਨ ਲਈ ਤਾਇਨਾਤ ਕੀਤਾ ਗਿਆ ਸੀ। ਮੋਦੀ ਨੂੰ ਜੋ ਸਵਾਲ ਉਸ ਵਕਤ ਇਸ ਖੁੱਲ੍ਹੇ ਪੱਤਰ 'ਚ ਕੀਤੇ ਗਏ ਸਨ ਉਹ ਅੱਜ ਵੀ ਪੂਰੀ ਤਰ੍ਹਾਂ ਪ੍ਰਸੰਗਿਕ ਤੇ ਅਹਿਮ ਹਨ। - ਅਨੁ.*

# 'ਹਿੰਦੂ ਰਾਸ਼ਟਰਵਾਦੀ' ਨਿਰੇਂਦਰ ਦਮੋਦਰ ਦਾਸ ਮੋਦੀ ਜੀ ਦੇ ਨਾਮ ਇੱਕ ਖੁੱਲ੍ਹਾ ਖਤ

**ਮੂਲ-ਸ਼ਮਸੁਲ ਇਸਲਾਮ**
**ਅਨੁਵਾਦ : ਮਨਦੀਪ**
**98764-42052**

ਸ਼੍ਰੀਮਾਨ!

ਆਸ ਹੈ ਤੁਸੀਂ ਠੀਕ ਹੋਵੋਂਗੇ। ਬੀਤੀ 22 ਜੁਲਾਈ ਨੂੰ ਯੂਰਪੀਨ ਨਿਊਜ਼ ਏਜੰਸੀ ਦੇ ਦੋ ਪੱਤਰਕਾਰਾਂ, ਰਾਸ ਕੋਲੇਵਿਨ ਅਤੇ ਗੋਤਪਤੀ ਨਾਲ ਗੱਲ ਕਰਦੇ ਹੋਏ ਤੁਸੀਂ ਆਪਣੇ ਆਪ ਨੂੰ 'ਹਿੰਦੂ ਰਾਸ਼ਟਰਵਾਦੀ' ਘੋਸ਼ਿਤ ਕੀਤਾ ਅਤੇ ਤੁਹਾਡੇ 'ਚ ਇਕ ਦੇਸ਼ਭਗਤ ਹੋਣ ਦੀ ਭਾਵਨਾ ਦਾ ਸੰਚਾਰ ਕਰਨ ਲਈ ਤੁਸੀਂ ਰਾਸ਼ਟਰੀ ਸਵੈਮ ਸੇਵਕ ਸੰਘ ਦਾ ਸ਼ੁਕਰੀਆ ਅਦਾ ਕੀਤਾ। ਇਹ ਆਰ. ਐਸ. ਐਸ. ਦੀ ਸਿਖਲਾਈ ਹੈ ਕਿ - 'ਤੁਸੀਂ ਜੋ ਵੀ ਕੰਮ ਕਰਦੇ ਹੋ, ਤੁਹਾਨੂੰ ਲੱਗਦਾ ਹੈ ਕਿ ਤੁਸੀਂ ਦੇਸ਼ ਦੀ ਭਲਾਈ ਲਈ ਇਹ ਕਰ ਰਹੇ ਹੋ? ਇਹ ਬੁਨਿਆਦੀ ਸਿਖਲਾਈ ਹੈ। ਹੋਰ ਬੁਨਿਆਦੀ ਸਿਖਲਾਈ ਅਨੁਸ਼ਾਸ਼ਨ ਹੈ। ਤੁਹਾਡੇ ਜੀਵਨ ਨੂੰ ਅਨੁਸ਼ਾਸ਼ਿਤ ਹੋਣਾ ਚਾਹੀਦਾ ਹੈ।'

ਨਿਊਜ਼ ਏਜੰਸੀ ਦਾ ਦਾਅਵਾ ਹੈ ਕਿ ਇਹ ਤੁਹਾਡੇ ਅਧਿਕਾਰਤ ਗਾਂਧੀ ਨਗਰ ਨਿਵਾਸ ਤੇ ਲਈ ਗਈ ਇਕ 'ਦੁਰਲੱਭ ਇੰਟਰਵਿਊ' ਹੈ। ਇਸ ਇੰਟਰਵਿਊ ਨੂੰ ਪੜ੍ਹਕੇ ਮੈਂ ਹੈਰਾਨ ਰਹਿ ਗਿਆ ਕਿਉਂਕਿ ਤੁਸੀਂ ਇਕ ਸਧਾਰਨ ਭਾਰਤੀ ਨਾਗਰਿਕ ਦੀ ਹੈਸੀਅਤ ਤੋਂ ਨਹੀਂ ਬਲਕਿ ਭਾਰਤ ਦੇ ਲੋਕਤੰਤਰਿਕ ਧਰਮ ਨਿਰਪੱਖ ਸੰਵਿਧਾਨ ਦੇ ਅਧੀਨ ਆਉਣ ਵਾਲੇ ਗੁਜਰਾਤ ਦੇ ਮੁੱਖ ਮੰਤਰੀ ਦੇ ਰੂਪ 'ਚ ਗੱਲ ਕਰ ਰਹੇ ਸੀ। ਕਿਉਂਕਿ ਤੁਸੀਂ ਪਾਰਦਰਸ਼ਤਾ ਰੱਖਣ ਦਾ ਦਾਅਵਾ ਕਰਦੇ ਹੋ ਇਸ ਲਈ ਮੈਂ ਇਸ ਉਮੀਦ ਨਾਲ ਇਹ ਖੁੱਲ੍ਹੀ ਚਿੱਠੀ ਲਿਖ ਰਿਹਾਂ ਹਾਂ ਕਿ ਤੁਸੀਂ ਮੇਰੇ ਦੁਆਰਾ ਉਠਾਏ ਸਵਾਲਾਂ ਦੇ ਉੱਤਰ ਜ਼ਰੂਰ ਦੇਵੋਗੇ।

ਆਰ. ਐਸ. ਐਸ. ਦੇ ਇਕ ਪ੍ਰਪੱਕ ਪ੍ਰਚਾਰਕ ਅਤੇ ਕੁਲਵਕਤੀ ਵਰਕਰ ਹੋਣ ਦੇ ਨਾਤੇ ਤੁਸੀਂ ਆਪਣੀਆਂ ਜੜ੍ਹਾਂ ਬਾਰੇ ਮੇਰੇ ਨਾਲੋਂ ਬੇਹਤਰ ਜਾਣਦੇ ਹੋਵੋਂਗੇ। ਮੈਂ ਤੁਹਾਡਾ ਧਿਆਨ ਇਸ ਤੱਥ ਵੱਲ ਲਿਜਾਣਾ ਚਾਹਾਂਗਾ ਕਿ 'ਹਿੰਦੂ ਰਾਸ਼ਟਰਵਾਦੀ' ਸ਼ਬਦ ਦੀ ਉਤਪਤੀ ਬ੍ਰਿਟਿਸ਼ ਸਾਮਰਾਜਵਾਦ ਵਿਰੁੱਧ ਭਾਰਤ ਦੇ ਅਜ਼ਾਦੀ ਸੰਗਰਾਮ ਦੌਰਾਨ ਇਕ ਇਤਿਹਾਸਕ ਸੰਦਰਭ 'ਚ ਹੋਈ ਸੀ।

ਇਹ ਅਜ਼ਾਦੀ ਸੰਘਰਸ਼ ਮੁੱਖ ਰੂਪ 'ਚ ਸੁਤੰਤਰ ਲੋਕਤੰਤਰ ਧਰਮ ਨਿਰਪੱਖ ਭਾਰਤ ਲਈ ਕਾਂਗਰਸ ਦੀ ਅਗਵਾਈ 'ਚ ਲੜ੍ਹਿਆ ਗਿਆ ਸੀ। 'ਮੁਸਲਿਮ ਰਾਸ਼ਟਰਵਾਦੀਆਂ' ਨੇ ਮੁਸਲਿਮ ਲੀਗ ਦੇ ਬੈਨਰ ਹੇਠ ਅਤੇ 'ਹਿੰਦੂ ਰਾਸ਼ਟਰਵਾਦੀਆਂ' ਨੇ 'ਹਿੰਦੂ ਮਹਾਂਸਭਾ' ਤੇ 'ਆਰ. ਐਸ. ਐਸ.' ਦੇ ਬੈਨਰ ਹੇਠ ਇਸ ਅਜ਼ਾਦੀ ਘੋਲ ਦਾ ਇਹ ਕਹਿ ਕੇ ਵਿਰੋਧ ਕੀਤਾ ਕਿ ਹਿੰਦੂ ਅਤੇ ਮੁਸਲਿਮ ਦੋ ਅਲੱਗ ਰਾਸ਼ਟਰ ਹਨ। ਅਜ਼ਾਦੀ ਸੰਗਰਾਮ ਨੂੰ ਅਸਫਲ ਕਰਨ ਲਈ ਇਨ੍ਹਾਂ ਹਿੰਦੂ ਤੇ ਮੁਸਲਿਮ ਰਾਸ਼ਟਰਵਾਦੀਆਂ ਨੇ ਆਪਣੇ ਬਸਤੀਵਾਦੀ ਅਕਾਵਾਂ ਨਾਲ ਹੱਥ ਮਿਲਾ ਲਿਆ ਤਾਂ ਕਿ ਉਹ ਆਪਣੀ ਪਸੰਦ ਦੇ ਧਾਰਮਿਕ ਰਾਜ 'ਹਿੰਦੂ ਸਤਾਨ; ਜਾਂ 'ਹਿੰਦੂ ਰਾਸ਼ਟਰ' ਅਤੇ ਪਾਕਿਸਤਾਨ ਜਾਂ ਇਸਲਾਮੀ ਰਾਸ਼ਟਰ ਹਾਸਲ ਕਰ ਸਕਣ।

ਭਾਰਤ ਨੂੰ ਵੰਡਣ 'ਚ ਮੁਸਲਿਮ ਲੀਗ ਦੀ ਭੂਮਿਕਾ ਅਤੇ ਇਸਦੀ ਰਾਜਨੀਤੀ ਦੇ ਵਿਸ਼ੇ ਨਾਲ ਲੋਕ ਚੰਗੀ ਤਰ੍ਹਾਂ ਜਾਣੂ ਹਨ ਪਰ ਮੈਨੂੰ ਲਗਦਾ ਹੈ ਕਿ ਅਜ਼ਾਦੀ ਪ੍ਰਾਪਤ ਹੋਣ ਦੇ ਬਾਅਦ ਅਜ਼ਾਦੀ ਸੰਗਰਾਮ ਦੌਰਾਨ 'ਹਿੰਦੂ ਰਾਸ਼ਟਰਵਾਦੀਆਂ' ਨੇ ਕਿਹੋ ਜਿਹੀ ਘਟੀਆ ਅਤੇ ਕਪਟੀ ਭੂਮਿਕਾ ਅਦਾ ਕੀਤੀ। ਇਸ ਵਿਸ਼ੇ ਸਬੰਧੀ ਤੁਹਾਡੀ ਯਾਦਦਾਸਤ ਤਾਜ਼ਾ ਕਰਨੀ ਜ਼ਰੂਰੀ ਹੈ।

ਨਰੇਂਦਰ ਜੀ! 'ਹਿੰਦੂ ਰਾਸ਼ਟਰਵਾਦੀ' ਮੁਸਲਿਮ ਲੀਗ ਦੀ ਤਰ੍ਹਾਂ ਹੀ ਤੁਸੀਂ ਵੀ ਦੋ ਰਾਸ਼ਟਰੀ ਸਿਧਾਂਤ 'ਚ ਯਕੀਨ ਰੱਖਦੇ ਹੋ। ਮੈਂ ਤੁਹਾਡਾ ਧਿਆਨ ਇਸ ਤੱਥ ਵੱਲ ਦਿਵਾਉਣਾ ਚਾਹਾਂਗਾ ਕਿ ਹਿੰਦੁਤਵ ਦੇ ਜਨਮਦਾਤਾ ਵੀ. ਡੀ. ਸਾਵਰਕਰ ਅਤੇ ਆਰ. ਐਸ. ਐਸ. ਦੋਵਾਂ ਦੀ ਦੋ ਰਾਸ਼ਟਰੀ ਸਿਧਾਂਤ ਵਿੱਚ ਸਾਫ-ਸਾਫ ਸਮਝਣ ਵਾਲੀ ਸ਼ਰਧਾ ਰਹੀ ਹੈ ਕਿ ਹਿੰਦੂ ਅਤੇ ਮੁਸਲਿਮ ਦੋ ਅਲੱਗ-ਅਲੱਗ ਰਾਸ਼ਟਰ ਹਨ। ਮੁਹੰਮਦ ਅਲੀ ਜਿਨਾਹ ਦੀ ਅਗਵਾਈ ਵਿੱਚ ਮੁਸਲਿਮ ਲੀਗ ਨੇ 1940 'ਚ ਭਾਰਤ ਦੇ ਮੁਸਲਮਾਨਾਂ ਲਈ ਪਾਕਿਸਤਾਨ ਦੀ ਸ਼ਕਲ ਵਿਚ ਇਕ ਅਲੱਗ ਹੋਮਲੈਂਡ ਦੀ ਮੰਗ ਦਾ ਪ੍ਰਸਤਾਵ ਪੇਸ਼ ਕੀਤਾ ਸੀ, ਪਰ ਸਾਵਰਕਰ ਨੇ ਤਾਂ ਇਸਤੋਂ ਕਾਫੀ ਪਹਿਲਾਂ 1937 'ਚ ਹੀ ਜਦੋਂ ਉਹ ਅਹਿਮਦਾਬਾਦ ਦੇ ਹਿੰਦੂ ਸਭਾ ਦੇ 19ਵੇਂ ਸੰਮੇਲਨ ਵਿੱਚ ਪ੍ਰਧਾਨਗੀ ਭਾਸ਼ਣ ਦੇ ਰਹੇ ਸਨ, ਉਦੋਂ ਹੀ ਉਨ੍ਹਾਂ ਨੇ ਐਲਾਨ ਕਰ ਦਿੱਤਾ ਸੀ ਕਿ ਹਿੰਦੂ ਅਤੇ ਮੁਸਲਮਾਨ ਦੋ ਅਲੱਗ ਰਾਸ਼ਟਰ ਹਨ।

'ਫਿਲਹਾਲ ਭਾਰਤ ਵਿਚ ਦੋ ਦੁਸ਼ਮਣ ਰਾਸ਼ਟਰ ਕੋਲ-ਕੋਲ ਰਹਿ ਰਹੇ ਹਨ। ਕਈ



ਕੱਚਘਰੜ ਰਾਜਨੀਤੀਵਾਨ ਇਹ ਮੰਨ ਕੇ ਵੱਡੀ ਗਲਤੀ ਕਰ ਬੈਠਦੇ ਹਨ ਕਿ ਹਿੰਦੋਸਤਾਨ ਪਹਿਲਾਂ ਤੋਂ ਹੀ ਇਕ ਸਦਭਾਵਪੂਰਨ ਰਾਸ਼ਟਰ ਦੇ ਰੂਪ 'ਚ ਢਲ ਗਿਆ ਹੈ ਜਾਂ ਕੇਵਲ ਸਾਡੀ ਇੱਛਾ ਹੋਣ ਦੇ ਰੂਪ 'ਚ ਬਦਲ ਜਾਵੇਗਾ। ਇਸ ਤਰ੍ਹਾਂ ਦੇ ਸਾਡੇ ਨੇਕਨੀਤੀ ਵਾਲੇ ਪਰ ਕੱਚੀ ਸੋਚ ਵਾਲੇ ਦੋਸਤ ਕੇਵਲ ਸੁਪਨਿਆ ਨੂੰ ਸਚਾਈ 'ਚ ਬਦਲਣਾ ਚਾਹੁੰਦੇ ਹਨ। ਇਸ ਲਈ ਉਹ ਫਿਰਕਾਪ੍ਰਸਤ ਉਲਝਣਾਂ ਤੋਂ ਬੇਚੈਨ ਹੋ ਉੱਠਦੇ ਹਨ ਤੇ ਇਸ ਲਈ ਉਹ ਫਿਰਕਾਪ੍ਰਸਤ ਜੱਥੇਬੰਦੀਆਂ ਨੂੰ ਜ਼ਿੰਮੇਵਾਰ ਠਹਿਰਾਉਂਦੇ ਹਨ। ਪਰ ਠੋਸ ਤੱਥ ਇਹ ਹੈ ਕਿ ਤੱਥਹੀਣ ਫਿਰਕਾਪ੍ਰਸਤ ਸਵਾਲ ਹੋਰ ਕੁਝ ਨਹੀਂ ਸਗੋਂ ਸੈਂਕੜੇ ਸਾਲਾਂ ਤੋਂ ਹਿੰਦੂ ਅਤੇ ਮੁਸਲਮਾਨ ਵਿਚਕਾਰ ਸੱਭਿਆਚਾਰਕ ਧਾਰਮਿਕ ਅਤੇ ਕੌਮੀ ਦੁਸ਼ਮਣੀ ਦੇ ਨਤੀਜੇ ਸਾਡੇ ਤੱਕ ਪਹੁੰਚੇ ਹਨ। ਸਾਨੂੰ ਇਨ੍ਹਾਂ ਨਾਖੁਸ਼ਗਵਾਰ ਤੱਥਾਂ ਦਾ ਹਿੰਮਤ ਨਾਲ ਸਾਹਮਣਾ ਕਰਨਾ ਚਾਹੀਦਾ ਹੈ। ਅੱਜ ਇਹ ਬਿਲਕੁਲ ਨਹੀਂ ਮੰਨਿਆ ਜਾ ਸਕਦਾ ਕਿ ਹਿੰਦੋਸਤਾਨ ਏਕਤਾ 'ਚ ਪਰੋਇਆ ਹੋਇਆ ਰਾਸ਼ਟਰ ਹੈ, ਇਸਦੇ ਉਲਟ ਹਿੰਦੋਸਤਾਨ ਵਿਚ ਮੁੱਖ ਦੋ ਰਾਸ਼ਟਰ ਹਨ, ਹਿੰਦੂ ਅਤੇ ਮੁਸਲਮਾਨ।'

ਸ਼੍ਰੀਮਾਨ!, ਆਰ.ਐਸ.ਐਸ. ਨੇ ਹਮੇਸ਼ਾਂ 'ਵੀਰ' ਸਾਵਰਕਰ ਦੇ ਨਕਸ਼ੇ ਕਦਮਾਂ ਤੇ ਚਲਦੇ ਹੋਏ ਇਸ ਵਿਚਾਰ ਨੂੰ ਖਾਰਿਜ ਕੀਤਾ ਹੈ ਕਿ ਹਿੰਦੂ, ਮੁਸਲਿਮ, ਸਿੱਖ ਅਤੇ ਈਸਾਈਆਂ ਨੇ ਮਿਲਕੇ ਇਕ ਰਾਸ਼ਟਰ ਦਾ ਗਠਨ ਕੀਤਾ ਹੈ। ਅਜ਼ਾਦੀ ਤੋਂ ਪਹਿਲੀ ਸਵੇਰ (14 ਅਗਸਤ 1947) ਨੂੰ ਪ੍ਰਕਾਸ਼ਿਤ ਆਰ. ਐਸ. ਐਸ. ਦੇ ਅੰਗਰੇਜੀ ਦੇ ਮੁੱਖ ਪੱਤਰ 'ਆਰਗੇਨਾਈਜ਼ਰ' ਵਿਚ 'ਕਿੱਧਰ' (Whither) ਸਿਰਲੇਖ ਹੇਠ ਪ੍ਰਕਾਸ਼ਿਤ ਸੰਪਾਦਕੀ ਵਿਚ ਇਕ ਵਾਰ ਪੂਰਨ ਦੋ ਰਾਸ਼ਟਰੀ ਸਿਧਾਂਤ ਵਿਚ ਵਿਸ਼ਵਾਸ਼ ਇਨ੍ਹਾਂ ਸ਼ਬਦਾਂ ਰਾਹੀ ਪੇਸ਼ ਕੀਤਾ ਗਿਆ।

'ਰਾਸ਼ਟਰ ਦੀਆਂ ਗਲਤ ਧਾਰਨਾਵਾਂ ਤੋਂ ਗੁੰਮਰਾਹ ਹੋਣ ਤੋਂ ਬਚਣਾ ਚਾਹੀਦਾ ਹੈ ਕਿ ਬਹੁਤ ਸਾਰੇ ਦਿਮਾਗੀ ਭਰਮ ਅਤੇ ਵਰਤਮਾਨ ਅਤੇ ਭਵਿੱਖ ਦੀਆਂ ਮੁਸ਼ਕਲਾਂ ਨੂੰ ਦੂਰ ਕੀਤਾ ਜਾ ਸਕਦਾ ਹੈ ਜੇ ਅਸੀਂ ਇਸ ਸੌਖੇ ਤੱਥ ਨੂੰ ਸਵੀਕਾਰੀਏ ਕਿ ਹਿੰਦੁਸਤਾਨ ਵਿਚ ਸਿਰਫ ਹਿੰਦੂ ਹੀ ਰਾਸ਼ਟਰ ਦਾ ਨਿਰਮਾਣ ਕਰਦਾ ਹੈ ਅਤੇ ਰਾਸ਼ਟਰ ਦਾ ਢਾਂਚਾ ਉਸ ਸੁਰੱਖਿਅਤ ਅਤੇ ਸਹੀ ਬੁਨਿਆਦ ਤੇ ਖੜ੍ਹਾ ਕੀਤਾ ਜਾਣਾ ਚਾਹੀਦਾ ਹੈ।...ਸਵੈ ਰਾਸ਼ਟਰ ਨੂੰ ਹਿੰਦੂਆਂ ਦੁਆਰਾ ਹਿੰਦੂ ਰੀਤੀ-ਰਿਵਾਜ਼ਾਂ, ਸੱਭਿਆਚਾਰ, ਵਿਚਾਰਾਂ ਅਤੇ ਇਛਾਵਾਂ ਦੇ ਅਧਾਰ ਤੇ ਹੀ ਗਠਿਤ ਕੀਤਾ ਜਾਣਾ ਚਾਹੀਦਾ ਹੈ।'

'ਮੇਰਾ 'ਸੈਕੂਲਰਿਜ਼ਮ, ਇੰਡੀਆਂ ਫਸਟ' ਵਾਲਾ ਤੁਹਾਡਾ ਦਾਅਵਾ ਵੀ ਸਮੱਸਿਆਗ੍ਰਸਤ ਹੈ। ਤੁਸੀਂ ਆਪਣੇ ਆਪ ਨੂੰ 'ਭਾਰਤੀ ਰਾਸ਼ਟਰਵਾਦੀ' ਨਹੀਂ ਬਲਕਿ 'ਹਿੰਦੂ ਰਾਸ਼ਟਰਵਾਦੀ' ਮੰਨਦੇ ਹੋ। ਜੇ ਤੁਸੀਂ 'ਹਿੰਦੂ ਰਾਸ਼ਟਰਵਾਦੀ' ਹੋ, ਤਾਂ ਨਿਸ਼ਚਿਤ ਰੂਪ ਨਾਲ ਫਿਰ ਤਾਂ ਦੇਸ਼ ਵਿਚ 'ਮੁਸਲਿਮ ਰਾਸ਼ਟਰਵਾਦੀ', 'ਸਿੱਖ ਰਾਸ਼ਟਰਵਾਦੀ', 'ਇਸਾਈ ਰਾਸ਼ਟਰਵਾਦੀ' ਅਤੇ ਹੋਰ 'ਰਾਸ਼ਟਰਵਾਦੀ' ਵੀ ਹੋਣਗੇ। ਇਸ ਤਰ੍ਹਾਂ ਤੁਸੀ ਭਾਰਤ ਵੰਡ ਲਈ ਜਮੀਨ ਤਿਆਰ ਕਰ ਰਹੇ ਹੋ। ਲਾਜ਼ਮੀ ਤੌਰ ਤੇ ਇਹ ਤੁਹਾਡੇ ਸੰਗਠਨ ਦੇ ਦੋ ਰਾਸ਼ਟਰੀ ਸਿਧਾਂਤ 'ਚ ਅਟੁੱਟ ਵਿਸ਼ਵਾਸ਼ ਕਾਰਨ ਹੈ।

'ਹਿੰਦੂ ਰਾਸ਼ਟਰਵਾਦੀ' ਰਾਸ਼ਟਰੀ ਝੰਡੇ ਤਿਰੰਗੇ ਦੀ ਨਿੰਦਾ ਕਰਦੇ ਹਨ।

ਸ਼੍ਰੀਮਾਨ ਮੋਦੀ ਜੀ! ਆਰ.ਐਸ.ਐਸ. ਦੇ ਇਕ ਵੱਡੇ ਅਤੇ ਪੁਰਾਣੇ ਕਾਰਕੁੰਨ ਹੋਣ ਕਰਕੇ ਤੁਸੀ ਚੰਗੀ ਤਰ੍ਹਾਂ ਜਾਣਦੇ ਹੋਵੋਂਗੇ ਕਿ ਆਰ.ਐਸ.ਐਸ. ਦੇ ਮੁੱਖ ਪੱਤਰ 'ਆਰਗੇਨਾਈਜ਼ਰ' ਨੇ ਅਜ਼ਾਦੀ ਪ੍ਰਾਪਤੀ ਦੀ ਪਹਿਲੀ ਸਵੇਰ ਤੇ ਰਾਸ਼ਟਰੀ ਝੰਡੇ ਲਈ ਇਸ ਭਾਸ਼ਾ ਦੀ ਵਰਤੋਂ ਕੀਤੀ ਸੀ-'ਉਹ ਲੋਕ ਜੋ ਕਿਸਮਤ ਦੇ ਬਲ ਨਾਲ ਸੱਤਾ ਤੱਕ ਪਹੁੰਚੇ ਹਨ ਉਹ ਭਲਾਂ ਹੀ ਸਾਡੇ ਹੱਥਾਂ 'ਚ ਤਿਰੰਗਾ ਦੇ ਦੇਣ, ਪਰ ਹਿੰਦੂਆਂ ਦੁਆਰਾ ਨਾ ਇਸਨੂੰ ਕਦੇ ਸਨਮਾਨਿਤ ਕੀਤਾ ਜਾ ਸਕੇਗਾ ਨਾ ਅਪਨਾਇਆ ਜਾ ਸਕੇਗਾ। ਤਿੰਨ ਦਾ ਅੰਕੜਾ ਆਪਣੇ ਆਪ 'ਚ ਅਸ਼ੁੱਭ ਹੈ ਅਤੇ ਇਕ ਐਸਾ ਝੰਡਾ ਜਿਸ ਵਿਚ ਤਿੰਨ ਰੰਗ ਹੋਣ, ਬੇਹੱਦ ਖਰਾਬ ਮਨੋਵਿਗਿਆਨਕ ਅਸਰ ਪਾਵੇਗਾ ਅਤੇ ਦੇਸ਼ ਲਈ ਨੁਕਸਾਨਦਾਇਕ ਹੋਵੇਗਾ।'

'ਹਿੰਦੂ ਰਾਸ਼ਟਰਵਾਦੀਆਂ' ਨੇ 1942-

43 'ਚ ਮੁਸਲਿਮ ਲੀਗ ਨਾਲ ਮਿਲਕੇ ਗੱਠਜੋੜ ਸਰਕਾਰ ਚਲਾਈ

ਸੰਨ 1942 ਭਾਰਤ ਦੇ ਅਜ਼ਾਦੀ ਸੰਗਰਾਮ ਦੇ ਇਤਿਹਾਸ 'ਚ ਬਹੁਤ ਹੀ ਮਹੱਤਵਪੂਰਨ ਵਰ੍ਹਾ ਹੈ। ਅੰਗਰੇਜ਼ਾਂ ਖਿਲਾਫ ਇਕ ਦੇਸ਼ਵਿਆਪੀ ਸੱਦਾ 'ਅੰਗਰੇਜ਼ੋ ਭਾਰਤ ਛੱਡੋ' ਦਿੱਤਾ ਗਿਆ ਸੀ। ਇਸਦੇ ਜਵਾਬ 'ਚ ਬ੍ਰਿਟਿਸ਼ ਸ਼ਾਸ਼ਕਾਂ ਨੇ ਦੇਸ਼ ਨੂੰ ਨਰਕ 'ਚ ਬਦਲ ਦਿੱਤਾ ਸੀ। ਬ੍ਰਿਟਿਸ਼ ਹਥਿਆਰਬੰਦ ਦਸਤਿਆਂ ਨੇ ਪੂਰੀ ਤਰ੍ਹਾਂ ਨਾਲ ਕਾਨੂੰਨ ਦੇ ਸ਼ਾਸ਼ਨ ਦੀ ਅਣਦੇਖੀ ਕਰਦੇ ਹੋਏ ਵੱਡੇ ਪੈਮਾਨੇ ਤੇ ਆਮ ਭਾਰਤੀਆਂ ਨੂੰ ਮਾਰ ਦਿਤਾ। ਲੱਖਾਂ ਲੋਕਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਹਜ਼ਾਰਾਂ ਨੂੰ ਭਿਆਨਕ ਦਮਨ ਤੇ ਸਜ਼ਾਵਾਂ ਦਾ ਸਾਹਮਣਾ ਕਰਨਾ ਪਿਆ। ਬ੍ਰਿਟਿਸ਼ ਭਾਰਤ ਦੇ ਵੱਖ-ਵੱਖ ਸੂਬਿਆਂ 'ਚ ਸ਼ਾਸ਼ਨ ਕਰ ਰਹੀਆਂ ਕਾਂਗਰਸੀ ਸਰਕਾਰਾਂ ਬਰਖਾਸਤ ਕਰ ਦਿੱਤੀਆਂ ਗਈਆਂ। ਕੇਵਲ ਹਿੰਦੂ ਮਹਾਂਸਭਾ ਅਤੇ ਮੁਸਲਿਮ ਲੀਗ ਹੀ ਐਸੇ ਰਾਜਨੀਤਿਕ ਸੰਗਠਨ ਸਨ ਜਿਨ੍ਹਾਂ ਨੂੰ ਆਪਣਾ ਕੰਮ ਜਾਰੀ ਰੱਖਣ ਦੀ ਆਗਿਆ ਦਿੱਤੀ ਗਈ। ਇਨ੍ਹਾਂ ਦੋਨਾਂ ਸੰਗਠਨਾਂ ਨੇ ਨਾ ਕੇਵਲ ਬ੍ਰਿਟਿਸ਼ ਸ਼ਾਸ਼ਕਾਂ ਦੀ ਸੇਵਾ ਕੀਤੀ ਬਲਕਿ ਮਿਲਕੇ ਗੱਠਜੋੜ ਸਰਕਾਰਾਂ ਵੀ ਚਲਾਈਆਂ। ਆਰ.ਐਸ.ਐਸ. ਦੇ ਮਹਾਂਪ੍ਰਭੂ 'ਵੀਰ' ਸਾਵਰਕਰ ਨੇ 1942 'ਚ ਕਾਨਪੁਰ 'ਚ ਹਿੰਦੂ ਮਹਾਂਸਭਾ ਦੇ 24ਵੇਂ ਮਹਾਂਸੰਮੇਲਨ ਵਿਚ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਇਸਦੀ ਪੁਸ਼ਟੀ ਕੀਤੀ ਕਿ.... 'ਵਿਵਹਾਰਕ ਰਾਜਨੀਤੀ ਵਿੱਚ ਵੀ ਹਿੰਦੂ ਮਹਾਂਸਭਾ ਜਾਣਦੀ ਹੈ ਕਿ ਸਾਨੂੰ ਤਰਕਸੰਗਤ ਸਮਝੌਤੇ ਕਰਕੇ ਅੱਗੇ ਵੱਧਣਾ ਚਾਹੀਦਾ ਹੈ। ਇਸ ਤੱਥ 'ਤੇ ਧਿਆਨ ਦੇਵੋ ਕਿ ਹਾਲ ਹੀ ਵਿਚ ਸਿੰਧ ਹਿੰਦੂ ਮਹਾਂਸਭਾ ਨੇ ਸੱਦੇ ਦੇ ਬਾਅਦ ਮੁਸਲਿਮ ਲੀਗ ਨਾਲ ਮਿਲੀ-ਜੁਲੀ ਸਰਕਾਰ ਚਲਾਉਣ ਦੀ ਜਿੰਮੇਵਾਰੀ ਲਈ। ਬੰਗਾਲ ਦਾ ਮਾਮਲਾ ਸਰਵਵਿਆਪੀ ਹੈ। ਲੀਗੀਆਂ (ਮੁਸਲਿਮ ਲੀਗ ਦੇ ਮੈਂਬਰ) ਨੂੰ ਕਾਂਗਰਸ ਵੀ ਆਪਣੇ ਦਾਬੂਪਣ ਦੇ ਬਾਵਜੂਦ ਖੁਸ਼ ਨਹੀਂ ਰੱਖ ਸਕੀ, ਪਰ ਜਦੋਂ ਉਹ ਹਿੰਦੂ ਮਹਾਂਸਭਾ ਦੇ ਸੰਪਰਕ ਵਿਚ ਆਏ ਤਾਂ ਕਾਫੀ ਤਰਕਸੰਗਤ ਸਮਝੌਤਿਆਂ ਤੇ ਸਮਾਜਿਕ ਵਿਵਹਾਰ ਲਈ ਤਿਆਰ ਹੋ ਗਏ ਅਤੇ ਸ਼੍ਰੀ ਫਜ਼ਲ-ਉਲ-ਹੱਕ ਦੇ ਪ੍ਰਧਾਨ ਮੰਤਰੀ ਪਦ (ਉਨ੍ਹਾਂ ਦਿਨਾਂ 'ਚ ਮੁੱਖ ਮੰਤਰੀ ਨੂੰ ਪ੍ਰਧਾਨ ਮੰਤਰੀ ਹੀ ਕਿਹਾ ਜਾਂਦਾ ਸੀ) ਅਤੇ ਹਿੰਦੂ ਮਹਾਂਸਭਾ ਦੇ ਕਾਬਿਲ ਤੇ ਸਨਮਾਣਯੋਗ ਨੇਤਾ ਡਾ. ਸ਼ਿਆਮਾ ਪ੍ਰਸ਼ਾਦ ਮੁਖਰਜ਼ੀ ਦੀ ਕਾਬਿਲ ਅਗਵਾਈ ਵਿਚ ਇਹ ਸਰਕਾਰ ਦੋਵਾਂ ਫਿਰਕਿਆਂ ਦੇ ਫਾਇਦੇ ਲਈ ਇਕ ਸਾਲ ਤੋਂ ਵੀ ਵੱਧ ਚੱਲੀ। ਅਤੇ ਸਾਡੇ ਸਨਮਾਨਿਤ ਮਹਾਂਸਭਾ ਨੇਤਾ ਡਾ. ਸ਼ਿਆਮਾ ਪ੍ਰਸ਼ਾਦ ਮੁਖਰਜ਼ੀ ਅਤੇ ਸਰਕਾਰ ਕਰੀਬ ਇਕ ਸਾਲ ਤੱਕ ਦੋਵਾਂ ਸਮੂਹਾਂ ਦੇ ਹਿੱਤਾਂ 'ਚ ਸਫਲਤਾਪੂਰਵਕ ਚੱਲੀ।'

ਜਦੋਂ ਨੇਤਾ ਜੀ ਸੁਭਾਸ਼ ਚੰਦਰ ਬੋਸ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਲੜ੍ਹ ਰਹੇ ਸਨ ਤਦ 'ਹਿੰਦੂ ਰਾਸ਼ਟਰਵਾਦੀ' ਬ੍ਰਿਟਿਸ਼ ਹਕੂਮਤ ਅਤੇ ਬ੍ਰਿਟਿਸ਼ ਸੈਨਾ ਨੂੰ ਤਾਕਤਵਰ ਬਣਨ ਵਿਚ ਮਦਦ ਕਰ ਰਹੇ ਸਨ।

ਸ਼੍ਰੀਮਾਨ! ਮੈਂ ਸਮਝਦਾ ਹਾਂ ਕਿ ਤੁਸੀਂ ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਨਾਮ ਤੋਂ ਜ਼ਰੂਰ ਜਾਣੂ ਹੋਵੋਂਗੇ। ਜਿਨ੍ਹਾਂ ਨੇ ਜਰਮਨੀ ਅਤੇ ਜਪਾਨ ਦੀ ਸੈਨਾ ਦੇ ਸਹਿਯੋਗ ਨਾਲ ਭਾਰਤ ਨੂੰ ਅਜ਼ਾਦ ਕਰਵਾਉਣ ਦੀ ਕੋਸ਼ਿਸ਼ ਕੀਤੀ ਸੀ। ਪਰ, ਇਸ ਸਮੇਂ ਦੌਰਾਨ 'ਹਿੰਦੂ ਰਾਸ਼ਟਰਵਾਦੀਆਂ' ਨੇ ਬਜਾਏ ਨੇਤਾ ਜੀ ਦੀ ਮਦਦ ਕਰਨ ਦੇ, ਨੇਤਾ ਜੀ ਦੇ ਅਜ਼ਾਦੀ ਸੰਘਰਸ਼ ਨੂੰ ਹਰਾਉਣ 'ਚ ਬ੍ਰਿਟਿਸ਼ ਸ਼ਾਸ਼ਕਾਂ ਦੇ ਹੱਥ ਮਜ਼ਬੂਤ ਕੀਤੇ। ਹਿੰਦੂ ਮਹਾਂਸਭਾ ਨੇ 'ਵੀਰ' ਸਾਵਰਕਰ ਦੀ ਅਗਵਾਈ ਵਿਚ ਬ੍ਰਿਟਿਸ਼ ਫੌਜ ਵਿਚ ਭਰਤੀ ਲਈ ਕੈਂਪ ਲਾਏ। ਹਿੰਦੂਤਵੀਆਂ ਨੇ ਅੰਗਰੇਜ਼ ਸਰਕਾਰ ਦੇ ਸਾਹਮਣੇ ਪੂਰਨ ਸਮਰਪਣ ਕਰ ਦਿੱਤਾ ਸੀ ਜੋ 'ਵੀਰ' ਸਾਵਰਕਰ ਦੇ ਹੇਠ ਦਿੱਤੇ ਭਾਸ਼ਣ ਤੋਂ ਹੋਰ ਵੀ ਸਾਫ ਹੋ ਜਾਂਦਾ ਹੈ-'ਜਿੱਥੋਂ ਤੱਕ ਭਾਰਤ ਦੀ ਸੁਰੱਖਿਆ ਦਾ ਸਵਾਲ ਹੈ, ਹਿੰਦੂ ਸਮਾਜ ਨੂੰ ਭਾਰਤ ਸਰਕਾਰ ਦੇ ਯੁੱਧ ਸਬੰਧੀ ਯਤਨਾਂ ਵਿਚ ਪੂਰਨ ਸਹਿਯੋਗ ਦੀ ਭਾਵਨਾ ਨਾਲ ਬੇਜਿਝਕ ਜੁੜ ਜਾਣਾ ਚਾਹੀਦਾ ਹੈ ਜਦੋਂ ਤੱਕ ਇਹ ਹਿੰਦੂ ਹਿੱਤਾਂ ਦੇ ਫਾਇਦੇ 'ਚ ਹੋਵੇ। ਹਿੰਦੂਆਂ ਨੂੰ ਵੱਡੀ ਸੰਖਿਆ 'ਚ ਥਲ ਸੈਨਾ, ਨੌਸੈਨਾ ਅਤੇ ਹਵਾਈ ਸੈਨਾ 'ਚ ਸ਼ਾਮਿਲ ਹੋਣਾ ਚਾਹੀਦਾ ਹੈ ਅਤੇ ਸਾਰੇ ਯੁੱਧ, ਗੋਲਾ-ਬਾਰੂਦ, ਅਤੇ ਜੰਗ ਦਾ ਸਮਾਨ ਬਣਾਉਣ ਵਾਲੇ ਕਾਰਖਾਨੇ ਵਗੈਰਾ 'ਚ ਦਾਖਲ ਹੋਣਾ ਚਾਹੀਦਾ ਹੈ...ਜਿਕਰਯੋਗ ਹੈ ਕਿ ਯੁੱਧ 'ਚ ਜਪਾਨ ਦੇ ਕੁੱਦਣ ਕਾਰਨ ਅਸੀਂ ਬ੍ਰਿਟੇਨ ਦੇ ਦੁਸ਼ਮਣਾਂ ਦੇ ਹਮਲਿਆਂ ਦੇ ਸਿੱਧੇ ਨਿਸ਼ਾਨੇ ਤੇ ਆ ਗਏ ਹਾਂ। ਇਸ ਲਈ ਅਸੀਂ ਚਾਹੁੰਦੇ ਹੋਈਏ ਜਾਂ ਨਾ, ਸਾਨੂੰ ਯੁੱਧ ਦੇ ਕਹਿਰ ਤੋਂ ਸਾਡੇ ਪਰਿਵਾਰਾਂ ਅਤੇ ਘਰ ਨੂੰ ਬਚਾਉਣਾ ਹੈ ਅਤੇ ਇਹ ਭਾਰਤ ਦੀ ਸੁਰੱਖਿਆ ਦੇ ਸਰਕਾਰੀ ਯੁੱਧ ਯਤਨਾਂ ਨੂੰ ਤਾਕਤ ਪਹੁੰਚਾ ਕੇ ਹੀ ਕੀਤਾ ਜਾ ਸਕਦਾ ਹੈ। ਇਸ ਲਈ ਹਿੰਦੂ ਮਹਾਂਸਭਾਈਆਂ ਨੂੰ ਖਾਸਕਰ ਬੰਗਾਲ ਅਤੇ ਅਸਮ ਦੇ ਸੂਬਿਆਂ 'ਚ, ਜਿਨ੍ਹਾਂ ਅਸਰਦਾਰ ਤਰੀਕੇ ਨਾਲ ਸੰਭਵ ਹੋਵੇ, ਹਿੰਦੂਆਂ ਨੂੰ ਤੁਰੰਤ ਸੈਨਾ 'ਚ ਭਰਤੀ ਹੋਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ।'

ਆਰ.ਐਸ.ਐਸ. ਆਪਣੇ ਕਾਰਕੁੰਨਾਂ 'ਚ ਕਿਹੋ ਜਿਹੀ ਭਾਵਨਾ ਭਰਦਾ ਹੈ ?

ਸ਼੍ਰੀਮਾਨ! ਤੁਸੀਂ ਆਪਣੀ ਇੰਟਰਵਿਊ 'ਚ ਦਾਅਵਾ ਕੀਤਾ ਕਿ ਆਰ.ਐਸ.ਐਸ. ਆਪਣੇ ਕਾਰਕੁੰਨਾਂ ਦੇ ਮਨ 'ਚ ਦੇਸ਼ਭਗਤੀ ਦੀ ਭਾਵਨਾ, ਰਾਸ਼ਟਰ ਦੀ ਭਲਾਈ ਲਈ ਕੰਮ ਕਰਨਾ ਅਤੇ ਅਨੁਸ਼ਾਸ਼ਨ ਦੀ ਭਾਵਨਾ ਭਰਦਾ ਹੈ। ਜਦੋਂ ਤੋਂ ਆਰ.ਐਸ.ਐਸ. 'ਹਿੰਦੂ ਰਾਸ਼ਟਰ' ਲਈ ਖੜ੍ਹਾ ਹੋਇਆ ਹੈ ਕੋਈ ਸਧਾਰਨ ਵਿਅਕਤੀ ਵੀ ਸਮਝ ਸਕਦਾ ਹੈ ਕਿ ਆਰ.ਐਸ.ਐਸ. ਦੇ ਹੱਥਾਂ 'ਚ ਲੋਕਤੰਤਰੀ ਧਰਮ ਨਿਰਪੱਖ ਭਾਰਤ ਦਾ ਕੀ ਭਵਿੱਖ ਹੋ ਸਕਦਾ ਹੈ। ਤੁਹਾਡੇ ਨਾਲ ਸੰਘ ਦੇ ਪ੍ਰਮੁੱਖ ਪ੍ਰਚਾਰਕ ਗੋਵਾਲਕਰ ਦੇ ਉਸ ਭਾਸ਼ਣ ਨੂੰ ਵੀ ਸਾਂਝਾ ਕਰਨਾ ਚਾਹੀਦਾ ਹੈ ਕਿ ਆਰ.ਐਸ.ਐਸ. ਇਕ ਸਵੈ ਸੇਵਕ ਤੋਂ ਕੀ ਆਸਾਂ ਰੱਖਦਾ ਹੈ। 16 ਮਾਰਚ 1954 ਨੂੰ ਸਿੰਧੀ (ਵਰਧਾ) 'ਚ ਸੰਘ ਦੇ ਉੱਚ ਅਗੂਆਂ ਨੂੰ ਸੰਬੋਧਨ ਕਰਦੇ ਹੋਏ ਉਨ੍ਹਾਂ ਕਿਹਾ ਸੀ -'ਜੇਕਰ ਅਸੀਂ ਕਿਹਾ ਕਿ ਅਸੀਂ ਸੰਗਠਨ ਦੇ ਅੰਗ ਹਾਂ, ਅਸੀਂ ਉਸਦਾ ਅਨੁਸ਼ਾਸ਼ਨ ਮੰਨਦੇ ਹਾਂ ਤਾਂ ਫਿਰ 'ਸਿਲੈਕਟਿਵਨੈਸ' (ਪਸੰਦ) ਦਾ ਜੀਵਨ 'ਚ ਕੋਈ ਥਾਂ ਨਾ ਹੋਵੇ। ਜੋ ਕਿਹਾ ਉਹੀ ਕਰਨਾ। ਕਬੱਡੀ ਕਿਹਾ ਤਾਂ ਕਬੱਡੀ; ਬੈਠਕ ਕਿਹਾ, ਤਾਂ ਬੈਠਕ ਜਿਵੇਂ ਆਪਣੇ ਕੁਝ ਮਿੱਤਰਾਂ ਨੂੰ ਕਿਹਾ ਕਿ ਰਾਜਨੀਤੀ ਵਿੱਚ ਜਾ ਕੇ ਕੰਮ ਕਰੋ, ਤਾਂ ਉਸਦਾ ਅਰਥ ਇਹ ਨਹੀਂ ਕਿ ਉਹਨਾਂ ਨੂੰ ਇਸ ਲਈ ਬੜੀ ਦਿਲਚਸਪੀ ਜਾਂ ਪ੍ਰੇਰਨਾ ਹੈ। ਉਹ ਰਾਜਨੀਤਿਕ ਕੰਮਾਂ ਲਈ ਇਸ ਪ੍ਰਕਾਰ ਨਹੀਂ ਤੜਫਦੇ ਜਿਵੇਂ ਪਾਣੀ ਬਿਨਾਂ ਮੱਛੀ। ਪਰ ਉਨ੍ਹਾਂ ਨੂੰ ਰਾਜਨੀਤੀ ਵਿੱਚੋਂ ਵਾਪਸ ਆਉਣ ਲਈ ਕਿਹਾ ਤਾਂ ਵੀ ਇਸ ਵਿਚ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ। ਆਪਣੇ ਵਿਵੇਕ ਦੀ ਕੋਈ ਲੋੜ ਨਹੀਂ। ਜੋ ਕੰਮ ਸੌਂਪਿਆਂ ਗਿਆ ਹੋਵੇ ਉਸਦੀ ਯੋਗਤਾ ਪ੍ਰਾਪਤ ਕਰਨਗੇ ਅਜਿਹਾ ਨਿਸ਼ਚਾ ਕਰਕੇ ਹੀ ਇਹ ਲੋਕ ਚੱਲਦੇ ਹਨ।'

ਗੁਰੂ ਗੋਵਾਲਕਰ ਦਾ ਦੂਜਾ ਭਾਸ਼ਣ ਵੀ ਇਸ ਬਾਰੇ ਮਹੱਤਵਪੂਰਨ ਹੈ।

'ਸਾਨੂੰ ਇਹ ਵੀ ਪਤਾ ਹੈ, ਕਿ ਸਾਡੇ ਕੁਝ ਸਵੈਸੇਵਕ ਰਾਜਨੀਤੀ ਵਿਚ ਕੰਮ ਕਰਦੇ ਹਨ। ਉੱਥੇ ਉਨ੍ਹਾਂ ਨੂੰ ਉਸ ਕਾਰਜ ਦੀ ਜਰੂਰਤ ਅਨੁਸਾਰ ਜਲਸੇ, ਜਲੂਸ ਆਦਿ ਕਰਨੇ ਪੈਂਦੇ ਹਨ, ਨਾਅਰੇ ਲਗਾਉਣੇ ਹੁੰਦੇ ਹਨ। ਇਨ੍ਹਾਂ ਸਭ ਗੱਲਾਂ ਦਾ ਸਾਡੇ ਕੰਮ ਵਿੱਚ ਕੋਈ ਥਾਂ ਨਹੀਂ। ਪਰੰਤੂ ਨਾਟਕ ਦੇ ਪਾਤਰ ਦੀ ਤਰ੍ਹਾਂ ਜੋ ਭੂਮਿਕਾ ਲਈ, ਉਹ ਯੋਗਤਾ ਨਾਲ ਤਾਂ ਨਿਭਾਉਣੀ ਹੀ ਚਾਹੀਦੀ ਹੈ। ਪਰ ਇਸ ਨਟ ਦੀ ਭੂਮਿਕਾ ਤੋਂ ਅੱਗੇ ਵੱਧਕੇ ਕੰਮ ਕਰਦੇ-ਕਰਦੇ ਕਦੇ-ਕਦੇ ਲੋਕਾਂ ਦੇ ਮਨ ਵਿਚ ਉਸਦੀ ਦ੍ਰਿੜਤਾ ਪੈਦਾ ਹੋ ਜਾਂਦੀ ਹੈ। ਇਥੋਂ ਤੱਕ ਕਿ ਫਿਰ ਇਸ ਕਾਰਜ ਵਿਚ ਆਉਣ ਲਈ ਉਹ ਆਪਾਤਰ ਸਿੱਧ ਹੋ ਜਾਂਦੇ ਹਨ। ਇਹ ਤਾਂ ਠੀਕ ਨਹੀਂ। ਇਸ ਤਰ੍ਹਾਂ; ਸਾਨੂੰ ਆਪਣੇ ਸੰਜਮਪੂਰਨ ਕਾਰਜ ਦੀ ਦ੍ਰਿੜਤਾ ਦਾ ਭਲੀਭਾਂਤ ਧਿਆਨ ਰੱਖਣਾ ਹੋਵੇਗਾ। ਲੋੜ ਹੋਈ ਤਾਂ ਅਸੀਂ ਅਸਮਾਨ ਤੱਕ ਵੀ ਉੱਛਲ-ਕੁੱਦ ਕਰ ਸਕਦੇ ਹਾਂ। ਪਰ ਬਲ ਦਿੱਤਾ ਤਾਂ ਬਲ ਵਿਚ ਹੀ ਖੜ੍ਹੇ ਹੋਵਾਂਗੇ।'

ਸ਼੍ਰੀਮਾਨ ਮੋਦੀ! ਇਥੇ ਅਸੀਂ ਵੇਖਦੇ ਹਾਂ ਕਿ ਗੋਵਾਲਕਰ ਸੰਘ ਦੇ ਰਾਜਨੀਤਿਕ ਜੇਬੀ ਸੰਗਠਨਾਂ ਨੂੰ ਉਧਾਰ ਦਿੱਤੇ ਗਏ ਸਵੈਸੇਵਕਾਂ ਨੂੰ ਇਕ 'ਨਟ' ਜਾਂ 'ਅਭਿਨੇਤਾ' ਦਾ ਨਾਮ ਦਿੰਦੇ ਹਨ ਜੋ ਆਰ.ਐਸ.ਐਸ. ਦੀ ਤਾਲ ਤੇ ਨਾਚ ਕਰਨ। ਇੱਥੇ ਧਿਆਨ ਦੇਣ ਦੀ ਲੋੜ ਹੈ ਕਿ ਗੋਵਾਲਕਰ ਨੇ ਆਪਣੇ ਰਾਜਨੀਤਿਕ ਸੰਗਠਨ ਨੂੰ ਕੰਟਰੋਲ ਕਰਨ ਦਾ ਉਪਰੋਕਤ ਡਿਜ਼ਾਇਜ ਮਾਰਚ 1960 'ਚ ਭਾਰਤੀ ਜਨਸੰਘ (ਭਾਜਪਾ ਦਾ ਪੂਰਵ ਰੂਪ) ਦੇ ਗਠਨ ਦੇ ਲੱਗਭਗ ਨੌਂ ਸਾਲ ਬਾਅਦ ਪੇਸ਼ ਕੀਤਾ ਸੀ। ਮੈਂ ਤੁਹਾਡੇ ਕੋਲੋਂ ਜਾਣਨਾ ਚਾਹੁੰਦਾ ਹਾਂ ਕਿ ਤੁਸੀਂ ਭਾਰਤ ਦੀ ਧਰਮ ਨਿਰਪੱਖ ਲੋਕਤੰਤਰਿਕ ਰਾਜਨੀਤੀ ਕਰ ਰਹੇ ਹੋ ਜਾਂ ਤੁਸੀਂ ਇਕ 'ਨਟ' ਮਾਤਰ ਹੋ, ਜੋ ਭਾਰਤ ਨੂੰ ਇਕ ਧਾਰਮਿਕ ਰਾਜ ਵਿਚ ਬਦਲਣ ਦਾ ਸੰਘ ਦਾ ਇਕ ਹਥਿਆਰ ਮਾਤਰ ਹੈ। ਸੱਚਾਈ ਇਹ ਹੈ ਕਿ ਸੰਘ ਆਪਣੇ ਸਵੈ ਸੇਵਕਾ ਨੂੰ ਰੀੜ੍ਹਹੀਣ ਬਣਾਉਦਾ ਹੈ।

ਭਾਰਤ ਦੇ ਅਜ਼ਾਦੀ ਸੰਗਰਾਮ ਵਿਚ ਆਰਐਸਐਸ ਦੀ ਗਦਾਰੀ

ਸ਼੍ਰੀਮਾਨ! ਦਸਤਾਵੇਜ਼ਾਂ ਵਿਚ ਦਰਜ ਆਰ.ਐਸ.ਐਸ. ਦੇ ਇਤਿਹਾਸ ਨੂੰ ਵੇਖਦੇ ਹੋਏ ਤੁਹਾਡਾ ਇਹ ਦਾਅਵਾ ਸ਼ੱਕੀ ਹੈ ਕਿ ਆਰ.ਐਸ.ਐਸ. ਨੇ ਤੁਹਾਨੂੰ ਦੇਸ਼ਭਗਤੀ ਦਾ ਪਾਠ ਪੜ੍ਹਾਇਆ। ਮੈਂ ਤੁਹਾਡੇ ਧਿਆਨ ਵਿਚ ਕੁਝ ਤੱਥ ਰੱਖਣਾ ਚਾਹਾਂਗਾ। ਭਾਰਤ ਦੇ ਅਜ਼ਾਦੀ ਸੰਗਰਾਮ ਦੌਰਾਨ 'ਅਸਹਿਯੋਗ ਅੰਦੋਲਨ' ਅਤੇ 'ਭਾਰਤ ਛੱਡੋ ਅੰਦੋਲਨ' ਮੀਲ ਦੇ ਦੋ ਪੱਥਰ ਹਨ। ਅਤੇ ਇਹ ਇਨ੍ਹਾਂ ਦੋ ਮਹੱਤਵਪੂਰਨ ਘਟਨਾਵਾਂ ਤੇ ਮਹਾਨ ਗੋਵਾਲਕਰ ਦਾ ਮਹਾਨ ਥੀਸਸ ਹੈ- 'ਸੰਘਰਸ਼ ਦੇ ਬੁਰੇ ਨਤੀਜੇ ਹੋਇਆ ਕਰਦੇ ਹਨ। 1920-21 ਦੇ ਅੰਦੋਲਨ ਤੋਂ ਬਾਅਦ ਨੌਜਵਾਨਾਂ ਨੇ ਨਿਰਭੈ ਹੋਣਾ ਸ਼ੁਰੂ ਕੀਤਾ। ਇਹ ਨੇਤਾਵਾਂ ਤੇ ਚਿੱਕੜ ਸੁੱਟਣ ਦੇ ਯਤਨ ਨਹੀਂ ਹਨ। ਪਰ ਸੰਘਰਸ਼ ਵਿੱਚੋਂ ਪੈਦਾ ਹੋਣ ਵਾਲੇ ਇਹ ਜ਼ਰੂਰੀ ਨਤੀਜੇ ਹਨ। ਗੱਲ ਐਨੀ ਹੀ ਹੈ ਕਿ ਇਨ੍ਹਾਂ ਨਤੀਜਿਆਂ ਨੂੰ ਕਾਬੂ ਰੱਖਣ ਲਈ ਅਸੀਂ ਠੀਕ ਪ੍ਰਬੰਧ ਨਹੀਂ ਕਰ ਸਕੇ। ਸੰਨ 1942 ਤੋਂ ਬਾਅਦ ਕਾਨੂੰਨ ਦਾ ਵਿਚਾਰ ਕਰਨਾ ਹੀ ਜਰੂਰੀ ਨਹੀਂ, ਅਜਿਹਾ ਆਮ ਤੌਰ ਤੇ ਲੋਕ ਸੋਚਣ ਲੱਗੇ।'

ਇਸ ਤਰ੍ਹਾਂ ਗੁਰੂ ਗੋਵਾਲਕਰ ਇਹ ਚਾਹੁੰਦਾ ਸੀ ਕਿ ਹਿੰਦੋਸਤਾਨੀ ਅੰਗਰੇਜ਼ ਸ਼ਾਸ਼ਕਾਂ ਦੁਆਰਾ ਥੋਪੇ ਗਏ ਦਮਨਕਾਰੀ ਤੇ ਤਾਨਾਸ਼ਾਹ ਕਾਨੂੰਨਾਂ ਦਾ ਸਨਮਾਨ ਕਰਨ! ਸੰਨ 1942 'ਚ ਅੰਦੋਲਨ ਤੋਂ ਬਾਅਦ ਉਨ੍ਹਾਂ ਨੇ ਫਿਰ ਸਵੀਕਾਰ ਕੀਤਾ-

'ਸੰਨ 1942 ਵਿਚ ਵੀ ਅਨੇਕਾਂ ਦੇ ਮਨ ਵਿਚ ਤਿੱਖਾ ਸੰਘਰਸ਼ ਸੀ। ਉਸ ਸਮੇਂ ਵੀ ਸੰਘ ਦਾ ਰੋਜ਼ਾਨਾ ਕਾਰਜ ਚਲਦਾ ਰਿਹਾ। ਪ੍ਰਤੱਖ ਰੂਪ ਵਿਚ ਸੰਘ ਨੇ ਕੁਝ ਨਾ ਕਰਨ ਦਾ ਸੰਕਲਪ ਲਿਆ। ਪਰੰਤੂ ਸੰਘ ਦੇ ਸਵੈ ਸੇਵਕਾਂ ਦੇ ਮਨ ਵਿਚ ਉਥਲ-ਪੁਥਲ ਚੱਲ ਰਹੀ ਸੀ। ਸੰਘ ਇਨ੍ਹਾਂ ਹਮਲਾਵਰ ਲੋਕਾਂ ਦੀ ਸੰਸਥਾ ਹੈ, ਇਨ੍ਹਾਂ ਦੀਆਂ ਗੱਲਾਂ ਦਾ ਕੋਈ ਅਰਥ ਨਹੀਂ, ਅਜਿਹਾ ਕੇਵਲ ਬਾਹਰ ਦੇ ਲੋਕਾਂ ਨੇ ਹੀ ਨਹੀਂ, ਕਈ ਆਪਣੇ ਸਵੈ ਸੇਵਕਾਂ ਨੇ ਵੀ ਕਿਹਾ। ਉਹ ਬਹੁਤ ਨਿਰਾਜ ਵੀ ਹੋਏ।'

ਸ਼੍ਰੀਮਾਨ! ਸਾਨੂੰ ਦੱਸਿਆ ਗਿਆ ਹੈ ਕਿ ਸੰਘ ਨੇ ਸਿੱਧਾ ਕੁਝ ਨਹੀਂ ਕੀਤਾ। ਹਾਲਾਂਕਿ, ਇਕ ਵੀ ਪ੍ਰਕਾਸ਼ਨ ਜਾਂ ਦਸਤਾਵੇਜ਼ ਅਜਿਹਾ ਉਪਲਬਧ ਨਹੀਂ ਜੋ ਇਹ ਚਾਨਣਾ ਪਾ ਸਕੇ ਕਿ ਆਰ.ਐਸ.ਐਸ. ਨੇ ਭਾਰਤ ਛੱਡੋ ਅੰਦੋਲਨ ਲਈ ਪ੍ਰਤੱਖ ਰੂਪ 'ਚ ਕੀ ਕੰਮ ਕੀਤਾ। ਅਸਲ 'ਚ ਸੰਘ ਦੇ ਰਾਹਦਰਸਾਵੇ 'ਵੀਰ' ਸਾਵਰਕਰ ਨੇ ਇਸ ਦੌਰਾਨ ਮੁਸਲਿਮ ਲੀਗ ਨਾਲ ਗੱਠਜੋੜ ਸਰਕਾਰਾਂ ਚਲਾਈਆਂ। ਦਰਅਸਲ ਆਰ.ਐਸ.ਐਸ. ਨੇ ਪ੍ਰਤੱਖ ਜਾਂ ਗੁਪਤ ਤੌਰ ਤੇ ਭਾਰਤ ਛੱਡੋ ਅੰਦੋਲਨ ਦੇ ਹੱਕ 'ਚ ਕੁਝ ਵੀ ਨਹੀਂ ਕੀਤਾ ਬਲਕਿ ਵਰਤਮਾਨ 'ਚ, ਉਸਨੇ ਇਸ ਅੰਦੋਲਨ ਜੋ ਇਕ ਮਹਾਨ ਅੰਦੋਲਨ ਸੀ, ਦੇ ਖਿਲਾਫ ਹੀ ਕੰਮ ਕੀਤਾ ਜੋ ਤੁਹਾਨੂੰ ਅਤੇ ਤੁਹਾਡੇ ਸ਼ੁਭਚਿੰਤਕਾਂ ਲਈ ਦੇਸ਼ਭਗਤੀ ਦੇ ਵਿਰੁੱਧ ਸੀ।

ਆਰ.ਐਸ.ਐਸ. ਅਜ਼ਾਦੀ ਸੰਗਰਾਮ ਦੇ ਸ਼ਹੀਦਾਂ ਦਾ ਅਪਮਾਨ ਕਰਦਾ ਹੈ

ਸ਼੍ਰੀਮਾਨ! ਮੋਦੀ ਜੀ, ਮੈਂ ਗੁਰੂ ਜੀ ਦੇ ਉਸ ਭਾਸ਼ਣ 'ਤੇ ਤੁਹਾਡੀ ਰਾਇ ਜਾਣਨਾ ਚਾਹੁੰਗਾ ਜੋ ਭਗਤ ਸਿੰਘ, ਚੰਦਰ ਸ਼ੇਖ਼ਰ ਅਜ਼ਾਦ ਅਤੇ ਅਸ਼ਫਾਕ ਉਲ੍ਹਾ ਖਾਂ ਦੀ ਕੁਰਬਾਨੀ ਦਾ ਅਪਮਾਨ ਕਰਦਾ ਹੈ। ਇੱਥੇ ਸੰਘ ਕਾਰਕੁੰਨਾਂ ਅਤੇ ਤੁਹਾਡੇ ਲਈ ਗੀਤਾ ਸਮਾਨ ਬਰਾਬਰ ਸੱਚ 'ਬੰਚ ਆਫ ਥ੍ਰਟਸ' 'ਚ 'ਬਲੀਦਾਨ ਮਹਾਨ ਪਰ ਆਦਰਸ਼ ਨਹੀਂ' (Martyr, Great But Not Ideal') ਦਾ ਇਕ ਅੰਸ਼ ਪੇਸ਼ ਹੈ-

'ਬਿਨਾ ਸ਼ੱਕ ਅਜਿਹੇ ਮਨੁੱਖ ਜੋ ਆਪਣੇ ਆਪ ਨੂੰ ਕੁਰਬਾਨ ਕਰ ਦਿੰਦੇ ਹਨ ਮਹਾਨ ਮਨੁੱਖ ਹਨ ਅਤੇ ਉਨ੍ਹਾਂ ਦਾ ਜੀਵਨ ਦਰਸ਼ਨਮੁਖੀ ਮਨੁੱਖਤਾਪੂਰਨ ਹੈ। ਉਹ ਆਮ ਸਧਾਰਨ ਵਿਅਕਤੀਆਂ ਤੋਂ, ਜੋ ਚੁੱਪਚਾਪ ਭਾਗਾਂ ਅੱਗੇ ਸਮਰਪਣ ਕਰ ਦਿੰਦੇ ਹਨ, ਅਤੇ ਭੈਅਭੀਤ ਅਤੇ ਨਿਰਆਸਰੇ ਬਣੇ ਰਹਿੰਦੇ ਹਨ, ਬਹੁਤ ਉੱਚੇ ਹਨ। ਫਿਰ ਵੀ ਅਸੀਂ ਅਜਿਹੇ ਵਿਅਕਤੀਆਂ ਨੂੰ ਸਮਾਜ ਸਾਹਮਣੇ ਆਦਰਸ਼ ਦੇ ਰੂਪ ਨਹੀਂ ਰੱਖਿਆ। ਅਸੀਂ ਕੁਰਬਾਨੀ ਨੂੰ ਮਹਾਨਤਾ ਦਾ ਸਰਵਉੱਚ ਬਿੰਦੂ, ਜਿਸਦੀ ਮਨੁੱਖ ਆਸ ਕਰੇ, ਨਹੀਂ ਮੰਨਿਆ ਹੈ। ਕਿਉਂਕਿ, ਇਸ ਤਰ੍ਹਾਂ ਉਹ ਆਪਣਾ ਉਦੇਸ਼ ਪ੍ਰਾਪਤ ਕਰਨ 'ਚ ਅਸਫਲ ਹੋਏ ਅਤੇ ਅਸਫਲਤਾ ਦਾ ਅਰਥ ਹੈ ਕਿ ਉਨ੍ਹਾਂ 'ਚ ਕੋਈ ਗੰਭੀਰ ਤਰੁੱਟੀ ਸੀ।'

ਸ਼੍ਰੀਮਾਨ! ਕੀ ਇਸ ਤੋਂ ਵੱਧਕੇ ਸ਼ਹੀਦਾਂ ਦੇ ਅਪਮਾਨ ਦਾ ਕੋਈ ਬਿਆਨ ਹੋ ਸਕਦਾ ਹੈ ? ਜਦਕਿ ਆਰ.ਐਸ.ਐਸ. ਦੇ ਸੰਸਥਾਪਕ ਡਾ. ਹੇਡਗੇਵਾਰ ਤਾਂ ਹੋਰ ਇਕ ਕਦਮ ਅੱਗੇ ਚਲੇ ਗਏ।

'ਜੇਲ੍ਹ 'ਚ ਜਾਣਾ ਹੀ ਕੋਈ ਦੇਸ਼ਭਗਤੀ ਨਹੀਂ ਹੈ। ਐਸੀ ਹੋਛੀ (ਨੀਚ) ਦੇਸ਼ਭਗਤੀ 'ਚ ਵਹਿਣਾ ਠੀਕ ਨਹੀਂ ਹੈ।'

ਸ਼੍ਰੀਮਾਨ! ਕੀ ਤੁਹਾਨੂੰ ਨਹੀਂ ਲਗਦਾ ਕਿ ਜੇਕਰ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ, ਅਸ਼ਫਾਕਉੱਲ੍ਹਾ ਖਾਂ, ਚੰਦਰ ਸ਼ੇਖਰ ਅਜ਼ਾਦ ਤਤਕਾਲੀਨ ਸੰਘੀ ਅਗਵਾਈ ਦੇ ਸੰਪਰਕ 'ਚ ਆ ਗਏ ਹੁੰਦੇ ਤਾਂ ਉਨ੍ਹਾਂ ਨੂੰ 'ਹੋਛੀ (ਨੀਚ) ਦੇਸ਼ਭਗਤੀ' ਲਈ ਜਾਨ ਦੇਣ ਤੋਂ ਬਚਾਇਆ ਜਾ ਸਕਦਾ ਸੀ ? ਯਕੀਨਨ, ਇਹੀ ਕਾਰਨ ਸੀ ਕਿ ਬ੍ਰਿਟਿਸ਼ ਸ਼ਾਸ਼ਨ ਦੌਰਾਨ ਆਰ.ਐਸ.ਐਸ. ਦੇ ਨੇਤਾਵਾਂ ਅਤੇ ਕਾਰਕੁੰਨਾਂ ਨੂੰ ਕਿਸੇ ਵੀ ਸਰਕਾਰੀ ਦਮਨ ਦਾ ਸਾਹਮਣਾ ਨਹੀਂ ਕਰਨਾ ਪਿਆ। ਅਤੇ ਸੰਘ ਨੇ ਅਜ਼ਾਦੀ ਸੰਗਰਾਮ ਦੌਰਾਨ ਕੋਈ ਸ਼ਹੀਦ ਪੈਦਾ ਨਹੀਂ ਕੀਤਾ। ਸ਼੍ਰੀਮਾਨ! ਕੀ ਅਸੀਂ 'ਵੀਰ' ਸਾਵਰਕਰ ਦੁਆਰਾ ਅੰਗਰੇਜ਼ ਸਰਕਾਰ ਨੂੰ ਲਿਖੇ ਗਏ ਚਾਪਲੂਸੀ ਭਰੇ ਮਾਫੀਨਾਮਿਆਂ ਨੂੰ ਸੱਚੀ ਦੇਸ਼ਭਗਤੀ ਮੰਨੀਏ ?

ਆਰ.ਐਸ.ਐਸ. ਲੋਕਤੰਤਰ ਨਾਲ ਨਫਰਤ ਕਰਦਾ ਹੈ

ਮੋਦੀ ਜੀ! ਗੁਜਰਾਤ ਦੇ ਮੁੱਖ ਮੰਤਰੀ ਅਤੇ ਭਾਜਪਾ ਦੇ ਪ੍ਰਮੁੱਖ ਨੇਤਾ ਦੇ ਰੂਪ 'ਚ ਤੁਹਾਡੇ ਤੋਂ ਆਸ ਕੀਤੀ ਜਾਂਦੀ ਹੈ ਕਿ ਤੁਸੀਂ ਭਾਰਤ ਦੀ ਲੋਕਤੰਤਰਿਕ-ਧਰਮਨਿਰਪੱਖ ਨੀਤੀ ਦੇ ਅੰਤਰਗਤ ਕੰਮ ਕਰੋ। ਪਰ ਗੁਰੂ ਗੋਵਾਲਕਰ ਦੇ ਉਸ ਆਦੇਸ਼ ਉੱਤੇ ਤੁਹਾਡਾ ਕੀ ਰੁਖ ਹੈ, ਜੋ ਉਨ੍ਹਾਂ ਨੇ 1940 'ਚ ਸੰਘ ਦੇ 1350 ਪ੍ਰਮੁੱਖ ਸਵੈਸੇਵਕਾਂ ਦੇ ਸਮੂਹ ਨੂੰ ਸੰਬੋਧਿਤ ਕਰਦੇ ਹੋਏ ਦਿੱਤਾ ਸੀ। ਉਨ੍ਹਾਂ ਅਨੁਸਾਰ 'ਇਕ ਝੰਡੇ ਦੇ ਥੱਲੇ, ਇਕ ਨੇਤਾ ਦੇ ਮਾਰਗਦਰਸ਼ਨ 'ਚ, ਇਕ ਹੀ ਵਿਚਾਰ ਨਾਲ ਉਤਸ਼ਾਹਿਤ ਹੋ ਕੇ ਰਾਸ਼ਟਰੀ ਸਵੈ ਸੇਵਕ ਸੰਘ ਹਿੰਦੂਤਵ ਦੀ ਪ੍ਰਚੰਡ ਜੋਤ ਇਸ ਵਿਸ਼ਾਲ ਭੂਮੀ ਦੇ ਕੋਨੇ-ਕੋਨੇ 'ਚ ਜਗਾ ਰਿਹਾ ਹੈ।'

ਮੈਂ ਤੁਹਾਡਾ ਧਿਆਨ ਇਸ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਵੀਹਵੀਂ ਸਦੀ ਦੇ ਪਹਿਲੇ ਅੱਧ 'ਚ, 'ਇਕ ਝੰਡਾ, ਇਕ ਨੇਤਾ, ਇਕ ਵਿਚਾਰਧਾਰਾ' ਯੂਰਪ ਦੀ ਫਾਸ਼ਿਸ਼ਟ ਅਤੇ ਨਾਜ਼ੀ ਪਾਰਟੀਆਂ ਦਾ ਨਾਅਰਾ ਸੀ। ਸਾਰੀ ਦੁਨੀਆ ਜਾਣਦੀ ਹੈ ਕਿ ਉਨ੍ਹਾਂ ਨੇ ਪਰਜਾਤੰਤਰ ਨਾਲ ਕੀ ਕੀਤਾ।

ਆਰ.ਐਸ.ਐਸ. ਸੰਘੀ ਵਿਵਸਥਾ ਦੇ ਵਿਰੁੱਧ

ਆਰ.ਐਸ.ਐਸ. ਸੰਵਿਧਾਨ 'ਚ ਦਿੱਤੇ ਗਏ ਸੰਘੀ ਢਾਂਚੇ, ਜੋ ਭਾਰਤੀ ਸੰਵਿਧਾਨਕ ਢਾਂਚੇ ਦਾ ਇਕ ਮੂਲ ਸਿਧਾਂਤ ਹੈ, ਦੇ ਇਕਦਮ ਖਿਲਾਫ ਹੈ। ਇਹ 1961 'ਚ ਗੁਰੂ ਗੋਵਾਲਕਰ ਦੁਆਰਾ ਰਾਸ਼ਟਰੀ ਏਕਤਾ ਪ੍ਰੀਸ਼ਦ ਦੇ ਪਹਿਲੇ ਸੰਮੇਲਨ ਨੂੰ ਭੇਜੇ ਗਏ ਪੱਤਰ ਤੋਂ ਸਪੱਸ਼ਟ ਹੈ। ਇਸ 'ਚ ਸਾਫ ਲਿਖਿਆ ਸੀ 'ਅੱਜ ਦੀ ਸੰਘਾਤਮਕ (ਫੈਡਰਲ) ਰਾਜ ਵਿਧੀ ਵੱਖਰਤਾ ਦੀ ਭਾਵਨਾਵਾਂ ਦਾ ਨਿਰਮਾਣ ਅਤੇ ਪੋਸ਼ਣ

ਇੰਟਰਨੈਸ਼ਨਲ ਮਿਆਰਾਂ ਦੇ ਪੱਧਰ 'ਤੇ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਦੇ ਮੈਗਜ਼ੀਨਾਂ, ਕਿਤਾਬਾਂ ਅਤੇ ਅਖ਼ਬਾਰਾਂ ਨੂੰ ਆਧੁਨਿਕ ਤਕਨੀਕ ਨਾਲ ਤਿਆਰ ਕਰਵਾਉਣ ਲਈ ਸੰਪਰਕ ਕਰੋ
BALJINDER ARTS
Baljinder Singh
Mob. +91-92167-29598, +91-98782-29598
akashdeep.1046@gmail.com

ਕਰਨ ਵਾਲੀ, ਇਕ ਰਾਸ਼ਟਰ ਭਾਵ ਦੇ ਸੱਚ ਨੂੰ ਇਕ ਪ੍ਰਕਾਰ ਨਾਲ ਨਾ ਮੰਨਣ ਵਾਲੀ ਅਤੇ ਵਿਛੋੜ ਕਰਨ ਵਾਲੀ ਹੈ। ਇਸਨੂੰ ਜੜ੍ਹ ਤੋਂ ਹਟਾਕੇ ਤਦਅਨੁਸਾਰ ਸੰਵਿਧਾਨ ਸ਼ੁੱਧ ਕਰਕੇ ਏਕਾਤਮਕ ਸ਼ਾਸ਼ਨ ਸਥਾਪਿਤ ਹੋਵੇ।'

'ਹਿੰਦੂਰਾਸ਼ਟਰਵਾਦੀ', ਜਾਤੀਵਾਦ ਅਤੇ ਔਰਤ ਵਿਰੋਧੀ ਨੀਤੀਆਂ ਦੇ ਹਾਮੀ ਹਨ'

ਜੇਕਰ ਤੁਸੀਂ ਆਰ.ਐਸ.ਐਸ. ਅਤੇ ਇਸਦੇ ਬਗਲਬੱਚਾ ਸੰਗਠਨ, ਜੋ ਭਾਰਤ 'ਚ ਹਿੰਦੁਤਵ ਦਾ ਸ਼ਾਸ਼ਨ ਚਾਹੁੰਦੇ ਹਨ, ਦੇ ਸਿਲਾਲੇਖਾਂ 'ਚ ਝਾਕ ਕੇ ਵੇਖੋਂ ਤਾਂ ਤੱਤਕਾਲ ਸਪੱਸ਼ਟ ਹੋ ਜਾਏਗਾ ਕਿ ਉਹ ਸਾਰੇ ਦੇ ਸਾਰੇ ਡਾ. ਅੰਬੇਦਕਰ ਦੀ ਅਗਵਾਈ 'ਚ ਤਿਆਰ ਸੰਵਿਧਾਨ ਨਾਲ ਨਫਰਤ ਕਰਦੇ ਹਨ। ਜਦੋਂ ਭਾਰਤ ਦੀ ਸੰਵਿਧਾਨ ਸਭਾ ਨੇ ਭਾਰਤੀ ਸੰਵਿਧਾਨ ਨੂੰ ਅੰਤਿਮ ਰੂਪ ਦਿੱਤਾ ਤਾਂ ਆਰ. ਐਸ. ਐਸ. ਖੁਸ਼ ਨਹੀਂ ਸੀ। 30 ਨਵੰਬਰ 1949 ਦੇ ਸੰਪਾਦਕੀ 'ਚ ਇਸਦਾ ਮੁੱਖਪੱਤਰ 'ਆਰਗੇਨਾਈਜ਼ਰ' ਸ਼ਿਕਾਇਤ ਕਰਦਾ ਹੈ ਕਿ-'ਸਾਡੇ ਸੰਵਿਧਾਨ 'ਚ ਪ੍ਰਾਚੀਨ ਭਾਰਤ 'ਚ ਵਿਲੱਖਣ ਸੰਵਿਧਾਨਿਕ ਵਿਕਾਸ ਦਾ ਕੋਈ ਜਿਕਰ ਨਹੀਂ ਹੈ। ਮਨੂ ਦੀ ਵਿਧੀ ਸਪਾਰਟ ਦੇ ਲਾਇਕਰਗੁਸ ਜਾਂ ਪਰਸੀਆ ਦੇ ਸੋਲੋਨ ਤੋਂ ਬਹੁਤ ਪਹਿਲਾਂ ਲਿਖੀ ਗਈ ਸੀ। ਅੱਜ ਤੱਕ ਇਸ ਵਿਧੀ ਦੀ ਜੋ 'ਮਨੁਸਮ੍ਰਿਤੀ' 'ਚ ਉਲੇਖਿਤ ਹੈ, ਵਿਸ਼ਵ ਭਰ 'ਚ ਸ਼ਲਾਘਾ ਕੀਤੀ ਜਾਂਦੀ ਰਹੀ ਹੈ ਅਤੇ ਇਹ ਧਾਰਮਿਕ ਨਿਯਮ-ਪਾਲਣ ਅਤੇ ਸਮਾਨਰੂਪਤਾ ਪੈਦਾ ਕਰਦੀ ਹੈ। ਪਰ ਸਾਡੇ ਸੰਵਿਧਾਨਕ ਪੰਡਿਤਾਂ ਲਈ ਉਸਦਾ ਕੋਈ ਅਰਥ ਨਹੀਂ ਹੈ।'

ਅਸਲ 'ਚ ਆਰ.ਐਸ.ਐਸ. 'ਵੀਰ' ਸਾਵਰਕਰ ਦੁਆਰਾ ਨਿਰਧਾਰਿਤ ਵਿਚਾਰਧਾਰਾ ਦਾ ਪਾਲਣ ਕਰਦਾ ਹੈ। ਸ਼੍ਰੀਮਾਨ! ਜੀ ਤੁਹਾਡੇ ਲਈ ਇਹ ਕੋਈ ਰਾਜ ਨਹੀਂ ਹੈ ਕਿ 'ਵੀਰ' ਸਾਵਰਕਰ ਆਪਣੇ ਪੂਰੇ ਜੀਵਨ 'ਚ ਜਾਤੀਵਾਦ ਅਤੇ ਮਨੁਸਮ੍ਰਿਤੀ ਦੀ ਪੂਜਾ ਦੇ ਵੱਡੇ ਮਜ਼ਬੂਨ ਬਣੇ ਰਹੇ। 'ਹਿੰਦੂ ਰਾਸ਼ਟਰਵਾਦ' ਦੀ ਇਸ ਪ੍ਰੇਰਨਾ ਦੇ ਅਨੁਸਾਰ:- 'ਮਨੂ ਸਮ੍ਰਿਤੀ ਇਕ ਐਸਾ ਧਰਮ ਗ੍ਰੰਥ ਹੈ ਜੋ ਸਾਡੇ ਹਿੰਦੂ ਰਾਸ਼ਟਰ ਲਈ ਵੇਦਾਂ ਦੇ ਬਾਅਦ ਸਰਵਵਿਆਪੀ ਪੂਜਨੀਕ ਹੈ ਅਤੇ ਜੋ ਪ੍ਰਾਚੀਨ ਕਾਲ ਤੋਂ ਹੀ ਸਾਡੇ ਸੱਭਿਆਚਾਰਕ ਰੀਤੀ-ਰਿਵਾਜ਼ਾਂ, ਵਿਚਾਰ ਅਤੇ ਆਚਰਨ ਦਾ ਅਧਾਰ ਹੋ ਗਿਆ ਹੈ। ਸਦੀਆਂ ਤੋਂ ਇਸ ਪੁਸਤਕ ਨੇ ਸਾਡੇ ਰਾਸ਼ਟਰ ਦੀ ਆਤਮਿਕ ਅਤੇ ਦੈਵਿਕ ਮੁਹਿੰਮ ਨੂੰ ਕਲਮਬੱਧ ਕੀਤਾ ਹੈ। ਅੱਜ ਵੀ ਕਰੋੜਾਂ ਹਿੰਦੂ ਆਪਣੇ ਜੀਵਨ ਅਤੇ ਆਚਰਣ 'ਚ ਜਿਨ੍ਹਾਂ ਨਿਯਮਾਂ ਦਾ ਪਾਲਣ ਕਰਦੇ ਹਨ, ਉਹ ਮਨੁਸਮ੍ਰਿਤੀ 'ਤੇ ਅਧਾਰਿਤ ਹਨ। ਅੱਜ ਮਨੁਸਮ੍ਰਿਤੀ ਹਿੰਦੂ ਵਿਧੀ ਹੈ।'

ਹਿੰਦੂਤਵ ਦੇ ਇਕ ਮਹਾਨ ਝੰਡਾਬਰਦਾਰ ਦੇ ਰੂਪ 'ਚ ਤੁਹਾਨੂੰ ਪਤਾ ਹੀ ਹੋਵੇਗਾ 'ਹਿੰਦੂ ਰਾਸ਼ਟਰਵਾਦੀ' ਕਿਸ ਪ੍ਰਕਾਰ ਦਾ ਸਮਾਜ ਬਣਾਉਣਾ ਚਾਹੁੰਦੇ ਹਨ। ਕਿਉਂਕਿ ਤੁਸੀ ਬਹੁਤ ਰੁੱਝੇ ਹੋਏ ਹੋ ਇਸ ਲਈ ਮੈਂ ਦਲਿਤਾਂ, ਅਛੂਤਾਂ ਅਤੇ ਔਰਤਾਂ ਲਈ ਮਨੁਸਮ੍ਰਿਤੀ ਨਾਲ ਉਨ੍ਹਾਂ ਦੇ ਨਿਰਦੇਸ਼ ਪੇਸ਼ ਕਰ ਰਿਹਾ ਹਾਂ। ਇਸ ਵਿਚ ਨਿਰਦੇਸ਼ਿਤ ਅਣਮਨੁੱਖੀ ਪਤਿਤ ਨਿਯਮ ਸਪੱਸ਼ਟ ਹਨ।

ਦਲਿਤਾਂ ਅਤੇ ਅਛੂਤਾਂ ਲਈ ਮਨੂੰ ਦੇ ਸਿਧਾਂਤ

ਅਨਾਦਿ ਬ੍ਰਹਮਾ ਨੇ ਲੋਕ ਕਲਿਆਣ ਲਈ ਆਪਣੇ ਮੂੰਹ, ਬਾਂਹ, ਜਾਂਘ ਅਤੇ ਚਰਨਾਂ ਤੋਂ ਲੜੀਵਾਰ: ਬ੍ਰਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਵਰਣਾਂ ਨੂੰ ਪੈਦਾ ਕੀਤਾ। (2) ਭਗਵਾਨ ਨੇ ਸ਼ੂਦਰ ਵਰਣ ਦੇ ਲੋਕਾਂ ਲਈ ਇਕ ਹੀ ਕਰਤਵ-ਕ੍ਰਮ ਨਿਰਧਾਰਿਤ ਕੀਤਾ ਹੈ-ਤਿੰਨਾਂ ਉੱਚ ਵਰਣਾਂ ਦੀ ਨਿਰਵਿਕਾਰ ਭਾਵ ਨਾਲ ਸੇਵਾ ਕਰਨੀ। (3) ਸ਼ੂਦਰ ਜੇਕਰ ਉੱਚ ਜਾਤੀਆਂ-ਬ੍ਰਹਮਣ, ਖੱਤਰੀ ਅਤੇ ਵੈਸ਼ ਨੂੰ ਗਾਲ ਕੱਢਦਾ ਹੈ ਤਾਂ ਉਸਦੀ ਜੀਭ ਕੱਟ ਦੇਣੀ ਚਾਹੀਦੀ ਹੈ ਕਿਉਂਕਿ ਨੀਵੀਂ ਜਾਤੀ ਦਾ ਹੋਣ ਕਰਕੇ ਉਹ ਇਸੇ ਸਜਾ ਦਾ ਅਧਿਕਾਰੀ ਹੈ। (4) ਸ਼ੂਦਰ ਦੁਆਰਾ ਅਹੰਕਾਰ ਵੱਸ ਨਫਰਤ ਨਾਲ ਉੱਚ ਜਾਤੀਆਂ ਦੇ ਨਾਮ ਭਾਵ ਜਾਤੀ ਉਚਾਰਣ ਕਰਨ 'ਤੇ ਉਸਦੇ ਮੂੰਹ 'ਚ ਦਸ ਉਂਗਲੀਆਂ ਲੋਹੇ ਦਾ ਬਲਦਾ ਸਰੀਆ ਠੋਕ ਦੇਣਾ ਚਾਹੀਦਾ ਹੈ। (5) ਸ਼ੂਦਰ ਦੁਆਰਾ ਹੰਕਾਰਵੱਸ ਬ੍ਰਹਮਣਾਂ ਨੂੰ ਧਰਮ ਉਪਦੇਸ਼ ਦੇਣ ਦੀ ਜੁਅਰਤ ਕਰਨ ਤੇ ਰਾਜਾ ਨੂੰ ਉਸਦੇ ਮੂੰਹ ਅਤੇ ਕੰਨ 'ਚ ਗਰਮ ਤੇਲ ਪਾ ਦੇਣਾ ਚਾਹੀਦਾ ਹੈ। (6) ਜੇਕਰ ਉਹ ਉੱਚ ਜਾਤੀਆਂ ਦੇ ਕਿਸੇ ਵਿਅਕਤੀ 'ਤੇ ਜਿਸ ਅੰਗ ਨਾਲ ਹਮਲਾ ਕਰਦਾ ਹੈ, ਉਸਦਾ ਉਹ ਅੰਗ ਕੱਟ ਦੇਣਾ ਚਾਹੀਦਾ ਹੈ, ਇਹੀ ਮਨੂ ਦੀ ਸਿੱਖਿਆ ਹੈ। (7) ਜੇ ਲਾਠੀ ਉਠਾਕੇ ਹਮਲਾ ਕਰਦਾ ਹੈ ਤਾਂ ਉਸਦਾ ਹੱਥ ਕੱਟ ਦੇਣਾ ਚਾਹੀਦਾ ਹੈ ਅਤੇ ਜੇ ਉਹ ਕ੍ਰੋਧ 'ਚ ਆ ਕੇ ਪੈਰ ਨਾਲ ਹਮਲਾ ਕਰਦਾ ਹੈ ਤਾਂ ਉਸਦਾ ਪੈਰ ਕੱਟ ਦੇਣਾ ਚਾਹੀਦਾ ਹੈ। (8) ਉੱਚ ਵਰਗ ਦੇ ਲੋਕਾਂ ਨਾਲ ਬੈਠਣ ਦੀ ਇੱਛਾ ਰੱਖਣ ਵਾਲੇ ਸ਼ੂਦਰ ਦੀ ਢੂਹੀ ਤੇ ਦਾਗ ਕਰਕੇ ਉਸਨੂੰ ਉੱਥੋਂ ਭਜਾ ਦੇਣਾ ਚਾਹੀਦਾ ਹੈ ਅਤੇ ਉਸਦੇ ਚਿੱਤੜਾਂ ਨੂੰ ਸਾਨੂੰ ਇਸ ਤਰ੍ਹਾਂ ਕੱਟ ਦੇਣਾ ਚਾਹੀਦਾ ਹੈ ਜਿਸ ਨਾਲ ਉਹ ਨਾ ਜੀਵੇ ਤੇ ਨਾ ਮਰੇ। (9) ਇਕ ਬ੍ਰਹਮਣ ਦੀ ਹੱਤਿਆ ਅਤੇ ਕੁੱਟਮਾਰ ਨਹੀਂ ਕਰਨੀ ਚਾਹੀਦੀ, ਭਲੇ ਹੀ ਉਸਨੇ ਹਰ ਸੰਭਵ ਅਪਰਾਧ ਕੀਤੇ ਹੋਣ। ਵੱਧ ਤੋਂ ਵੱਧ ਉਸਨੂੰ ਆਪਣੇ ਰਾਜ ਤੋਂ ਕੱਢ ਦੇਣਾ ਚਾਹੀਦਾ ਹੈ। ਇਸ ਤਰ੍ਹਾਂ ਕਰਦੇ ਹੋਏ ਸਾਰਾ ਧਨ ਉਸਨੂੰ ਸੌਂਪ ਦੇਣਾ ਚਾਹੀਦਾ ਹੈ ਭਾਵ ਚੋਟ ਨਹੀਂ ਪਹੁੰਚਾਉਣੀ ਚਾਹੀਦੀ। (ਰਾਜਾ ਨੂੰ ਆਦੇਸ਼)

ਔਰਤਾਂ ਨਾਲ ਸਬੰਧਿਤ ਮਨੂ ਦੇ ਨਿਯਮ

ਮਰਦਾਂ ਨੂੰ ਆਪਣੀਆਂ ਔਰਤਾਂ ਨੂੰ ਰਾਤ-ਦਿਨ ਸਦਾ ਆਪਣੇ ਵੱਸ਼ 'ਚ ਰੱਖਣਾ ਚਾਹੀਦਾ ਹੈ। (2) ਔਰਤ ਦੀ ਬਾਲ ਉਮਰ 'ਚ ਪਿਤਾ, ਜਵਾਨੀ 'ਚ ਪਤੀ ਅਤੇ ਬੁੱਢੀ ਉਮਰੇ ਪੁੱਤਰ ਰੱਖਿਆ ਕਰਦੇ ਹਨ, ਅਤੇ ਉਹ ਉਨ੍ਹਾਂ ਦੇ ਅਧੀਨ ਰਹਿੰਦੀ ਹੈ ਅਤੇ ਉਸਨੂੰ ਅਧੀਨ ਹੀ ਬਣੇ ਰਹਿਣਾ ਚਾਹੀਦਾ ਹੈ; ਇਕ ਔਰਤ ਕਦੇ ਵੀ ਅਜ਼ਾਦੀ ਦੇ ਯੋਗ ਨਹੀਂ ਹੈ। (3) ਵਿਗੜਣ ਦੇ ਛੋਟੇ ਜਿਹੇ ਮੌਕੇ ਤੋਂ ਵੀ ਔਰਤਾਂ ਨੂੰ ਬਲ ਅਤੇ ਕਠੋਰਤਾ ਨਾਲ ਬਚਾਉਣਾ ਚਾਹੀਦਾ ਹੈ, ਕਿਉਂਕਿ ਨਾ ਬਚਾਉਣ ਨਾਲ ਵਿਗੜੀਆਂ ਔਰਤਾਂ (ਪਿਤਾ ਅਤੇ ਪਤੀ ਦੇ) ਵੰਸ਼ ਨੂੰ ਕਲੰਕਿਤ ਕਰਦੀਆਂ ਹਨ। (9/5) (4) ਸਾਰੀਆਂ ਜਾਤਾਂ ਦੇ ਲੋਕਾਂ ਲਈ ਔਰਤ ਨੂੰ ਕੰਟਰੋਲ 'ਚ ਰੱਖਣਾ ਉਤਮ ਧਰਮ ਦੇ ਰੂਪ 'ਚ ਜ਼ਰੂਰੀ ਹੈ। ਇਹ ਵੇਖ ਕੇ ਦੁਰਬਲ ਪਤੀਆਂ ਨੂੰ ਵੀ ਆਪਣੀਆਂ ਪਤਨੀਆਂ ਨੂੰ ਵੱਸ਼ 'ਚ ਰੱਖਣ ਦਾ ਯਤਨ ਕਰਨਾ ਚਾਹੀਦਾ ਹੈ। (5) ਕੋਈ ਵੀ ਆਦਮੀ ਪੂਰੀ ਤਰ੍ਹਾਂ ਨਾਲ ਔਰਤਾਂ ਦੀ ਰੱਖਿਆ ਨਹੀਂ ਕਰ ਸਕਦਾ, ਪਰ ਉਹ ਹੇਠਾਂ ਦਰਜ ਉਪਾਵਾਂ ਨਾਲ ਐਸਾ ਕਰ ਸਕਦੇ ਹਨ। (6) ਪਤੀ ਨੂੰ ਆਪਣੀ ਪਤਨੀ ਨੂੰ ਆਪਣੀ ਜਾਇਦਾਦ ਦੇ ਪਾਲਣ-ਪੋਸ਼ਣ, ਸਾਫ-ਸਫਾਈ, ਧਾਰਮਿਕ ਕਰਤੱਵਾਂ, ਖਾਣਾ ਪਕਾਉਣ ਅਤੇ ਘਰ ਤੇ ਭਾਂਡਿਆਂ ਨੂੰ ਸਾਫ ਕਰਨ 'ਚ ਲਗਾਉਣਾ ਹੋਵੇਗਾ। (7) ਸੱਚੇ ਅਤੇ ਆਗਿਆਕਾਰੀ ਨੌਕਰਾਂ ਦੇ ਭਰੋਸੇ ਔਰਤਾਂ ਦੀ ਸਹੀ ਸੁਰੱਖਿਆ ਨਹੀਂ ਹੋ ਸਕਦੀ ਪਰ ਜੋ ਆਪਣੀ ਸੁਰੱਖਿਆ ਖੁਦ ਕਰਦੀਆਂ ਹਨ ਉਹ ਜਿਆਦਾ ਸੁਰੱਖਿਅਤ ਹਨ। (8) ਉਹ ਔਰਤਾਂ ਨਾ ਤਾਂ ਮਰਦ ਦੇ ਰੂਪ ਦਾ ਅਤੇ ਨਾ ਹੀ ਉਸਦੀ ਉਮਰ ਦਾ ਵਿਚਾਰ ਕਰਦੀ ਹੈ। ਇਨ੍ਹਾਂ ਨੂੰ ਤਾਂ ਕੇਵਲ ਮਰਦ ਦੇ ਮਰਦ ਹੋਣ ਤੱਕ ਮਤਲਬ ਹੈ।...ਚਾਹੇ ਉਹ ਕਰੂਪ ਹੋਵੇ ਜਾਂ ਸੁੰਦਰ। ਇਹੀ ਕਾਰਨ ਹੈ ਮਰਦ ਨੂੰ ਵੇਖਦੇ ਹੀ ਇਹ ਉਸ ਨਾਲ ਭੋਗ ਲਈ ਪੇਸ਼ ਹੋ ਜਾਂਦੀਆਂ ਹਨ ਚਾਹੇ ਉਹ ਕਰੂਪ ਹੋਵੇ ਜਾਂ ਸੁੰਦਰ। (9) ਮਰਦਾਂ ਪ੍ਰਤੀ ਆਪਣੀ ਚਾਹਤ, ਤਬਦੀਲੀ ਵਾਲਾ ਵਿਵਹਾਰ ਅਤੇ ਆਪਣੀ ਸੁਭਾਵਿਕ ਹਿਰਦੇਹੀਣਤਾ ਨਾਲ ਔਰਤਾਂ ਆਪਣੇ ਪਤੀਆਂ ਪ੍ਰਤੀ ਵੇਵਫਾ ਹੋ ਜਾਂਦੀਆਂ ਹਨ ਚਾਹੇ ਉਹਨਾਂ ਦੀ ਕਿੰਨੀ ਵੀ ਸਾਵਧਾਨੀਪੂਰਵਕ ਦੇਖਭਾਲ ਕੀਤੀ ਜਾਵੇ। (10) ਮਨੂ ਅਨੁਸਾਰ ਬ੍ਰਹਮਾਜੀ ਨੇ ਹੇਠ ਲਿਖਤ ਬਿਰਤੀਆਂ ਸਹਿਜ-ਸੁਭਾਅ ਔਰਤਾਂ ਨੂੰ ਦਿੱਤੀਆਂ ਹਨ-ਉਤਮ ਚੀਜ਼ਾਂ ਅਤੇ ਅਲੰਕਾਰਾਂ ਦੇ ਉਪਭੋਗ ਦਾ ਮੋਹ, ਕਾਮ-ਕ੍ਰੋਧ, ਟੇਡਾਪਣ, ਈਰਖਾ ਧ੍ਰੋਹ ਅਤੇ ਘੁੰਮਣਾ-ਫਿਰਨਾ ਅਤੇ ਸਜ-ਧਜ ਕੇ ਦੂਜਿਆਂ ਨੂੰ ਦਿਖਾਉਣਾ। (11) ਔਰਤਾਂ ਦੇ ਜਾਤਕ੍ਰਮ ਅਤੇ ਨਾਮਕ੍ਰਮ ਆਦਿ ਸੰਸਕਾਰਾਂ 'ਚ ਵੇਦ ਮੰਤਰਾਂ ਦਾ ਉਚਾਰਨ ਨਹੀਂ ਕਰਨਾ ਚਾਹੀਦਾ। ਇਹੀ ਸ਼ਾਸ਼ਤਰ ਦੀ ਮਰਿਆਦਾ ਹੈ ਕਿਉਂਕਿ ਔਰਤਾਂ 'ਚ ਗਿਆਨ ਇੰਦਰੀਆਂ ਦੀ ਵਰਤੋਂ ਦੀ ਸਮਰੱਥਾ ਦਾ ਅਭਾਵ (ਭਾਵ ਸਹੀ ਨਾ ਵੇਖਣ, ਸੁਣਨ, ਬੋਲਣ ਵਾਲੀ) ਹੈ।

ਮੈਂ ਤੁਹਾਡਾ ਧਿਆਨ ਦਿਵਾਉਣਾ ਚਾਹਾਂਗਾ ਦਸੰਬਰ 1927 'ਚ, ਡਾ. ਬੀ. ਆਰ. ਅੰਬੇਦਕਾਰ ਦੀ ਹਾਜ਼ਰੀ 'ਚ ਇਤਿਹਾਸਕ ਮਹਾੜ ਅੰਦੋਲਨ ਦੇ ਦੌਰਾਨ ਮਨੁਸਮ੍ਰਿਤੀ ਦੀ ਕਾਪੀ ਵਿਰੋਧ ਦੇ ਤੌਰ ਤੇ ਜਲਾਈ ਗਈ ਸੀ।

ਆਰ.ਐਸ.ਐਸ. ਲਈ ਜਾਤੀਵਾਦ 'ਹਿੰਦੂ ਰਾਸ਼ਟਰ' ਦਾ ਸਮਾਨਰਥੀ ਹੈ

ਸ਼੍ਰੀਮਾਨ! ਆਰ.ਐਸ.ਐਸ. ਦੇ ਇਕ ਅਨੁਸ਼ਾਸ਼ਿਤ ਅਤੇ ਪ੍ਰਤੀਬੱਧ ਕਾਰਕੁੰਨ ਦੇ ਨਾਤੇ ਤੁਸੀਂ ਇਸ ਤੱਥ ਤੋਂ ਜਾਣੂ ਹੋਵੋਂਗੇ ਕਿ ਜਾਤੀਵਾਦ 'ਹਿੰਦੂ ਰਾਸ਼ਟਰ' ਦਾ ਸਾਰ ਹੈ। ਗੁਰੂ ਗੋਵਾਲਕਰ ਨੇ ਤਾਂ ਇੱਥੋਂ ਤੱਕ ਐਲਾਨ ਕੀਤਾ ਕਿ ਜਾਤੀਵਾਦ 'ਹਿੰਦੂ ਰਾਸ਼ਟਰ' ਦਾ ਸਮਾਨਰਥੀ ਹੈ। ਉਹਨਾਂ ਅਨੁਸਾਰ ਹਿੰਦੂ ਹੋਰ ਕੋਈ ਨਹੀਂ ਬਲਕਿ ਵਿਰਾਟ ਪੁਰਸ਼ ਹੈ।

'ਵਿਰਾਟ ਪੁਰਸ਼, ਖੁਦ ਪ੍ਰਗਟ ਹੋਣ ਵਾਲਾ ਪ੍ਰਮੇਸ਼ਰ...('ਪੁਰਸ਼ ਮੁਕਤ' ਦੇ ਮੁਤਾਬਿਕ) ਸੂਰਜ ਅਤੇ ਚੰਦਰਮਾ ਉਸਦੀਆਂ ਅੱਖਾਂ ਹਨ, ਤਾਰੇ ਅਤੇ ਅਕਾਸ਼ ਉਸਦੀ ਧੁੰਨੀ ਨਾਲ ਨਿਰਮਿਤ ਹੁੰਦੇ ਹਨ ਅਤੇ ਬ੍ਰਹਮਣ ਉਸਦਾ ਸਿਰ ਹੈ, ਰਾਜਾ ਹੱਥ ਹੈ, ਵਿਧਵਾ ਜਾਂਘ ਹੈ ਅਤੇ ਸ਼ੂਦਰ ਪੈਰ ਹੈ। ਇਸਦਾ ਅਰਥ ਇਹੀ ਹੈ ਕਿ ਉਹ ਲੋਕ ਜਿਨ੍ਹਾਂ ਕੋਲ ਇਸ ਕਿਸਮ ਦੀ ਚਾਰ ਪਰਤਾਂ ਵਾਲੀ ਵਿਵਸਥਾ ਹੁੰਦੀ ਹੈ ਭਾਵ ਹਿੰਦੂ ਲੋਕ, ਉਹੀ ਸਾਡੇ ਭਗਵਾਨ ਹਨ। ਈਸ਼ਵਰ ਦੇ ਬਾਰੇ 'ਚ ਐਸੀ ਸਰਵਉੱਚ ਧਾਰਨਾ ਹੀ 'ਰਾਸ਼ਟਰ ਦੀ ਸਾਡੀ ਅਵਧਾਰਨਾ ਦੀ ਅੰਤਰਵਸਤੂ ਹੈ ਅਤੇ ਉਹ ਸਾਡੇ ਚਿੰਤਨ 'ਚ ਛਾ ਗਈ ਹੈ ਅਤੇ ਉਸਨੇ ਸਾਡੀ ਸੱਭਿਆਚਾਰਕ ਵਿਰਾਸਤ ਦੀਆਂ ਵਿਭਿੰਨ ਅਨੋਖੀਆਂ ਵਿਸ਼ੇਸ਼ਤਾਵਾਂ ਨੂੰ ਜਨਮ ਦਿੱਤਾ ਹੈ।'

ਸ਼੍ਰੀਮਾਨ! ਕ੍ਰਿਪਾ ਮੈਨੂੰ ਦੱਸਣ ਦਾ ਕਸ਼ਟ ਕਰੋ ਕਿ ਤੁਸੀਂ ਗੁਰੂ ਦੇ ਨਾਲ ਹੋ ਜਾਂ ਉਸ ਲੋਕਤੰਤਰਿਕ-ਧਰਮਨਿਰਪੱਖ ਰਾਜ ਪ੍ਰਬੰਧ ਦੇ ਨਾਲ ਹੋ ਜਿਸਨੇ ਥੋਨੂੰ ਸੱਤਾਸੀਨ ਕੀਤਾ ਹੈ। ਇਹ ਬਹੁਤ ਗੰਭੀਰ ਮਸਲਾ ਹੈ ਕਿਉਂਕਿ ਇਸਦਾ ਸਬੰਧ ਦਲਿਤਾਂ ਅਤੇ ਔਰਤਾਂ ਦੇ ਅਧਿਕਾਰਾਂ ਨਾਲ ਹੈ।

ਮੈਨੂੰ ਅਫਸੋਸ ਹੈ ਕਿ ਮੇਰਾ ਪੱਤਰ ਲੰਮਾ ਹੁੰਦਾ ਜਾ ਰਿਹਾ ਹੈ। ਮੈਨੂੰ ਆਸ ਹੈ ਕਿ ਤੁਸੀਂ ਮੈਨੂੰ ਮਾਫ ਕਰੋਗੇ ਕਿਉਂਕਿ ਤੁਹਾਡੇ ਆਪਣੇ ਰਾਇਟਸ ਦੇ ਦਿੱਤੇ ਗਏ ਇੰਟਰਵਿਊ ਅਤੇ ਹੋਰ ਕਥਨਾਂ ਅਤੇ ਗਤੀਵਿਧੀਆਂ ਦੇ ਇਕ ਵਿਸ਼ਾਲ ਪਰਿਪੇਖ 'ਚ ਮੇਰੇ ਕੋਲ ਹੋਰ ਕੋਈ ਬਦਲ ਨਹੀਂ ਹੈ। ਤੁਸੀਂ ਮੇਰੀ ਇਸ ਗੱਲ ਦੀ ਪ੍ਰਸ਼ੰਸਾ ਕਰੋਗੇ ਕਿ ਮੈਂ ਹੋਰ ਵਿਅਕਤੀਆਂ ਅਤੇ ਸੰਗਠਨਾਂ ਦੀ ਤਰ੍ਹਾਂ 2002 ਗੁਜਰਾਤ ਜਨਸੰਹਾਰ ਦਾ ਮੁੱਦਾ ਨਹੀਂ ਉਠਾ ਰਿਹਾ। ਮੈਂ ਦ੍ਰਿੜਤਾਪੂਰਵਕ ਮਹਿਸੂਸ ਕਰਦਾ ਹਾਂ ਕਿ ਮੈਨੂੰ ਕੇਵਲ ਉਹ ਮਾਮਲੇ ਉਠਾਉਣੇ ਚਾਹੀਦੇ ਹਨ ਜੋ ਆਮ ਤੌਰ ਤੇ ਛੱਡ ਦਿੱਤੇ ਜਾਂਦੇ ਹਨ। ਤੁਹਾਡਾ ਇਸ ਦੇਸ਼ ਦੇ ਹਿੰਦੂਆਂ ਅਤੇ ਵਰਤਮਾਨ ਲੋਕਤੰਤਰਿਕ-ਧਰਮਨਿਰਪੱਖ ਰਾਜ ਪ੍ਰਬੰਧ ਲਈ ਕੀ ਏਜੰਡਾ ਹੈ ਇਸਤੇ ਚਾਨਣਾ ਪਾਓ?

ਸ਼੍ਰੀਮਾਨ ਮੈਂ ਦੋ ਹੋਰ ਮੁੱਦੇ ਉਠਾਕੇ ਇਸਨੂੰ ਖਤਮ ਕਰਾਂਗਾ।

'ਹਿੰਦੂ ਰਾਸ਼ਟਰਵਾਦੀ' ਗਾਂਧੀ ਹੱਤਿਆ ਦਾ ਜਸ਼ਨ ਮਨਾਉਂਦੇ ਹਨ

ਨਾਥੂਰਾਮ ਗੌਡਸੇ ਅਤੇ ਉਸਦੇ ਸਹਿਯੋਗੀ ਜਿਨ੍ਹਾਂ ਨੇ ਗਾਂਧੀ ਜੀ ਦੀ ਹੱਤਿਆ ਕਰਨ ਦੀ ਸਾਜ਼ਿਸ਼ ਰਚੀ ਸੀ, ਅਤੇ ਉਸਨੂੰ ਸਿਰੇ ਚੜ੍ਹਾਇਆ ਸੀ ਉਹ 'ਹਿੰਦੂ ਰਾਸ਼ਟਰਵਾਦੀ' ਹੋਣ ਦਾ ਦਾਅਵਾ ਕਰਦੇ ਸਨ। ਉਨ੍ਹਾਂ ਨੇ ਗਾਂਧੀ ਹੱਤਿਆ ਨੂੰ ਪ੍ਰਭੂ ਦੇ ਹੁਕਮ ਦਾ ਪਾਲਣ ਕਰਨ ਦੇ ਰੂਪ 'ਚ ਬਿਆਨ ਕੀਤਾ ਸੀ। ਆਰ.ਐਸ.ਐਸ. ਨੇ ਮਿਠਾਈਆਂ ਵੰਡ ਕੇ ਗਾਂਧੀ ਜੀ ਦੀ ਹੱਤਿਆ ਦਾ ਜਸ਼ਨ ਮਨਾਇਆ। ਕੀ ਉਨ੍ਹਾਂ ਦਾ ਹਿੰਦੂਤਵੀਆਂ ਦੁਆਰਾ ਸਨਮਾਨ ਨਹੀਂ ਕੀਤਾ ਜਾਂਦਾ ? ਕੀ ਤੁਸੀਂ ਉਨ੍ਹਾਂ 'ਚੋਂ ਇਕ ਨਹੀਂ ਹੋ ? ਜੂਨ 2013 'ਚ ਭਾਜਪਾ ਦੀ ਕਾਰਜਕਾਰੀ ਕਮੇਟੀ ਦੇ ਲਈ ਤੁਸੀਂ ਜਦੋਂ ਗੋਆ 'ਚ ਸੀ ਤਦ ਤੁਸੀਂ ਹਿੰਦੂ ਜਨ ਜਾਗਰਨ ਸਮਿਤੀ ਦੁਆਰਾ ਅਯੋਜਿਤ ਹਿੰਦੂ ਰਾਸ਼ਟਰ ਦੀ ਸਥਾਪਨਾ ਲਈ ਅਖਿਲ ਭਾਰਤੀ ਹਿੰਦੂ ਸੰਮੇਲਨ ਲਈ ਇਕ ਸੰਦੇਸ਼ ਭੇਜਿਆ। ਜਿਸ ਵਿਚ ਕਿਹਾ ਗਿਆ-

'ਜੇਕਰ ਹਰੇਕ ਹਿੰਦੂ ਸ਼ਿਵਰ ਨਾਲ ਪ੍ਰੇਮ, ਦਯਾ, ਅੰਤਰਮੁਖੀ ਵਿਵਹਾਰ ਕਰਦਾ ਹੈ, ਅਹਿੰਸਾ ਸੱਚ ਨੂੰ ਮਹੱਤਵ ਦਿੰਦੇ ਹੋਏ ਰਾਖਸ਼ੀ ਪ੍ਰਵਿਰਤੀਆਂ ਨੂੰ ਦੂਰ ਕਰਨਾ ਹਰ ਹਿੰਦੂ ਦੇ ਭਾਗਾਂ 'ਚ ਹੈ। ਜਬਰ ਖਿਲਾਫ ਅਵਾਜ਼ ਉਠਾਉਣੀ ਅਤੇ ਉਸ ਪ੍ਰਤੀ ਚੁਕੰਨੇ ਰਹਿਣਾ ਸਾਡੀ ਪ੍ਰੰਪਰਾ ਹੈ। ਆਪਣੇ ਸੱਭਿਆਚਾਰ ਦੀ ਰਾਖੀ ਕਰਦੇ ਹੋਏ ਹੀ ਧਰਮ ਚਿੰਨ੍ਹ ਭਾਵ ਏਕਤਾ ਨੂੰ ਅਖੰਡ ਰੱਖਿਆ ਜਾ ਸਕਦਾ ਹੈ...ਰਾਸ਼ਟਰੀਅਤਾ, ਦੇਸ਼ਭਗਤੀ ਅਤੇ ਰਾਸ਼ਟਰ ਪ੍ਰਤੀ ਸਮਰਪਣ ਨਾਲ ਪ੍ਰੇਰਿਤ ਸੰਗਠਨ ਲੋਕਸ਼ਕਤੀ ਦਾ ਸੱਚਾ ਪ੍ਰਗਟਾਵਾ ਹੈ।'

ਤੁਸੀਂ ਹਿੰਦੂ ਜਨਜਾਗਰਨ ਸੰਮਤੀ ਨੂੰ ਚੰਗੀ ਤਰ੍ਹਾਂ ਜਾਣਦੇ ਹੋਏ ਇਹ ਸੁਨੇਹਾ ਭੇਜਿਆ ਹੋਵੇਗਾ। ਜਿਸ ਮੰਚ ਤੇ ਤੁਹਾਡਾ ਵਧਾਈ ਸੰਦੇਸ਼ ਪੜ੍ਹਿਆ ਗਿਆ ਉਸੇ ਮੰਚ ਤੋਂ ਇਕ ਪ੍ਰਮੁੱਖ ਬੁਲਾਰੇ, ਕੇ. ਵੀ. ਸੀਤਾਰਮੱਇਆ ਨੇ ਐਲਾਨ ਕੀਤਾ ਕਿ 'ਗਾਂਧੀ ਭਿਆਨਕ ਪਾਪੀ ਅਤੇ ਸਰਵਵਿਆਪਕ ਪਾਪੀ ਸੀ।'

ਮਹਾਤਮਾ ਗਾਂਧੀ ਦੀ ਹੱਤਿਆ 'ਤੇ ਖੁਸ਼ੀ ਮਨਾਉਂਦੇ ਹੋਏ ਉਨ੍ਹਾਂ ਨੇ ਇਥੋਂ ਤੱਕ ਕਹਿ ਦਿੱਤਾ ਕਿ-'ਜਿਵੇਂ ਕਿ ਭਗਵਾਨ ਸ਼੍ਰੀ ਕ੍ਰਿਸ਼ਨ ਨੇ ਗੀਤਾ 'ਚ ਕਿਹਾ ਹੈ-'ਦੁਸ਼ਟਾਂ ਦੇ ਵਿਨਾਸ਼ ਲਈ, ਚੰਗਿਆਂ ਦੀ ਸੁਰੱਖਿਆ ਲਈ ਅਤੇ ਧਰਮ ਦੀ ਸਥਾਪਨਾ ਲਈ, ਮੈਂ ਹਰ ਯੁੱਗ 'ਚ ਪੈਦਾ ਹੋਇਆ ਹਾਂ...30 ਜਨਵਰੀ 1948 ਦੀ ਸ਼ਾਮ ਸ਼੍ਰੀਰਾਮ, ਨਾਥੂਰਾਮ ਗੌਡਸੇ ਦੇ ਰੂਪ 'ਚ ਆਏ ਅਤੇ ਗਾਂਧੀ ਦਾ ਜੀਵਨ ਸਮਾਪਤ ਕਰ ਦਿੱਤਾ।'

ਇੱਥੇ ਇਹ ਦੱਸਣਾ ਵੀ ਠੀਕ ਰਹੇਗਾ ਕਿ ਕੇ. ਵੀ. ਸੀਤਾਰਮੱਇਆ ਨੇ 'ਗਾਂਧੀ ਧਰਮਧ੍ਰੋਹੀ ਅਤੇ ਦੇਸ਼ਧ੍ਰੋਹੀ' ਸਿਰਲੇਖ ਹੇਠ ਇਕ ਕਿਤਾਬ ਵੀ ਲਿਖੀ ਹੈ ਜਿਸ ਦੇ ਪਿਛਲੇ ਕਵਰ ਪੇਜ਼ 'ਤੇ ਮਹਾਂਕਾਵਿ ਮਹਾਂਭਾਰਤ ਨੂੰ ਪੇਸ਼ ਕਰਦੇ ਹੋਏ ਮੰਗ ਕੀਤੀ ਗਈ ਹੈ ਕਿ 'ਧਰਮਧ੍ਰੋਹੀ ਦੀ ਹੱਤਿਆ ਕੀਤੀ ਜਾਣੀ ਚਾਹੀਦੀ ਹੈ। ਹੱਤਿਆ ਦੇ ਅਧਿਕਾਰੀ ਨੂੰ ਨਾ ਮਾਰਨਾ, ਮਾਰਨ ਨਾਲੋਂ ਵੱਡਾ ਪਾਪ ਹੈ ਅਤੇ ਇੱਥੇ ਸੰਸਦ ਮੈਂਬਰ ਸਪੱਸ਼ਟ ਰੂਪ 'ਚ ਸੱਚ ਅਤੇ ਧਰਮ ਦੀ ਹੱਤਿਆ ਦੀ ਆਗਿਆ ਦਿੰਦੇ ਹਨ ਉਨ੍ਹਾਂ ਨੂੰ ਮਰਿਆ ਹੋਇਆ ਹੋਣਾ ਚਾਹੀਦਾ ਹੈ।'

ਨਾਰਵੇ ਦੇ ਨਵ ਨਾਜੀਵਾਦੀ ਸਮੂਹਿਕ ਹਤਿਆਰੇ ਬ੍ਰੈਵਿਕ ਨੇ 'ਹਿੰਦੂ ਰਾਸ਼ਟਰਵਾਦੀਆਂ' ਦੀ ਪ੍ਰਸ਼ੰਸਾ ਕੀਤੀ

ਅਖੀਰ 'ਚ ਤੁਸੀਂ ਮੈਨੂੰ ਦੱਸਣ ਦਾ ਕਸ਼ਟ ਕਰੋ ਕਿ ਤੁਸੀਂ ਕਿਸ ਤਰ੍ਹਾਂ ਯੂਰਪੀ ਦੇਸ਼ ਨਾਰਵੇ ਦੇ ਨਵਨਾਜੀਵਾਦੀ ਸਮੂਹਿਕ ਹਤਿਆਰੇ ਏਂਡਰਸ ਬੇਹਰਿੰਗ ਬ੍ਰਿਵਿਕ ਦਾ ਬਿਆਨ ਜਿਸਨੇ ਭਾਰਤ ਦੇ 'ਹਿੰਦੂ ਰਾਸ਼ਟਰਵਾਦੀ' ਅੰਦੋਲਨ ਨੂੰ ਵਿਸ਼ਵ ਭਰ 'ਚ ਲੋਕਤੰਤਰਿਕ ਵਿਵਸਥਾ ਨੂੰ ਕੁਚਲਨ ਦੀ ਮੁਹਿੰਮ 'ਚ ਪ੍ਰਮੁੱਖ ਸਹਿਯੋਗ ਦਿੱਤਾ ਹੈ, 'ਤੇ ਪ੍ਰਤੀਕ੍ਰਿਆ ਦੇਵੋ। ਨਾਰਵੇ 'ਚ ਭਿਅੰਕਰ ਜਨਸੰਹਾਰ ਕਰਨ ਤੋਂ ਪਹਿਲਾਂ ਉਸਨੇ 1518 ਪੰਨਿਆਂ ਦਾ ਇਕ ਮੈਨੀਫੈਸਟੋ ਜਾਰੀ ਕੀਤਾ ਜਿਸ ਵਿਚ 102 ਪੰਨਿਆਂ 'ਚ ਭਾਰਤ ਦੇ ਹਿੰਦੁਤਵਵਾਦੀ ਅੰਦੋਲਨ ਦੀ ਚਰਚਾ ਅਤੇ ਪ੍ਰਸ਼ੰਸਾਂ ਕੀਤੀ ਗਈ ਹੈ। ਉਸਨੇ ਸਨਾਤਨ ਧਰਮ ਅੰਦੋਲਨ ਅਤੇ 'ਹਿੰਦੂ ਰਾਸ਼ਟਰਵਾਦੀਆਂ' ਦਾ ਸਹਿਯੋਗ ਕੀਤਾ ਹੈ। ਇਹ ਮੈਨੀਫੈਸਟੋ ਯੂਰਪ ਦੇ ਨਵਨਾਜੀਵਾਦੀਆਂ ਅਤੇ ਭਾਰਤ ਦੇ ਹਿੰਦੂ ਰਾਸ਼ਟਰਵਾਦੀਆਂ' ਵਿੱਚ ਇਕ ਰਾਜਨੀਤਿਕ ਸਹਿਯੋਗ ਦੀ ਰੂਪਰੇਖਾ ਦੱਸਿਆ ਹੈ। ਇਹ ਮੈਨੀਫੈਸਟੋ ਕਹਿੰਦਾ ਹੈ ਕਿ ਯੂਰਪ ਦੇ ਨਵਨਾਜੀਵਾਦੀਆਂ ਅਤੇ ਭਾਰਤ ਦੇ ਹਿੰਦੂ ਰਾਸ਼ਟਰਵਾਦੀਆਂ' ਨੂੰ 'ਇਕ ਦੂਸਰੇ ਤੋਂ ਸਿੱਖਣਾ ਅਤੇ ਜਿੰਨ੍ਹਾਂ ਸੰਭਵ ਹੋਵੇ ਸਹਿਯੋਗ ਕਰਨਾ ਚਾਹੀਦਾ ਹੈ' ਕਿਉਂਕਿ 'ਦੋਨਾਂ ਦੇ ਉਦੇਸ਼ ਘੱਟ ਜਾਂ ਵੱਧ ਇਕੋ ਜਿਹੇ ਹਨ।' ਇਸ ਮੈਨੀਫੈਸਟੋ 'ਚ ਪ੍ਰਮੁੱਖ ਤੌਰ ਤੇ ਹਿੰਦੂਵਾਦੀ ਸੰਗਠਨਾਂ ਆਰ.ਐਸ.ਐਸ., ਭਾਜਪਾ, ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਦਾ ਵਰਨਣ ਕੀਤਾ ਗਿਆ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਇਹ ਮੈਨੀਫੈਸਟੋ, ਮੁਸਲਮਾਨਾ ਨੂੰ ਦੇਸ਼ ਤੋਂ ਬਾਹਰ ਕੱਢ ਸੁੱਟਣ ਲਈ ਗ੍ਰਹਿ-ਯੁੱਧ 'ਚ ਅਤੇ ਪੱਛਮ ਦੀਆਂ ਸੰਯੁਕਤ ਬਹੁਸੰਸਕ੍ਰਿਤ ਸਰਕਾਰਾਂ ਨੂੰ ਉਖਾੜ ਸੁੱਟਣ ਲਈ ਹਿੰਦੂ ਰਾਸ਼ਟਰਵਾਦੀਆਂ ਨੂੰ, ਫੌਜੀ ਸਹਾਇਤਾ ਦਾ ਭਰੋਸਾ ਦਿੰਦਾ ਹੈ। ਦਰਅਸਲ ਹੁਣ ਮੈਂ ਉਨ੍ਹਾਂ ਮੁੱਦਿਆਂ ਤੇ ਤੁਹਾਡੀ ਪ੍ਰਤੀਕਿਰਿਆ ਚਾਹੁੰਦਾ ਹਾਂ ਜੋ ਰਾਇਟਰਸ ਦੇ ਪੱਤਰਕਾਰਾਂ ਦੁਆਰਾ ਉਠਾਏ ਜਾਣੇ ਚਾਹੀਦੇ ਸਨ।

ਮੈਂ ਬਹੁਤ ਉਤਸੁਕਤਾ ਨਾਲ ਤੁਹਾਡੇ ਉੱਤਰ ਦੀ ਉਡੀਕ ਕਰ ਰਿਹਾ ਹਾਂ। ਮੈਨੂੰ ਪੂਰਨ ਵਿਸ਼ਵਾਸ਼ ਹੈ ਕਿ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਉਪਲਬਦ ਵਿਸ਼ਾਲ ਸਾਧਨਾਂ ਦੇ ਮੱਦੇਨਜ਼ਰ ਤੁਹਾਨੂੰ ਉੱਤਰ ਦੇਣ 'ਚ ਕੋਈ ਕਸ਼ਟ ਨਹੀਂ ਹੋਵੇਗਾ।

ਧੰਨਵਾਦ।
ਤੁਹਾਡਾ
ਸ਼ਮਸੁਲ ਇਸਲਾਮ

ਅਗਰ ਕੋਈ ਤੁਹਾਡੇ ਤੇ ਵਿਅੰਗ ਕਰਦਾ ਹੈ
ਤਾਂ ਬੁਰਾ ਨਾ ਮਨਾਉ
ਕਿਉਂਕਿ
ਵਿਅੰਗ ਤਾਕਤਵਰ ਲੋਕਾਂ ਉਤੇ ਵਰਤਣ ਵਾਲਾ ਕਮਜ਼ੋਰ ਲੋਕਾਂ ਦਾ ਹਥਿਆਰ ਹੁੰਦਾ ਹੈ

ਕਾਮਯਾਬ ਲੋਕ ਆਪਣੇ ਫੈਸਲੇ ਨਾਲ ਦੁਨੀਆ ਬਦਲ ਦਿੰਦੇ ਨੇ
ਤੇ
ਨਾਕਾਮਯਾਬ ਲੋਕ ਦੁਨੀਆਂ ਦੇ ਡਰ ਤੋਂ ਆਪਣੇ ਫੈਸਲੇ ਬਦਲ ਦਿੰਦੇ ਨੇ
- ਕਰਮਜੀਤ ਕੌਰ ਯੂ. ਕੇ.

# ਤਕਨੀਕੀ ਵਿਕਾਸ ਅਤੇ ਬਾਜ਼ਾਰ ਦੇ ਚੱਕਰਵਿਊ ਵਿਚ ਫਸ ਗਿਆ ਹੈ ਮਨੁੱਖ



ਗੁਰਚਰਨ ਨੂਰਪੁਰ

ਪਹਿਲਾਂ ਮਨੁੱਖ ਵਸਤਾਂ ਨੂੰ ਵਰਤਦਾ ਸੀ ਪਰ ਹੁਣ ਹਾਲਾਤ ਇਹ ਬਣ ਰਹੇ ਹਨ ਕਿ ਵਸਤਾਂ ਮਨੁੱਖ ਨੂੰ ਵਰਤਣ ਲੱਗ ਪਈਆਂ ਹਨ। ਪਿਛਲੇ 30 ਸਾਲਾਂ ਦੌਰਾਨ ਜਿੰਨੀ ਤੇਜ਼ੀ ਨਾਲ ਦੁਨੀਆ ਦਾ ਮੂੰਹ-ਮੁਹਾਂਦਰਾ ਬਦਲਿਆ ਹੈ ਓਨਾ ਸ਼ਾਇਦ ਪਿਛਲੇ 1000 ਸਾਲਾਂ ਵਿਚ ਨਹੀਂ ਸੀ ਬਦਲਿਆ। ਟੀ. ਵੀ., ਸੈਟੇਲਾਈਟ, ਮੋਬਾਈਲ ਅਤੇ ਇੰਟਰਨੈਟ ਦੀਆਂ ਕਾਢਾਂ ਨੇ ਸਾਡੀ ਜ਼ਿੰਦਗੀ ਨੂੰ ਬੇਹੱਦ ਪ੍ਰਭਾਵਿਤ ਕੀਤਾ ਹੈ। ਡਾਕਟਰੀ ਵਿਗਿਆਨ ਦੇ ਖੇਤਰ ਵਿਚ ਵੀ ਹੈਰਾਨੀਜਨਕ ਖੋਜਾਂ ਹੋਈਆਂ ਅਤੇ ਹੋ ਰਹੀਆਂ ਹਨ। ਕੱਟੇ ਅੰਗਾਂ ਨੂੰ ਦੁਬਾਰਾ ਸਫਲਤਾ ਨਾਲ ਜੋੜਨ ਦੇ ਤਰੀਕੇ ਲੱਭ ਲਏ ਗਏ ਹਨ। ਬਾਂਝਪਨ ਦੇ 95 ਫ਼ੀਸਦੀ ਕੇਸਾਂ ਨੂੰ ਹੱਲ ਕਰਨ ਦੀ ਵਿਵਸਥਾ ਹੈ। ਜਨਮ ਤੋਂ ਪਹਿਲਾਂ ਪੈਦਾ ਹੋਏ ਬੱਚਿਆਂ ਨੂੰ ਬਚਾਉਣ ਵਿਚ ਸਫਲਤਾ ਹਾਸਲ ਹੋਈ ਹੈ। ਮਨੁੱਖੀ ਜੀਨਜ਼ ਨੂੰ ਪੜ੍ਹਨ ਅਤੇ ਨਿਖੇੜਨ ਦੀਆਂ ਮਹੱਤਵਪੂਰਨ ਖੋਜਾਂ ਹੋ ਰਹੀਆਂ ਹਨ। ਵਿਗਿਆਨੀ ਨੈਨੋ ਤਕਨੀਕ ਦੇ ਵਿਕਾਸ ਨਾਲ ਕੁਝ ਕੁ ਸਾਲਾਂ ਵਿਚ ਵੱਖਰੀ ਦੁਨੀਆ ਦੀ ਸਿਰਜਣਾ ਕਰਨ ਦਾ ਦਾਅਵਾ ਕਰ ਰਹੇ ਹਨ।

ਅਜੋਕੇ ਵਿਕਾਸ ਦੇ ਚੰਗੇ-ਮਾੜੇ ਦੋਵੇਂ ਪੱਖ ਸਾਡੇ ਸਨਮੁੱਖ ਹਨ। ਟੀ. ਵੀ. ਚੈਨਲਾਂ ਦੀ ਭਰਮਾਰ, ਮੋਬਾਈਲ ਅਤੇ ਸੋਸ਼ਲ ਮੀਡੀਆ ਨਾਲ ਸਮਾਜ ਦੇ ਵੱਡੇ ਵਰਗ 'ਤੇ ਅਜਿਹੇ ਪ੍ਰਭਾਵ ਪਏ ਹਨ ਕਿ ਮਨੁੱਖ ਆਪਣੇ ਆਪ ਨਾਲੋਂ ਟੁੱਟ ਕੇ ਰਹਿ ਗਿਆ ਹੈ। ਉਹ ਭੀੜ ਵਿਚ ਬੈਠਾ ਵੀ ਇਕੱਲਾ ਹੋ ਗਿਆ ਹੈ ਅਤੇ ਇਕੱਲਾ ਬੈਠਾ ਵੀ ਸਕਰੀਨ ਦੀ ਤਿਲਸਮੀ ਦੁਨੀਆ ਦੀ ਭੀੜ ਵਿਚ ਗਵਾਚਿਆ ਫਿਰ ਰਿਹਾ ਹੈ। ਚੈਨੇਲਾਈਜ਼ ਸੰਸਾਰ ਨੇ ਮਨੁੱਖੀ ਜ਼ਿਹਨ ਨੂੰ ਇਸ ਕਦਰ ਪ੍ਰਭਾਵਿਤ ਕੀਤਾ ਹੈ ਕਿ ਉਹ ਕਿਸੇ ਸੀਰੀਅਲ ਦੇ ਪਾਤਰ ਲਈ ਰੋ ਰਿਹਾ ਹੈ, ਪਰ ਘਰ ਵਿਚ ਹੀ ਕਿਸੇ ਬਜ਼ੁਰਗ ਕੋਲ ਦੋ ਮਿੰਟ ਬਹਿ ਕੇ ਉਸ ਨਾਲ ਦੁੱਖ-ਸੁੱਖ ਸਾਂਝਾ ਕਰਨ ਦਾ ਉਸ ਕੋਲ ਵਕਤ ਨਹੀਂ। ਫੇਸਬੁੱਕ, ਟਵਿਟਰ, ਯੂ-ਟਿਊਬ ਅਤੇ ਵਟਸਐਪ ਆਦਿ ਦੀ ਦੁਨੀਆ ਇਕ ਵੱਖਰੀ ਦੁਨੀਆ ਹੈ, ਜਿਸ ਦੀ ਖਿੜਕੀ ਸਾਡੇ ਮੋਬਾਈਲ ਜਾਂ ਕੰਪਿਊਟਰ ਤੋਂ ਖੁੱਲ੍ਹਦੀ ਹੈ। ਨੈੱਟ ਦੀ ਇਸ ਦੁਨੀਆ ਨੇ ਮਨੁੱਖ ਦੇ ਜ਼ਿਹਨ ਵਿਚ ਖ਼ਾਸ ਤਰ੍ਹਾਂ ਦੀਆਂ ਪ੍ਰਵਿਰਤੀਆਂ ਨੂੰ ਪੈਦਾ ਕਰਨਾ ਸ਼ੁਰੂ ਕੀਤਾ ਹੈ। ਇਸ ਦੇ ਸਾਕਾਰਾਤਮਕ ਅਤੇ ਨਾਕਾਰਾਤਮਕ ਦੋਵੇਂ ਪੱਖ ਹਨ। ਮਨੁੱਖੀ ਸੱਭਿਅਤਾ ਦੇ ਇਤਿਹਾਸ ਵਿਚ ਮੋਬਾਈਲ ਇਕ ਐਸਾ ਜੰਤਰ ਹੈ ਜਿਸ ਨੇ ਮਨੁੱਖ ਦੀ ਇਕਾਗਰਤਾ ਨੂੰ ਸਭ ਤੋਂ ਵੱਧ ਭੰਗ ਕੀਤਾ ਹੈ। ਮਰਗ ਦੇ ਸੱਥਰ 'ਤੇ ਬੈਠੇ ਬੰਦੇ ਨੂੰ ਇਹ ਕਈ ਵਾਰ ਖ਼ੁਸ਼ਖ਼ਬਰੀਆਂ ਸੁਣਾ ਦਿੰਦਾ ਹੈ ਅਤੇ ਵਿਆਹ ਵਿਚ ਭੰਗੜਾ ਪਾ ਰਹੇ ਬੰਦੇ ਦੇ ਕੰਨ ਵਿਚ ਕੋਈ ਮਨਹੂਸ ਖ਼ਬਰ ਪਾ ਕੇ ਉਸ ਦੇ ਗੀਤ ਦੀ ਧੁਨ 'ਤੇ ਥਿਰਕਦੇ ਪੈਰਾਂ ਨੂੰ ਥਾਏਂ ਬਰੇਕਾਂ ਲਾ ਦਿੰਦਾ ਹੈ। ਕਿਸੇ ਜ਼ਰੂਰੀ ਨੁਕਤੇ 'ਤੇ ਗੰਭੀਰ ਗੱਲ ਕਰ ਰਹੇ ਪੰਜ-ਸੱਤ ਬੰਦਿਆਂ 'ਚੋਂ ਜਦੋਂ ਕਿਸੇ ਇਕ ਦੇ ਮੋਬਾਈਲ ਦੀ ਘੰਟੀ ਵੱਜਦੀ ਹੈ ਤਾਂ ਸਾਰੀ ਸਥਿਤੀ ਹੀ ਬਦਲ ਜਾਂਦੀ ਹੈ। ਬਾਕੀ ਬੈਠੇ ਸਾਰੇ ਲੋਕ ਆਪਣੇ ਨੁਕਤੇ ਤੋਂ ਹਟ ਕੇ ਉਸ ਦੇ ਮੂੰਹ ਵੱਲ ਵੇਖਣ ਲੱਗ ਪੈਂਦੇ ਹਨ। ਉਹ ਅਜੇ ਗੱਲ ਕਰਕੇ ਹਟਿਆ ਨਹੀਂ ਹੁੰਦਾ ਕਿ ਕਿਸੇ ਹੋਰ ਦੇ ਮੋਬਾਈਲ ਦੀ ਘੰਟੀ ਖੜਕ ਪੈਂਦੀ ਹੈ। ਫੇਸਬੁੱਕ, ਟਵਿਟਰ ਅਤੇ ਵਟਸਐਪ ਚਲਾਉਣ ਵਾਲੇ ਬਹੁਤ ਸਾਰੇ ਲੋਕ ਨੈੱਟ ਦੀ ਦੁਨੀਆ ਵਿਚ ਘੰਟਿਆਂਬੱਧੀ ਰੁੱਝੇ ਰਹਿੰਦੇ ਹਨ। 'ਲਾਈਕ' ਅਤੇ 'ਕੁਮੈਂਟਸ' 'ਚੋਂ ਖੁਸ਼ੀ ਭਾਲਣ ਲਈ ਬਹੁਤ ਸਾਰਾ ਸਮਾਂ ਖਰਾਬ ਕਰਦੇ ਹਨ। ਇਸ ਵਿਚ ਸਿਰਫ ਨੌਜੁਆਨ ਪੀੜ੍ਹੀ ਹੀ ਨਹੀਂ ਬਲਕਿ ਅੱਧਖੜ ਉਮਰ ਦੇ ਲੋਕ ਅਤੇ ਔਰਤਾਂ ਵੀ ਸ਼ਾਮਿਲ ਹਨ। ਸੋਸ਼ਲ ਸਾਈਟਾਂ ਦੇ ਬਹੁਤ ਸਾਰੇ ਚੰਗੇ ਪੱਖ ਵੀ ਹਨ। ਸੋਸ਼ਲ ਮੀਡੀਆ ਨਾਲ ਆਮ ਲੋਕਾਂ ਨੂੰ ਆਪਣੇ ਵਿਚਾਰ ਰੱਖਣ ਦਾ ਬਹੁਤ ਵੱਡਾ ਮੰਚ ਹਾਸਲ ਹੋਇਆ ਹੈ। ਜੋ ਲੋਕ ਅਖ਼ਬਾਰ ਨਹੀਂ ਪੜ੍ਹਦੇ ਸਨ, ਨੈੱਟ ਰਾਹੀਂ ਉਹ ਮੋਬਾਈਲ 'ਤੇ ਆਪਣਾ ਪਸੰਦੀਦਾ ਅਖ਼ਬਾਰ ਪੜ੍ਹ ਸਕਦੇ ਹਨ। ਚਰਚਿਤ ਖ਼ਬਰਾਂ ਦੀਆਂ ਕਾਤਰਾਂ ਫੋਟੋਆਂ ਦੇ ਰੂਪ ਵਿਚ ਉਨ੍ਹਾਂ ਕੋਲ ਪਹੁੰਚ ਜਾਂਦੀਆਂ ਹਨ। ਇਸ ਨਾਲ ਜਿੱਥੇ ਹਰ ਤਰ੍ਹਾਂ ਦੀ ਜਾਣਕਾਰੀ ਹਾਸਲ ਕਰਨਾ ਸੁਖਾਲਾ ਹੋਇਆ ਹੈ, ਉਥੇ ਹਰ ਤਰ੍ਹਾਂ ਦੀਆਂ ਘਟਨਾਵਾਂ ਸਬੰਧੀ ਲੋਕਾਂ ਨੂੰ ਆਪਣੀ ਰਾਇ ਰੱਖਣ ਦਾ ਮੌਕਾ ਵੀ ਹੱਥ ਲੱਗਿਆ ਹੈ। ਸੋਸ਼ਲ ਮੀਡੀਆ ਦੇ ਜਿੱਥੇ ਬਹੁਤ ਸਾਰੇ ਸਾਕਾਰਾਤਾਮਕ ਪੱਖ ਹਨ, ਉੱਥੇ ਇਸ 'ਤੇ ਘਟੀਆ ਤਸਵੀਰਾਂ, ਅਸ਼ਲੀਲ ਸ਼ਬਦਾਵਲੀ, ਕਲਿਪ ਜਾਂ ਦੂਜਿਆਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀਆਂ ਹਰਕਤਾਂ ਦੀ ਵੀ ਭਰਮਾਰ ਹੈ। ਇਸ ਤੋਂ ਇਲਾਵਾ ਟੀ. ਵੀ. ਚੈਨਲਾਂ ਅਤੇ ਨੈੱਟ ਦੀ ਦੁਨੀਆ ਨੇ ਵੱਖ-ਵੱਖ ਤਰ੍ਹਾਂ ਦੀਆਂ ਜ਼ਰੂਰੀ ਅਤੇ ਗ਼ੈਰ-ਜ਼ਰੂਰੀ ਵਸਤਾਂ ਦਾ ਇਕ ਵੱਡਾ ਬਾਜ਼ਾਰ ਸਾਡੇ ਸਾਹਮਣੇ ਖੋਲ੍ਹਿਆ ਹੈ। ਆਨ-ਲਾਈਨ ਖ਼ਰੀਦੋ-ਫਰੋਖ਼ਤ ਨੂੰ ਹਰ ਦਿਨ ਉਤਸ਼ਾਹ ਮਿਲ ਰਿਹਾ ਹੈ। ਅਸੀਂ ਕਹਿ ਸਕਦੇ ਹਾਂ ਕਿ ਪਹਿਲਾਂ ਮਨੁੱਖ ਕਿਸੇ ਵਸਤੂ ਦੀ ਲੋੜ ਮਹਿਸੂਸ ਕਰਦਾ ਸੀ ਤੇ ਫਿਰ ਚੱਲ ਕੇ ਬਾਜ਼ਾਰ ਵਿਚ ਉਸ ਵਸਤੂ ਨੂੰ ਜਾਂਚ-ਪਰਖ ਕਰਕੇ ਉਸ ਨੂੰ ਆਪਣੇ ਲਈ ਯੋਗ ਸਮਝ ਕੇ ਖਰੀਦਦਾ ਸੀ। ਅੱਜ ਅਜਿਹਾ ਨਹੀਂ ਹੈ, ਅੱਜ ਬਾਜ਼ਾਰ ਦੇ ਮੁਨਾਫ਼ਾ ਕਮਾਊ ਰਵੱਈਏ ਰਾਹੀਂ ਮਨੁੱਖ ਨੂੰ ਵਸਤਾਂ ਲਈ ਉਕਸਾਇਆ ਜਾ ਰਿਹਾ ਹੈ। ਕਿਸੇ ਵਸਤੂ ਦੀ ਲੋੜ ਨਾ ਹੋਣ ਦੇ ਬਾਵਜੂਦ ਉਸ ਦੀ ਬਨਾਉਟੀ ਲੋੜ ਪੈਦਾ ਕਰਕੇ ਵਿਖਾਈ ਜਾ ਰਹੀ ਹੈ। ਵਪਾਰਕ ਤਾਕਤਾਂ ਇਹ ਚੰਗੀ ਤਰ੍ਹਾਂ ਸਮਝ ਗਈਆਂ ਹਨ ਕਿ ਵਾਰ-ਵਾਰ ਇਕ ਚੀਜ਼ ਨੂੰ ਸਕਰੀਨ 'ਤੇ ਵਿਖਾਏ ਜਾਣ ਨਾਲ ਸਮਾਜ ਦੇ ਵੱਡੇ ਹਿੱਸੇ ਨੂੰ ਵਰਗਲਾਇਆ ਜਾ ਸਕਦਾ ਹੈ, ਮੋਟਾ ਮੁਨਾਫ਼ਾ ਕਮਾਇਆ ਜਾ ਸਕਦਾ ਹੈ।



ਅਸੀਂ ਇਸ ਵੇਲੇ ਵਿਗਿਆਨਕ ਖੋਜਾਂ ਨਾਲ ਪੈਦਾ ਕੀਤੀਆਂ ਸੁੱਖ-ਸਹੂਲਤਾਂ ਅਤੇ ਇਨ੍ਹਾਂ ਦੀ ਕੁਚੱਜੀ ਵਰਤੋਂ ਨਾਲ ਪੈਦਾ ਹੋਏ ਸਮਾਜਿਕ ਅਤੇ ਵਾਤਾਵਰਨਿਕ ਵਿਗਾੜਾਂ ਦੀ ਪੱਧਤੀ 'ਤੇ ਖੜ੍ਹੇ ਹਾਂ। ਅਸੀਂ ਕੰਬਲ ਖਿੱਚ ਕੇ ਮੂੰਹ ਢਕਿਆ ਤਾਂ ਲੱਤਾਂ ਨੰਗੀਆਂ ਹੋ ਗਈਆਂ। ਅਸੀਂ ਰਸਾਇਣਕ ਖਾਦਾਂ ਅਤੇ ਕੀਟਨਾਸ਼ਕ ਦਵਾਈਆਂ ਨਾਲ ਫਸਲਾਂ ਦੀ ਪੈਦਾਵਾਰ ਵਧਾ ਕੇ ਭੁੱਖਮਰੀ ਦਾ ਇਲਾਜ ਤਾਂ ਕਰ ਲਿਆ, ਪਰ ਆਪਣੇ ਵਾਤਾਵਰਨ ਨੂੰ ਵੀ ਤਬਾਹ ਕਰ ਲਿਆ। ਡਾਕਟਰੀ ਵਿਗਿਆਨ ਦੇ ਵਿਕਾਸ ਨਾਲ ਬਹੁਤ ਸਾਰੀਆਂ ਮਹਾਂਮਾਰੀਆਂ 'ਤੇ ਕਾਬੂ ਪਾ ਲਿਆ, ਪਰ ਵੱਸੋਂ ਵਿਚ ਬੇਤਹਾਸ਼ਾ ਵਾਧਾ ਹੋ ਗਿਆ। ਸਬਮਰਸੀਬਲ ਪੰਪ ਨਾਲ ਪਾਣੀ ਖਿੱਚਣਾ ਆਸਾਨ ਹੋ ਗਿਆ ਪਰ ਧਰਤੀ ਹੇਠਲਾ ਪਾਣੀ ਤੇਜ਼ੀ ਨਾਲ ਖ਼ਤਮ ਹੋਣ ਲੱਗ ਪਿਆ। ਏ. ਸੀ. ਕਮਰਿਆਂ, ਗੱਡੀਆਂ ਨਾਲ ਗਰਮੀ ਨੂੰ ਮਾਤ ਦੇਣ ਦੀ ਕੋਸ਼ਿਸ਼ ਕੀਤੀ, ਪਰ ਆਪਣੇ ਆਲੇ-ਦੁਆਲੇ ਨੂੰ ਇਕ ਵੱਡਾ ਤੰਦੂਰ ਬਣਾਉਣਾ ਸ਼ੁਰੂ ਕਰ ਦਿੱਤਾ। ਵਸਤਾਂ ਦੀਆਂ ਸੁੱਖ-ਸਹੂਲਤਾਂ ਅਤੇ ਇਨ੍ਹਾਂ ਨਾਲ ਪੈਦਾ ਹੋਈ ਵਿਹਲ ਨੇ ਵੱਖਰੀ ਤਰ੍ਹਾਂ ਦੇ ਸਰੀਰਕ ਅਤੇ ਮਾਨਸਿਕ ਵਿਕਾਰਾਂ ਨੂੰ ਜਨਮ ਦਿੱਤਾ ਹੈ। ਪ੍ਰਮਾਣੂ ਬੰਬਾਂ ਅਤੇ ਹੋਰ ਰਸਾਇਣਕ ਹਥਿਆਰਾਂ ਦੇ ਏਨੇ ਵੱਡੇ ਜ਼ਖ਼ੀਰੇ ਪੈਦਾ ਕਰ ਲਏ ਗਏ ਹਨ ਕਿ ਆਪਣੀ ਧਰਤੀ ਵਰਗੀਆਂ 25 ਹੋਰ ਧਰਤੀਆਂ ਤੋਂ ਪਲਾਂ ਵਿਚ ਹਰ ਤਰ੍ਹਾਂ ਦੇ ਜੀਵਨ ਨੂੰ ਨੇਸਤੋਨਾਬੂਦ ਕੀਤਾ ਜਾ ਸਕਦਾ ਹੈ। ਧਰਤੀ ਦੇ ਕਿਸੇ ਨਾ ਕਿਸੇ ਖਿੱਤੇ ਵਿਚ ਹਰ ਦਿਨ ਡੁੱਲ੍ਹ ਰਿਹਾ ਮਨੁੱਖੀ ਖ਼ੂਨ ਦੱਸਦਾ ਹੈ ਕਿ ਸਮੇਂ ਦੇ ਬੀਤਣ ਨਾਲ ਮਨੁੱਖ ਸਿਆਣਾ ਨਹੀਂ ਬਣ ਸਕਿਆ। ਮਨੁੱਖ ਭਾਵੇਂ ਚੰਨ-ਤਾਰਿਆਂ ਨਾਲ ਰਾਬਤਾ ਪੈਦਾ ਕਰਨ ਦੀਆਂ ਜੁਗਤਾਂ ਲੱਭ ਰਿਹਾ ਹੈ, ਪਰ ਹਕੀਕਤ ਇਹ ਹੈ ਕਿ ਇਸ ਨੂੰ ਅਜੇ ਧਰਤੀ 'ਤੇ ਵਿਚਰਨਾ ਵੀ ਨਹੀਂ ਆਇਆ। ਵਿਗਿਆਨਕ ਵਿਕਾਸ ਨੂੰ ਜ਼ਿੰਦਗੀ ਵਿਚ ਕਿਵੇਂ ਆਤਮਸਾਤ ਕੀਤਾ ਜਾਣਾ ਚਾਹੀਦਾ ਸੀ? ਇਸ ਸਬੰਧੀ ਸਾਡੇ ਸਮਾਜ ਦੀਆਂ ਤਰਜੀਹਾਂ ਕੀ ਹੋਣ? ਮਨੁੱਖ ਨੂੰ ਸਮੂਹਿਕ ਤੌਰ 'ਤੇ ਇਸ ਲਈ ਕਿਵੇਂ ਸਿੱਖਿਅਤ ਕੀਤਾ ਜਾਵੇ? ਇਸ ਲਈ ਸਾਡੀ ਸਿੱਖਿਆ ਪ੍ਰਣਾਲੀ ਵਿਚ ਵੀ ਵੱਡੇ ਸੁਧਾਰ ਕਰਨ ਦੀ ਲੋੜ ਸੀ ਅਤੇ ਕੁਝ ਨਵੇਂ ਕਾਨੂੰਨ-ਨੇਮ ਵੀ ਬਣਾਏ ਜਾਣੇ ਜ਼ਰੂਰੀ ਸਨ। ਇਹ ਸੋਚ ਅਜੇ ਸ਼ਾਇਦ ਸਾਡੇ ਜ਼ਿਹਨ ਦਾ ਹਿੱਸਾ ਨਹੀਂ ਬਣੀ। ਨਵੇਂ ਦੌਰ ਤੋਂ ਪੈਦਾ ਹੋਈਆਂ ਬਹੁਤ ਸਾਰੀਆਂ ਅਜਿਹੀਆਂ ਸਮੱਸਿਆਵਾਂ ਹਨ, ਜਿਨ੍ਹਾਂ ਦੇ ਮੂਲ ਕਾਰਨਾਂ ਦੀ ਤਲਾਸ਼ ਕਰਨ ਦੀ ਬਜਾਏ ਫ਼ਰਜ਼ੀ ਜਿਹੇ ਹੱਲ ਕੀਤੇ ਜਾ ਰਹੇ ਹਨ।

ਚਾਹੀਦਾ ਤਾਂ ਇਹ ਹੈ ਕਿ ਵਿਗਿਆਨ ਦੀ ਹਰ ਖੋਜ ਮਨੁੱਖਤਾ ਦੀ ਭਲਾਈ ਲਈ ਹੋਵੇ। ਅਜਿਹਾ ਤਾਂ ਹੀ ਹੋ ਸਕਦਾ ਹੈ ਜੇਕਰ ਰਾਜ ਇਸ ਵਿਸ਼ੇ ਨੂੰ ਲੈ ਕੇ ਸੰਜੀਦਾ ਹੋਣ। ਅੱਜ ਬਹੁਤ ਸਾਰੀਆਂ ਵਿਗਿਆਨਕ ਤਕਨੀਕਾਂ ਇਹ ਭਾਵੇਂ ਖੇਤੀ, ਸੰਚਾਰ, ਸਿੱਖਿਆ ਜਾਂ ਮਨੋਰੰਜਨ ਨੂੰ ਲੈ ਕੇ ਹੋਣ, ਇਨ੍ਹਾਂ ਦੀ ਮਾਲਕੀ ਕਾਰਪੋਰੇਟ ਹੱਥਾਂ ਵਿਚ ਹੈ। ਬਾਜ਼ਾਰੂ ਕੰਪਨੀਆਂ ਵੱਲੋਂ ਕੰਪਿਊਟਰ ਸਾਫਟਵੇਅਰ, ਇਲੈਕਟ੍ਰਾਨਿਕ ਯੰਤਰਾਂ ਆਦਿ ਦੀ ਅੰਦਰੂਨੀ ਕਾਰਜ ਪ੍ਰਣਾਲੀ ਦੀ ਖ਼ਾਸ ਤਰ੍ਹਾਂ ਦੀ ਪ੍ਰੋਗਰਾਮਿੰਗ ਕੀਤੀ ਜਾ ਰਹੀ ਹੈ। ਖ਼ਾਸ ਤਰ੍ਹਾਂ ਦੇ ਪਾਸਵਰਡ ਭਰ ਕੇ ਅਜਿਹੀਆਂ ਵਸਤਾਂ ਬਾਜ਼ਾਰ ਵਿਚ ਉਤਾਰੀਆਂ ਜਾ ਰਹੀਆਂ ਹਨ, ਜੋ ਬਣਾਉਣ ਵਾਲੀ ਸਬੰਧਤ ਕੰਪਨੀ ਦੇ ਸਮੇਂ ਅਨੁਸਾਰ ਹੀ ਕੰਮ ਕਰਦੀਆਂ ਹਨ ਅਤੇ ਇਨ੍ਹਾਂ ਦੀ ਰਿਪੇਅਰ ਵੀ ਕੇਵਲ ਕੰਪਨੀ ਹੀ ਕਰ ਸਕਦੀ ਹੈ। ਇਸ ਨਾਲ ਸਾਰੇ ਰਿਪੇਅਰ ਦਾ ਕੰਮ ਕਰਨ ਵਾਲੇ ਕਾਮਿਆਂ/ ਦੁਕਾਨਦਾਰਾਂ ਨੂੰ ਕਿਰਤ ਤੋਂ ਵਾਂਝਿਆਂ ਕਰਕੇ ਉਨ੍ਹਾਂ ਨੂੰ ਬਾਜ਼ਾਰ 'ਚੋਂ ਬਾਹਰ ਦਾ ਰਸਤਾ ਦਿਖਾਇਆ ਜਾ ਰਿਹਾ ਹੈ। ਬਾਜ਼ਾਰੂ ਤਾਕਤਾਂ ਪਹਿਲਾਂ ਲੋਕਾਂ ਨੂੰ ਕਿਸੇ ਵਸਤੂ ਦੇ ਆਦੀ ਬਣਾਉਣ ਲਈ ਕੰਮ ਕਰਦੀਆਂ ਹਨ ਤਾਂ ਜੋ ਹਰ ਤਰ੍ਹਾਂ ਦੀ ਮਨੁੱਖੀ ਲੋੜ 'ਤੇ ਕਬਜ਼ਾ ਕਰ ਲਿਆ ਜਾਵੇ। ਪਹਿਲਾਂ ਮਨੁੱਖ ਨੂੰ ਆਦੀ ਬਣਾਇਆ ਜਾਂਦਾ ਹੈ, ਫਿਰ ਉਸ ਤੋਂ ਆਪਣੀ ਮਰਜ਼ੀ ਅਨੁਸਾਰ ਮੋਟਾ ਮੁਨਾਫ਼ਾ ਕਮਾਇਆ ਜਾਂਦਾ ਹੈ। ਖੋਜਾਂ, ਬਿਮਾਰੀਆਂ ਦੇ ਟੈਸਟਾਂ ਲਈ ਕਿੱਟਾਂ ਆਦਿ ਤੋਂ ਲੈ ਕੇ ਧਰਤੀ ਹੇਠਲੇ ਪਾਣੀ ਅਤੇ ਬਿਜਲੀ ਵਰਗੀਆਂ ਜ਼ਰੂਰੀ ਲੋੜਾਂ ਤੱਕ ਸਭ ਕੁਝ ਕੰਪਨੀਆਂ ਦੇ ਹੱਥਾਂ ਵੱਲ ਖਿਸਕ ਰਿਹਾ ਹੈ। ਖੇਤੀ ਲਈ ਵੰਸ਼-ਰਹਿਤ (ਜੀ ਐਮ) ਫਸਲੀ ਬੀਜਾਂ ਨੂੰ ਕਲਿਆਣਕਾਰੀ ਮੰਨਿਆ ਜਾ ਰਿਹਾ ਹੈ। ਬਹੁਤ ਥੋੜ੍ਹੇ ਲੋਕ ਸਮਝਦੇ ਹਨ ਕਿ ਅਜਿਹੀਆਂ ਘਿਨਾਉਣੀਆਂ ਸਾਜ਼ਿਸ਼ਾਂ ਨਾਲ ਮਨੁੱਖੀ ਲੋੜਾਂ ਨੂੰ ਕੁਝ ਕੁ ਹੱਥਾਂ ਵਿਚ ਦੇਣ ਦੀ ਖੇਡ ਖੇਡੀ ਜਾ ਰਹੀ ਹੈ। ਇਹ ਖੇਡ ਬਹੁਗਿਣਤੀ ਲਈ ਬੇਹੱਦ ਘਾਤਕ ਅਤੇ ਬਾਜ਼ਾਰੂ ਕੰਪਨੀਆਂ ਲਈ ਵਰਦਾਨ ਸਾਬਤ ਹੋਵੇਗੀ। ਇਹ ਸਾਰਾ ਕੁਝ ਸਾਬਿਤ ਕਰਦਾ ਹੈ ਕਿ ਆਉਣ ਵਾਲਾ ਸਮਾਂ ਆਮ ਮਨੁੱਖ ਲਈ ਹੋਰ ਚੁਣੌਤੀਆਂ ਭਰਿਆ ਹੋਵੇਗਾ। ਇਸ ਵਿਚ ਕੋਈ ਸ਼ੱਕ ਨਹੀਂ ਕਿ ਤਕਨੀਕੀ ਵਿਕਾਸ ਦਾ ਹੋਣਾ ਜ਼ਰੂਰੀ ਹੈ, ਪਰ ਇਹ ਵਿਕਾਸ ਸਮਾਜ ਦੀ ਭਲਾਈ ਲਈ ਹੋਣਾ ਚਾਹੀਦਾ ਹੈ। ਅੱਜ ਜਿਸ ਤਰ੍ਹਾਂ ਤਕਨੀਕ ਨੂੰ ਵੱਖ-ਵੱਖ ਕੰਪਨੀਆਂ ਮੋਟੇ ਮੁਨਾਫ਼ੇ ਕਮਾਉਣ ਲਈ ਵਰਤ ਰਹੀਆਂ ਹਨ, ਲੋਕਾਂ ਨੂੰ ਇਸ ਪ੍ਰਤੀ ਸੁਚੇਤ ਕਰਨ ਦੀ ਲੋੜ ਹੈ ਅਤੇ ਇਸ ਸਬੰਧੀ ਨਵੇਂ ਕਾਨੂੰਨ-ਨੇਮ ਬਣਾਏ ਜਾਣ ਦੀ ਲੋੜ ਹੈ। ਸਾਡੇ ਦੇਸ਼ ਦਾ ਆਮ ਨਾਗਰਿਕ ਇਸ ਪ੍ਰਤੀ ਸੁਚੇਤ ਨਹੀਂ। ਇਹ ਇਕ ਅਜਿਹਾ ਗਲਬਾ ਹੈ ਜਿਸ ਨਾਲ ਸਮਾਜ ਦੀ ਅਦਿੱਖ ਗੁਲਾਮੀ ਦਾ ਮੁੱਢ ਬੰਨ੍ਹਿਆ ਜਾ ਰਿਹਾ ਹੈ।

ਤੇਜ਼ੀ ਨਾਲ ਬਦਲ ਰਹੇ ਸਮਾਜਿਕ, ਰਾਜਨੀਤਕ, ਸੱਭਿਆਚਾਰਕ ਅਤੇ ਤਕਨੀਕੀ ਵਰਤਾਰਿਆਂ ਦੀ ਥਾਹ ਪਾਉਣ ਲਈ ਸਾਨੂੰ ਆਪਣੀ ਅਜੋਕੀ ਸਿੱਖਿਆ ਦੇ ਪਾਠਕ੍ਰਮ ਵਿਚ ਵੱਡੀਆਂ ਤਬਦੀਲੀਆਂ ਕਰਨ ਦੀ ਲੋੜ ਹੈ। ਸਮਾਜ ਦੇ ਵੱਡੇ ਵਰਗ ਨੂੰ ਉਸਾਰੂ ਸਾਹਿਤ ਨਾਲ ਜੋੜਨ ਦੀ ਲੋੜ ਹੈ। ਚੰਗੀਆਂ ਅਖ਼ਬਾਰਾਂ ਜੋ ਮਾਤ-ਭਾਸ਼ਾ ਵਿਚ ਛਪਦੀਆਂ ਹਨ, ਉਹ ਇਸ ਸਬੰਧੀ ਬੜਾ ਉਸਾਰੂ ਰੋਲ ਨਿਭਾਅ ਸਕਦੀਆਂ ਹਨ। ਪਰ ਅਖ਼ਬਾਰਾਂ ਦਾ ਅਜੇ ਸਾਡੇ ਪਿੰਡਾਂ ਤੱਕ ਜਾਣਾ ਬਾਕੀ ਹੈ। ਤਕਨੀਕੀ ਵਿਕਾਸ ਨਾਲ ਕਿਰਤ ਸੱਭਿਆਚਾਰ ਵਿਕਸਤ ਕੀਤਾ ਜਾਣਾ ਚਾਹੀਦਾ ਹੈ। ਸਾਨੂੰ ਆਪਣੇ ਪਿੰਡਾਂ, ਸ਼ਹਿਰਾਂ, ਕਸਬਿਆਂ ਵਿਚ ਵੱਡੀ ਗਿਣਤੀ 'ਚ ਨੌਜੁਆਨਾਂ ਨੂੰ ਕੰਮ ਦੇਣ ਲਈ ਚੀਨ ਵਰਗਾ ਆਧੁਨਿਕ ਕਿਰਤ ਢਾਂਚਾ ਉਸਾਰਨ ਦੀ ਲੋੜ ਹੈ ਤਾਂ ਕਿ ਬਹੁਗਿਣਤੀ ਬੇਰੁਜ਼ਗਾਰ ਫਿਰ ਰਹੀ ਨੌਜੁਆਨੀ ਨੂੰ ਆਹਰੇ ਲਾਇਆ ਜਾ ਸਕੇ।




## ਚਾਨਣ ਦੇ ਬੀਅ ਬੀਜਦਾ

ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ (ਲੁਧਿ:) ਦਸੰਬਰ 1988 ਵਿੱਚ ਬਣਾਈ ਗਈ ਸੰਸਥਾ ਹੈ। ਜੋ ਕਿ ਪਿਛਲੇ 26 ਸਾਲਾਂ ਤੋਂ ਪੰਜਾਬ ਦੇ ਪਿੰਡ-ਪਿੰਡ, ਸ਼ਹਿਰ-ਸ਼ਹਿਰ ਉਸਾਰੂ ਨਾਟਕਾਂ ਰਾਹੀਂ ਆਪਣੇ ਲੋਕਾਂ ਨੂੰ ਸਮਾਜਿਕ ਕੁਰੀਤੀਆਂ ਪ੍ਰਤੀ ਜਾਗਰੂਕ ਕਰਨ ਦਾ ਯਤਨ ਕਰ ਰਹੀ ਹੈ। ਪੰਜਾਬੀ ਰੰਗਮੰਚ ਦੇ ਸ਼ਾਹਅਸਵਾਰ ਸ. ਗੁਰਸ਼ਰਨ ਸਿੰਘ ਤੋਂ ਪ੍ਰੇਰਨਾ ਲੈ ਕੇ ਬਣੀ ਇਸ ਸੰਸਥਾ ਨੇ ਲੋਕਾਂ ਨੂੰ ਨਸ਼ਿਆਂ, ਭਰੂਣ ਹੱਤਿਆ, ਜਾਤਪਾਤ ਅਤੇ ਸਮਾਜਿਕ ਨਾ ਬਰਾਬਰੀ ਵਿਰੁੱਧ ਜਾਗਣ ਦਾ ਹੋਕਾ ਆਪਣੇ ਨਾਟਕਾਂ ਰਾਹੀਂ ਦਿੱਤਾ ਹੈ। ਸਾਲ ਵਿੱਚ ਲੱਗਭਗ 70 ਪਿੰਡਾਂ ਸ਼ਹਿਰਾਂ ਵਿੱਚ ਬਿਨ੍ਹਾਂ ਕਿਸੇ ਨਿੱਜੀ ਸਵਾਰਥ ਦੇ ਜਾ ਕੇ ਲੋਕਾਂ ਨੂੰ ਮਜਦੂਰਾਂ ਤੇ ਕਿਸਾਨਾਂ ਨੂੰ ਸੱਚ ਦੇ ਰਾਹ ਤੇ ਚੱਲ ਕੇ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਦੇ ਰਾਹ ਤੋਰਨ ਦਾ ਯਤਨ ਕੀਤਾ ਜਾਂਦਾ ਹੈ। ਗਦਰ ਲਹਿਰ ਦੇ ਅਖਬਾਰ "ਗਦਰ" ਦੇ ਸਰੇ ਵਰਕ ਤੇ ਲਿਖਿਆ ਗੁਰਬਾਣੀ ਦਾ ਗੁਰਵਾਕ

"ਜਿਉ ਤਉ ਪ੍ਰੇਮ ਖੇਲਣ ਕਾ ਚਾਉ, ਸਿਰ ਧਰ ਤਲੀ ਗਲੀ ਮੋਰੀ ਆਉ"

ਸਾਡਾ ਪ੍ਰੇਰਣਾ ਸ੍ਰੋਤ ਹੈ। ਸਾਡੇ ਨਾਟਕਾਂ ਵਿੱਚ ਕਰਜਾਈ ਹੋ ਰਹੀ ਕਿਰਸਾਨੀ ਦਾ ਦਰਦ ਹੈ, ਕਰਜਾ ਚੁੱਕ ਕੇ ਪੜ੍ਹ ਕੇ ਡਿਗਰੀਆਂ ਚੁੱਕੀ ਫਿਰਦੇ ਬੇਰੁਜ਼ਗਾਰ ਨੌਜਵਾਨਾਂ ਦੀ ਵੇਦਨਾ ਹੈ। ਨਸ਼ਿਆਂ ਦੇ ਪੰਜਾਬ ਅੰਦਰ ਸੂਕਦੇ ਦਰਿਆਂ ਨੂੰ ਬੰਨ੍ਹ ਮਾਰਨ ਦੀ ਕੋਸ਼ਿਸ਼ ਹਨ ਸਾਡੇ ਨਾਟਕ। ਹੁਣ ਸਾਲ 2007 ਵਿੱਚ ਗੁਰਸ਼ਰਨ ਕਲਾ ਭਵਨ ਬਣਾਇਆ ਹੈ। ਲੋਕ ਕਲਾ ਮੰਚ ਨੇ ਗੁਰਸ਼ਰਨ ਭਾਅ ਜੀ ਦੇ ਕੰਮ ਨੂੰ ਸਿਜਦਾ ਕੀਤਾ ਹੈ। ਗੁਰਸ਼ਰਨ ਕਲਾ ਭਵਨ ਦਾ ਉਦਘਾਟਨ ਸ. ਗੁਰਸ਼ਰਨ ਸਿੰਘ ਜੀ ਤੋਂ ਕਰਵਾਇਆ ਗਿਆ। ਭਵਨ ਵਿੱਚ ਹਰ ਮਹੀਨੇ ਦੇ ਅਖੀਰਲੇ ਸ਼ਨੀਵਾਰ ਇੱਕ ਨਾਟਕ ਹੁੰਦਾ ਹੈ। ਜੋ ਕਿ ਪਿਛਲੇ 2007 ਤੋਂ ਬਾਦਸਤੂਰ ਜਾਰੀ ਹੈ।

## ਉਦੇਸ਼ ਤੇ ਟੀਚੇ

1. **ਲਾਇਬ੍ਰੇਰੀ:** ਅਸੀਂ ਗੁਰਸ਼ਰਨ ਕਲਾ ਭਵਨ ਵਿਖੇ ਇੱਕ ਲਾਇਬ੍ਰੇਰੀ ਦੀ ਸਥਾਪਨਾ ਕਰਨ ਜਾ ਰਹੇ ਹਾਂ। ਜਿਸ ਦਾ ਉਦੇਸ਼ ਇਲਾਕੇ ਦੇ ਨੌਜਵਾਨਾਂ ਨੂੰ ਪੰਜਾਬ ਦੇ ਲੋਕ-ਨਾਇਕਾਂ, ਸ਼ਹੀਦਾਂ ਤੇ ਲੋਕ-ਪੱਖੀ ਸਾਹਿਤ ਨਾਲ ਜੋੜਨਾ ਹੋਵੇਗਾ।
2. **ਕੰਪਿਊਟਰ ਤੇ ਸੰਗੀਤ ਲਾਇਬ੍ਰੇਰੀ:** ਗਰੀਬ ਤੇ ਪੇਂਡੂ ਬੱਚਿਆਂ ਨੂੰ ਕੰਪਿਊਟਰ ਦੀ ਮੁੱਢਲੀ ਮੁਫਤ ਸਿੱਖਿਆ ਦੇਣਾ।
3. **ਸੰਗੀਤਸ਼ਾਲਾ:** ਇਸ ਰਾਹੀਂ ਲੋਕਾਂ ਵਿੱਚ ਚੰਗਾ ਤੇ ਪਰਿਵਾਰ ਵਿੱਚ ਸੁਣਿਆ ਜਾ ਸਕਣ ਵਾਲਾ ਗੀਤ-ਸੰਗੀਤ ਲੈ ਕੇ ਜਾਣਾ। ਮੁਕਾਬਲੇ ਦਾ ਲੋਕ ਪੱਖੀ ਸਾਹਿਤ ਤੇ ਸੰਗੀਤ ਉਸਾਰਨਾ।
4. **ਪ੍ਰਕਾਸ਼ਨਾ ਖੋਲ੍ਹਣੀ:** ਨਵੇਂ ਤੇ ਪ੍ਰਗਤੀਸ਼ੀਲ ਸਾਹਿਤ ਲਿਖਣ ਵਾਲੇ ਲੇਖਕਾਂ ਤੇ ਬੁੱਧੀਜੀਵੀਆਂ ਦੀਆਂ ਕਿਤਾਬਾਂ ਛਾਪਣੀਆਂ। ਲੋਕਾਂ ਵਿੱਚ ਉਸਾਰੂ ਸਾਹਿਤ ਲੈ ਕੇ ਜਾਣਾ, ਪੰਜਾਬ ਦਾ ਲੋਕ ਵਿਰਸਾ ਤੇ ਸੱਭਿਆਚਾਰ ਬਚਾਉਣ ਦਾ ਯਤਨ ਕਰਨਾ।
5. **ਜਿਮ ਉਸਾਰਨਾ:** ਜਿਸ ਵਿੱਚ ਨੌਜਵਾਨਾਂ ਨੂੰ ਸਿਹਤਮੰਦ ਸਰੀਰ ਬਣਾਉਣ ਲਈ ਪ੍ਰੇਰਨਾ ਤਾਂ ਕਿ ਉਹਨਾਂ ਵਿੱਚ ਸਿਹਤਮੰਦ ਦਿਮਾਗ ਵੀ ਪੈਦਾ ਹੋਵੇ ਜੋ ਭਾਰਤ ਦੇਸ਼ ਵਿੱਚ ਸੱਚੀ-ਸੁੱਚੀ ਕਿਰਤ ਕਮਾਈ ਦੀ ਲੁੱਟ ਰੋਕਣ ਵਿੱਚ ਆਪਣਾ ਯੋਗਦਾਨ ਪਾ ਸਕੇ।
6. **ਕਲਾ ਭਵਨ:** ਗੁਰਸ਼ਰਨ ਕਲਾ ਭਵਨ ਵਿੱਚ ਪੰਜਾਬ ਤੇ ਪੰਜਾਬ ਤੋਂ ਬਾਹਰਲੇ ਸੂਬਿਆਂ ਦੀਆਂ ਟੀਮਾਂ ਬੁਲਾ ਕੇ ਉਸਾਰੂ ਕਲਾ ਵੰਨਗੀਆਂ ਲੋਕਾਂ ਨੂੰ ਦਿਖਾਉਣੀਆਂ। ਸਮਾਜ ਨੂੰ ਦੇਸ਼ ਦੇ ਸ਼ਹੀਦਾਂ ਭਗਤ ਸਿੰਘ, ਰਾਜਗੁਰੂ, ਸੁਖਦੇਵ, ਕਰਤਾਰ ਸਿੰਘ ਸਰਾਭਾ ਦੇ ਰਾਹ ਤੇ ਤੋਰਨ ਦਾ ਯਤਨ ਕਰਨਾ। ਅਸ਼ਲੀਲ ਤੇ ਮਾੜੇ ਸੱਭਿਆਚਾਰ ਦਾ ਮੁਕਾਬਲਾ ਨਰੋਏ ਤੇ ਸਿਹਤਮੰਦ ਸੱਭਿਆਚਾਰ ਨਾਲ ਕਰਨਾ।

## ਛੱਟਾ ਚਾਨਣਾਂ ਦਾ

ਲੋਕ ਕਲਾ ਮੰਚ ਦੀ 25 ਵੀਂ ਵਰ੍ਹੇ ਗੰਢ ਤੇ 'ਛੱਟਾ ਚਾਨਣਾਂ ਦਾ' ਤਿੰਨ ਰੋਜਾ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਇਲਾਕੇ ਦੇ ਦੋ ਦਰਜਨ ਦੇ ਕਰੀਬ ਸਕੂਲਾਂ ਨੂੰ ਸ਼ਾਮਿਲ ਕੀਤਾ ਗਿਆ ਜਿਸ ਵਿੱਚ 550 ਦੇ ਕਰੀਬ ਵਿਦਿਆਰਥੀਆਂ ਨੇ ਭਾਗ ਲਿਆ। ਵਿਦਿਆਰਥੀਆਂ ਨੇ ਦੇਸ਼ ਭਗਤਾਂ ਦੀਆਂ ਜੀਵਨੀਆਂ ਤੇ ਅਧਾਰਿਤ ਭਾਸ਼ਣ, ਕੋਰਿਉਗ੍ਰਾਫੀਆਂ, ਗੀਤਾਂ ਰਾਹੀਂ ਆਪਣੇ ਜਜ਼ਬਾਤ ਸਾਂਝੇ ਕੀਤੇ। ਨੱਕੋ-ਨੱਕ ਭਰੇ ਹਾਲ ਵਿੱਚ ਤਿਲ ਸੁੱਟਣ ਲਈ ਵੀ ਥਾਂ ਨਹੀਂ ਸੀ। ਬੱਚਿਆਂ ਦੇ ਮਾਪੇ ਪ੍ਰਬੰਧਕਾਂ ਨੂੰ ਵਾਰ-ਵਾਰ ਬੇਨਤੀਆਂ ਕਰ ਰਹੇ ਸਨ ਕਿ ਸਾਡੇ ਬੱਚਿਆਂ ਨੂੰ ਅਗਲੇ ਸਾਲ ਵੀ ਜ਼ਰੂਰ ਅਜਿਹੇ ਸਮਾਗਮ ਦਾ ਹਿੱਸਾ ਬਣਾ ਲੈਣਾ।



ਛੱਟਾਂ ਚਾਨਣਾਂ ਦਾ ਸਮਾਗਮ ਸਮੇਂ 'ਸਰੋਕਾਰਾਂ ਦੀ ਆਵਾਜ਼' ਮੈਗਜ਼ੀਨ ਰਿਲੀਜ਼ ਕਰਦੇ ਸਮੇਂ ਕੰਵਲਜੀਤ ਖੰਨਾ, ਸ. ਗੁਰਦਿਆਲ ਖਹਿਰਾ, ਹਰਕੇਸ਼ ਚੌਧਰੀ, ਕੈਲਗਰੀ ਤੋਂ ਆਏ ਮਾਸਟਰ ਭਜਨ ਸਿੰਘ, ਸੁਰਿੰਦਰ ਸ਼ਰਮਾ, ਰਾਜੀਵ ਸ਼ਰਮਾ

## ਗਦਰ ਸ਼ਤਾਬਦੀ ਸਮਾਰੋਹ

ਗਦਰੀ ਸ਼ਹੀਦਾਂ ਦੀ ਲਹਿਰ ਨੂੰ ਸਮਰਪਿਤ ਗਦਰ ਸ਼ਤਾਬਦੀ ਸਮਾਰੋਹ ਕੀਤਾ ਗਿਆ ਜਿਸ ਵਿੱਚ ਇਲਾਕੇ ਦੇ ਨੌਜਵਾਨਾਂ ਨੂੰ ਸ਼ਾਮਿਲ ਕਰਕੇ ਸ਼ਹੀਦਾਂ ਦੇ ਦਿਨ ਮਨਾਉਣ ਦੀ ਅਤੇ ਉਹਨਾਂ ਦੇ ਸੁਪਨਿਆਂ ਨੂੰ ਪੂਰਾ ਕਰਨ ਦੀ ਪ੍ਰੰਪਰਾ ਤੋਰੀ ਗਈ।




ਨਾਟਕ 'ਗਾਥਾ ਕਾਲੇ ਪਾਣੀਆਂ ਦੀ' ਪੇਸ਼ਕਾਰੀ ਸਮੇਂ

## ਚੇਤਨਾ ਸਮਰ ਕੈਂਪ

ਸਕੂਲਾਂ ਦੇ ਛੋਟੇ-ਛੋਟੇ ਬੱਚਿਆਂ ਨੂੰ ਜੂਨ ਦੀਆਂ ਛੁੱਟੀਆਂ ਵਿੱਚ 10 ਦਿਨ ਦੇ ਚੇਤਨਾ ਸਮਰ ਕੈਂਪ ਦੌਰਾਨ ਉਹਨਾਂ ਵਿੱਚ ਲੋਕ ਸੱਭਿਆਚਾਰ ਦੀ ਚੇਤਨਾ ਭਰੀ ਜਿਹੜੇ ਬੱਚੇ ਪੱਛਮੀ ਸੱਭਿਆਚਾਰ ਨੂੰ ਤਰਜੀਹ ਦਿੰਦੇ ਸਨ ਉਹ ਦੇਸ਼ ਦੇ ਲੋਕ ਸੱਭਿਆਚਾਰ ਨੂੰ ਪਿਆਰ ਕਰਨ ਲੱਗੇ। ਇਸ ਸਮਰ ਕੈਂਪ ਵਿੱਚ 77 ਬੱਚਿਆਂ ਨੇ ਭਾਗ ਲਿਆ ਤੇ ਬੱਚਿਆਂ ਨੇ ਅਖੀਰਲੇ ਦਿਨ ਆਪਣੇ ਅਨੁਭਵ ਬਿਆਨ ਕਰਦਿਆਂ ਆਖਿਆ ਕਿ ਇਹ ਆਪਣੀ ਕਿਸਮ ਦਾ ਨਿਵੇਕਲਾ ਸਮਰ ਕੈਂਪ ਸੀ ਜਿਸ ਵਿੱਚ ਅਸੀਂ ਸ਼ਹੀਦਾਂ ਦੇ ਸੁਪਨਿਆਂ ਬਾਰੇ ਜਾਣਿਆ, ਪੰਜਾਬ ਦੀ ਸੱਭਿਆਚਾਰਕ ਮਿੱਟੀ ਦੀ ਮਹਿਕ ਨੂੰ ਮਹਿਸੂਸ ਕੀਤਾ। ਬੱਚਿਆਂ ਨੇ ਇਹ ਪ੍ਰਣ ਕੀਤਾ ਕਿ ਉਹ ਆਪਣੇ ਦੇਸ਼ ਦੇ ਲੋਕ ਸੱਭਿਆਚਾਰ ਨੂੰ ਹਰ ਹੀਲੇ ਲੋਕਾਂ ਤੱਕ ਪਹੁੰਚਾਉਣ ਦਾ ਯਤਨ ਕਰਨਗੇ। ਇਸ ਕੈਂਪ ਵਿੱਚ ਬੱਚਿਆਂ ਨੇ ਭੰਗੜਾ, ਨਾਟਕ, ਕੋਰਿਉਗ੍ਰਾਫੀਆਂ ਤਿਆਰ ਕੀਤੀਆਂ ਜਿਨ੍ਹਾਂ ਦੀ ਪੇਸ਼ਕਾਰੀ ਮਹੀਨੇ ਦੇ ਅਖੀਰਲੇ ਸ਼ਨੀਵਾਰ ਦੇ ਸਮਾਗਮ ਵਿੱਚ ਕੀਤੀ ਗਈ।



ਮਾਸਟਰ ਹਰਦਿਆਲ ਸਿੰਘ ਲਿੰਟ ਬੱਚਿਆਂ ਨੂੰ ਭੰਗੜੇ ਦੇ ਗੁਰ ਸਿਖਾਉਂਦੇ ਹੋਏ



ਲੋਕ ਕਲਾ ਮੰਚ ਦੇ ਤਿੰਨ ਦਿਨਾਂ ਸਿਲਵਰ ਜੁਬਲੀ ਸਮਾਗਮ ਹੋਏ ਅਰੰਭ: ਚੌਧਰੀ, ਸ਼ਰਮਾ

ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਦੇ ਸਿਲਵਰ ਜੁਬਲੀ ਸਮਾਗਮ 29 ਤੋਂ

ਗੁਰਸ਼ਰਨ ਕਲਾ ਭਵਨ ਮੁੱਲਾਂਪੁਰ 'ਚ ਰਾਗ ਰੰਗ ਉਤਸਵ ਸ਼ੁਰੂ

ਮੁੱਲਾਂਪੁਰ ਗੁਰਸ਼ਰਨ ਕਲਾ ਭਵਨ 'ਚ ਰਾਗ ਰੰਗ ਉਤਸਵ ਚੇਤੰਨਤਾ ਬਿਖੇਰਦਾ ਸਮਾਪਤ

ਲੋਕ ਕਲਾ ਮੰਚ ਅਖਬਾਰਾਂ ਵਿੱਚ

'ਛੱਟਾ ਚਾਨਣਾਂ ਦਾ' ਆਪਣਾ ਨਿਵੇਕਲਾ ਚਾਨਣ ਬਿਖੇਰਦਾ ਹੋਇਆ ਸਮਾਪਤ

ਤਿੰਨ ਰੋਜ਼ਾ ਸਿਲਵਰ ਜੁ

ਨਾਟਕ 'ਇਨ੍ਹਾਂ ਜ਼ਖ਼ਮਾਂ ਦਾ ਕੀ ਕਰੀਏ' ਦਾ ਮੰਚਨ

ਲੋਕ ਕਲਾ ਮੰਚ ਮੰਡੀ ਮੁੱਲਾਂਪੁਰ-ਦਾਖਾ ਸਿਲ
ਉਦਘਾਟਨੀ ਸਮਾਗਮ 'ਚ ਮੰਚ ਦਾ ਸੋਵੀਨਾਰ ਜ
ਸੁਰਿੰਦਰ ਸ਼ਰਮਾ, ਪ੍ਰੋ: ਰਮਨ, ਕੰਵਲਜੀਤ ਖੰਨਾ ਤੇ



ਪੰਜਾਬੀ ਸਾਹਿਤ ਸਭਾ ਵਿਨੀਪੈਗ (ਕੈਨੇਡਾ) ਤੋਂ ਹਰਨੇਕ ਸਿੰਘ ਧਾਲੀਵਾਲ ਆਪਣੇ ਪਰਿਵਾਰ ਸਮੇਤ ਗੁਰਸ਼ਰਨ ਕਲਾ ਭਵਨ ਵੇਖਣ ਆਏ, ਉਹਨਾਂ ਤੇ ਨਾਲ ਲੋਕ ਕਲਾ ਮੰਚ ਦੀ ਸਮੁੱਚੀ ਟੀਮ




'ਪਰਬਤੋਂ ਭਾਰੀ ਮੌਤ' ਨਾਟਕ ਦੀ ਪੇਸ਼ਕਾਰੀ ਦਾ ਇਕ ਦ੍ਰਿਸ਼



ਨਾਟਕ ਲੇਖਕ ਕੁਲਵਿੰਦਰ ਖਹਿਰਾ ਟਰਾਂਟੋ, ਨਿਰਦੇਸ਼ਕ ਹਰਕੇਸ਼ ਚੌਧਰੀ, ਟੀਮ ਲੋਕ ਕਲਾ ਮੰਚ ਮੁੱਲਾਂਪੁਰ

**ਅਪੀਲ:** ਸਤਿਕਾਰਯੋਗ ਸ਼ੁਭ ਚਿੰਤਕ ਦੋਸਤੋ, ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਤੁਹਾਡੀ ਆਪਣੀ ਸੰਸਥਾ ਹੈ। ਪਿਛਲੇ 26 ਸਾਲਾਂ ਤੋਂ ਲੱਚਰ ਤੇ ਅਸ਼ਲੀਲ ਸਾਹਿਤ ਸੱਭਿਆਚਾਰ ਦੇ ਮੁਕਾਬਲੇ ਉਸਾਰੂ ਤੇ ਦੇਸ਼ ਭਗਤਾਂ ਦਾ ਲੋਕ ਸੱਭਿਆਚਾਰ ਸਿਰਜਣ ਦੀ ਲੜਾਈ ਲੜ ਰਹੀ ਹੈ ਇਸ ਵਿੱਚ ਤੁਹਾਡਾ ਅਸੀਮ ਯੋਗਦਾਨ ਰਿਹਾ ਹੈ। ਸਾਡੀ ਇਸ ਸੰਸਥਾ ਜ਼ਿੰਮੇ ਹੋਰ ਵੀ ਬਹੁਤ ਵੱਡੇ ਕੰਮ ਹਨ ਇਸ ਲਈ ਤੁਹਾਡੇ ਸਹਿਯੋਗ ਦੀ ਹਮੇਸ਼ਾ ਲੋੜ ਹੈ ਸੋ ਸਾਡੀ ਸਹਾਇਤਾ ਕਰਨ ਲਈ ਸਾਡੇ ਵਿਦੇਸ਼ੀ ਪ੍ਰਤੀਨਿਧਾਂ ਨਾਲ ਸੰਪਰਕ ਕਰੋ।

1. ਮਾਸਟਰ ਭਜਨ ਸਿੰਘ ਕੈਲਗਰੀ 403-455-4220
2. ਤ੍ਰਿਭਵਨ ਸਿੰਘ ਸਰੀ ਕਨੈਡਾ 604-961-5249
3. ਅਵਤਾਰ ਸਿੱਧੂ ਵਿਨੀਪੈਗ 204-275-6580
4. ਬਲਦੇਵ ਰਹਿਪਾ ਟਰਾਂਟੋ 416-477-2112
5. ਕੁਲਵਿੰਦਰ ਖਹਿਰਾ ਟਰਾਂਟੋ 647-407-1955
6. ਇਕਬਾਲ ਸੁੰਬਲ ਟਰਾਂਟੋ 973-220-2733
7. ਡਾ: ਕੁਸਮ ਅਤਰੇ ਅਮਰੀਕਾ 408-821-5418

**Lok Kala Manch**
Bank Account No.
01892 0100 25210
IFSC/RTGS Code: ORBC0100189
SWIFT Code: ORBCINBBLDH
Oriental Bank of Commerce
Mullanpur



ਸੰਤੋਖ ਸਿੰਘ ਦੇਸੀ ਵੈਨਕੂਵਰ ਤੋਂ ਗੁਰਸ਼ਰਨ ਕਲਾ ਭਵਨ ਵਿਖੇ



ਜਰਮਨ ਤੋਂ ਆਈ ਮਾਰੀਆ ਕੋਪ ਜੋ ਲੋਕ ਕਲਾ ਮੰਚ ਵਿੱਚ ਬਤੌਰ ਅਦਾਕਾਰ ਛੇ ਮਹੀਨੇ ਕੰਮ ਕਰਦੀ ਰਹੀ ਉਸ ਦੇ ਆਪਣੇ ਦੇਸ਼ ਜਾਣ ਦੀ ਵਿਦਾਇਗੀ ਸਮੇਂ



ਐਸ.ਐਸ.ਏ. ਰਮਸਾ ਅਧਿਆਪਕਾਂ ਨੂੰ ਸਨਮਾਨਿਤ ਕਰਦਾ ਲੋਕ ਕਲਾ ਮੰਚ

ਸਹਿਯੋਗੀ ਸੰਸਥਾਵਾਂ :
ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ, ਤਰਕਸ਼ੀਲ ਸੋਸਾਇਟੀ ਟਰਾਂਟੋ
ਪੰਜਾਬੀ ਸਾਹਿਤ ਸਭਾ ਵਿਨੀਪੈਗ, ਦੇਸ਼ ਭਗਤ ਸਪੋਰਟਸ ਐਂਡ ਕਲਚਰਲ ਸੋਸਾਇਟੀ ਟਰਾਂਟੋ

## Lok Kala Manch (Regd.)

*Head Office: Gursharan Kala Bhawan*

Ekta Nagar, Jagraon Road, Mandi Mullanpur
Distt. Ludhiana (Pb.) 141101

ਰੰਗਮੰਚ ਇੱਕ ਸ਼ਸ਼ਕਤ ਕਲਾ ਹੈ

Lok Kala Manch Mullanpur

ਕਲਾ ਤਬਦੀਲੀ ਦਾ ਮਾਧਿਅਮ ਹੈ।




**Mob. +91-98146-60155, +91-98147-80195**
**+91-98723-71005**
email: harkesh22lkm@gmail.com
lkm.sharma@yahoo.in
f/b:gursharan kala bhawan mandi mullanpur

# ਵਹਿਸ਼ਤ ਦਾ ਸਿਰਨਾਵਾਂ



ਵਰਿੰਦਰ ਵਾਲੀਆ

ਕਲਮਾਂ ਵਾਲਿਆਂ ਦੇ ਸਿਰ ਕਲਮ ਹੋ ਰਹੇ ਹਨ। ਇਰਾਕ ਅਤੇ ਸੀਰੀਆ ਵਿੱਚ ਛਿੜੇ ਹੋਏ ਗ੍ਰਹਿ ਯੁੱਧ ਦੌਰਾਨ ਸੁੰਨੀ ਅਤਿਵਾਦੀਆਂ ਨੇ ਅਮਰੀਕਾ ਦੇ ਇੱਕ ਪੱਤਰਕਾਰ ਜੇਮਜ਼ ਫੋਲੇ ਦਾ ਵਹਿਸ਼ੀਆਨਾ ਢੰਗ ਨਾਲ ਸਿਰ ਕਲਮ ਕਰ ਕੇ ਕਲਮਾਂ ਵਾਲਿਆਂ ਨੂੰ ਵੰਗਾਰਿਆ ਹੈ। ਬਰਬਰਤਾ ਦੀਆਂ ਸਾਰੀਆਂ ਹੱਦਾਂ ਟੱਪਦਿਆਂ ਦਹਿਸ਼ਤਗਰਦਾਂ ਨੇ ਮਕਤਲ ਵਿੱਚ ਜ਼ਿਬ੍ਹਾ ਹੋ ਰਹੇ ਪੱਤਰਕਾਰ ਦੀ ਵੀਡੀਓ ਟੁਕੜੀ ਸੋਸ਼ਲ ਮੀਡੀਆ ’ਤੇ ਪਾ ਕੇ ਕਲਮਾਂ ਨੂੰ ਸੁੰਨ ਕਰਨ ਦੀ ਕੋਸ਼ਿਸ਼ ਕੀਤੀ ਹੈ। ਘਮਸਾਨ ਦੀ ਇਸ ਖ਼ਾਨਾਜੰਗੀ ਨੇ ਪਹਿਲਾਂ ਹੀ ਇੱਕ ਹਜ਼ਾਰ ਤੋਂ ਵੱਧ ਪੱਤਰਕਾਰਾਂ ਦੀ ਜਾਨ ਲੀਲ੍ਹ ਲਈ ਹੈ। ਇਸ ਤੋਂ ਇਲਾਵਾ ਕਈ ਪੱਤਰਕਾਰ ਅਜੇ ਵੀ ਲਾਪਤਾ ਹਨ। ਮੈਦਾਨ-ਏ-ਜੰਗ ਵਿੱਚ ਪੱਤਰਕਾਰਾਂ ਦਾ ਹਥਿਆਰ ਲੈਪਟੋਪ ਜਾਂ ਕੈਮਰਾ ਹੁੰਦਾ ਹੈ। ਗੋਲੀਬਾਰੀ ਦੌਰਾਨ ਆਪਣਾ ਫ਼ਰਜ਼ ਨਿਭਾਉਣ ਵਾਲੇ ਦਲੇਰ ਅਖ਼ਬਾਰਨਵੀਸ ਆਪਣੀ ਹਿਫ਼ਾਜ਼ਤ ਬਾਰੇ ਬੇਖ਼ਬਰ ਹੁੰਦੇ ਹਨ। ਕਈ ਵਾਰ ਉਹ ਖ਼ਬਰਾਂ ਲੱਭਦੇ-ਲੱਭਦੇ ਖ਼ੁਦ ਖ਼ਬਰ ਬਣ ਜਾਂਦੇ ਹਨ।

‘ਅਮਰੀਕਾ ਲਈ ਸੁਨੇਹਾ’ ਨਾਂ ਦੀ ਵੀਡੀਓ ਸੋਸ਼ਲ ਮੀਡੀਆ ’ਤੇ ਪੋਸਟ ਕਰਦਿਆਂ ਇੰਤਹਾਪਸੰਦਾਂ ਨੇ ਸਪਸ਼ਟ ਕਿਹਾ ਹੈ ਕਿ ਇਹ ਕਾਰਵਾਈ ਇਰਾਕ ਵਿੱਚ ਲੜ ਰਹੇ ਬਾਗ਼ੀਆਂ ਖ਼ਿਲਾਫ਼ ਹੋ ਰਹੇ ਅਮਰੀਕੀ ਹਵਾਈ ਹਮਲਿਆਂ ਦਾ ਜਵਾਬ ਹੈ। ਵ੍ਹਾਈਟ ਹਾਊਸ ਨੇ ਇਸ ਕਾਲੀ ਕਰਤੂਤ ਵਾਲੀ ਵੀਡੀਓ ਨੂੰ ਅਸਲੀ ਦੱਸਿਆ ਹੈ। ਇਸਲਾਮੀ ਸਟੇਟ (ਆਈ. ਐਸ. ਆਈ. ਐਸ.) ਦੇ ਦਹਿਸ਼ਤਗਰਦਾਂ ਨੇ ਇਹ ਵੀ ਧਮਕੀ ਦਿੱਤੀ ਹੈ ਕਿ ਜੇ ਹਵਾਈ ਹਮਲੇ ਜਾਰੀ ਰਹੇ ਤਾਂ ਬੰਦੀ ਬਣਾਏ ਹੋਏ ਹੋਰ ਅਮਰੀਕੀ ਪੱਤਰਕਾਰਾਂ ਦਾ ਹਸ਼ਰ ਵੀ ਜੇਮਜ਼ ਫੋਲੇ ਵਰਗਾ ਹੋਵੇਗਾ।

ਜੇਮਜ਼ ਫੋਲੇ ਨਾਮਕ ਇਸ ਫ੍ਰੀਲਾਂਸ ਪੱਤਰਕਾਰ ਨੂੰ ਆਖ਼ਰੀ ਵਾਰ 22 ਨਵੰਬਰ 2012 ਦੌਰਾਨ ਸੀਰੀਆ ਵਿੱਚ ਵੇਖਿਆ ਗਿਆ ਸੀ ਤੇ ਇਹ ਸਮਝਿਆ ਜਾ ਰਿਹਾ ਸੀ ਕਿ ਉਸ ਨੂੰ ਰਾਸ਼ਟਰਪਤੀ ਬਸ਼ਰ-ਅਲ-ਅਸਦ ਦੀ ਫ਼ੌਜ ਨੇ ਕੈਦ ਕੀਤਾ ਹੋਇਆ ਹੈ। ਚਾਰ ਮਿੰਟਾਂ ਦੀ ਇਸ ਭਿਅੰਕਰ ਵੀਡੀਓ ਵਿੱਚ ਕੈਮਰੇ ਵੱਲ ਤੱਕਦਿਆਂ ਜੇਮਜ਼ ਫੋਲੇ ਕਹਿੰਦਾ ਹੈ, “ਮਰਨ ਤੋਂ ਪਹਿਲਾਂ ਮੈਂ ਚਾਹੁੰਦਾ ਹਾਂ ਕਿ ਮੇਰੇ ਦੋਸਤ, ਮੇਰਾ ਪਰਿਵਾਰ ਅਤੇ ਮੇਰੇ ਚਾਹੁਣ ਵਾਲੇ ਅਮਰੀਕਾ ਸਰਕਾਰ ਖ਼ਿਲਾਫ਼ ਖੜ੍ਹੇ ਹੋਣ ਜਿਸ ਦੀ ਬਰਬਰਤਾ ਦਾ ਇਹ ਨਤੀਜਾ ਹੈ।” ਇਸ ਤੋਂ ਬਾਅਦ ਇਸਲਾਮੀ ਸਟੇਟ ਦਾ ਇੰਤਹਾਪਸੰਦ ਅੰਗਰੇਜ਼ੀ ਵਿੱਚ ਬਰਾਕ ਓਬਾਮਾ ਨੂੰ ਤਾੜਨਾ ਕਰਦਾ ਹੋਇਆ ਕਹਿੰਦਾ ਹੈ ਕਿ ਜੇ ਅਮਰੀਕਾ ਮੁਸਲਮਾਨਾਂ ਦਾ ਜਿਉਣਾ ਦੁੱਭਰ ਕਰੇਗਾ ਤਾਂ ਉਹ ਗੋਰਿਆਂ ਨੂੰ ਵੀ ਸ਼ਾਂਤੀ ਨਾਲ ਜਿਊਣ ਦਾ ਅਧਿਕਾਰ ਨਹੀਂ ਦੇਣਗੇ। ਇਸ ਤੋਂ ਬਾਅਦ ਦੂਜੇ ਪੱਤਰਕਾਰ ਸਟੀਵਨ ਜੋਲ ਸੋਟਲਾਫ਼ ਨੂੰ ਕੈਮਰੇ ਸਾਹਮਣੇ ਕਰ ਕੇ ਅਤਿਵਾਦੀ ਨੇ ਕਿਹਾ ਕਿ ਇਸ ਅਮਰੀਕੀ ਦੀ ਜ਼ਿੰਦਗੀ ਤੁਹਾਡੇ ਅਗਲੇ ਫ਼ੈਸਲੇ ’ਤੇ ਨਿਰਭਰ ਕਰੇਗੀ। ਸੋਟਲਾਫ਼ 4 ਅਗਸਤ 2013 ਤੋਂ ਲਾਪਤਾ ਹੈ। ਦੁਨੀਆਂ ਦੀ ਸਭ ਤੋਂ ਵੱਡੀ ਮੁਸਲਿਮ ਬਹੁਗਿਣਤੀ ਵਾਲੇ ਮੁਲਕ ਇੰਡੋਨੇਸ਼ੀਆ ਦੇ ਰਾਸ਼ਟਰਪਤੀ ਨੇ ਇਸ ਕਤਲ ਦੀ ਨਿਖੇਧੀ ਕਰਦਿਆਂ ਕਿਹਾ ਕਿ ਇਸਲਾਮੀ ਸਟੇਟ ਜਥੇਬੰਦੀ ਦੇ ਇੰਤਹਾਪਸੰਦਾਂ ਦੀਆਂ ਸਰਗਰਮੀਆਂ ਵਿਸ਼ਵ ਭਰ ਵਿੱਚ ਇਸਲਾਮ ਲਈ ਪ੍ਰੇਸ਼ਾਨੀ ਦਾ ਸਬੱਬ ਬਣ ਰਹੀਆਂ ਹਨ। ਉਨ੍ਹਾਂ ਵਿਸ਼ਵ ਵਿੱਚ ਵਸਦੇ ਮੁਸਲਮਾਨ ਭਾਈਚਾਰੇ ਨੂੰ ਕੱਟੜਵਾਦ ਨੂੰ ਮਿਲ-ਜੁਲ ਕੇ ਨੱਥ ਪਾਉਣ ਦਾ ਸੱਦਾ ਦਿੱਤਾ ਹੈ। ਇੰਡੋਨੇਸ਼ੀਆ ਵਿੱਚ ਵੱਡੀ ਮੁਸਲਿਮ ਬਹੁਗਿਣਤੀ ਵਸਦੀ ਹੈ ਜਿਸ ਦੀ ਗਿਣਤੀ 22.5 ਕਰੋੜ ਹੈ। ਇੰਡੋਨੇਸ਼ੀਆ ਨੇ ਪਿਛਲੇ ਸਾਲਾਂ ਵਿੱਚ ਵੱਖ-ਵੱਖ ਯਤਨਾਂ ਰਾਹੀਂ ਅਤਿਵਾਦੀ ਹਮਲਿਆਂ ਨੂੰ ਠੱਲ੍ਹ ਪਾਈ ਹੈ।

ਵਾਈਟ ਹਾਊਸ ਨੇ ਸੋਸ਼ਲ ਮੀਡੀਆ ਨੂੰ ਬੇਨਤੀ ਕੀਤੀ ਹੈ ਕਿ ਉਹ ਲੂੰ-ਕੰਡੇ ਖੜ੍ਹੇ ਕਰਨ ਵਾਲੀ ਅਮਰੀਕੀ ਪੱਤਰਕਾਰ ਦੀ ਵੀਡੀਓ ਨੂੰ ਨਾ ਦਿਖਾਵੇ। ਜੇਮਜ਼ ਫੋਲੇ ਦੀ ਮਾਤਾ ਨੇ ਇਸਲਾਮੀ ਸਟੇਟ ਦੇ ਇੰਤਹਾਪਸੰਦਾਂ ਨੂੰ ਕਿਹਾ ਹੈ ਕਿ ਉਹ ਬੰਦੀ ਬਣਾਏ ਹੋਏ ਦੂਜੇ ਪੱਤਰਕਾਰਾਂ ਦੀ ਜਾਨ ਬਖ਼ਸ਼ ਦੇਣ। ਮਰਹੂਮ ਪੱਤਰਕਾਰ ਦੇ ਪਿਤਾ ਨੇ ਕਿਹਾ ਕਿ ਉਨ੍ਹਾਂ ਨੂੰ ਆਪਣੇ ਪੁੱਤਰ ਦੀ ਕੁਰਬਾਨੀ ’ਤੇ ਮਾਣ ਹੈ।

ਦੂਜੇ ਪਾਸੇ ਹਿੰਦੁਸਤਾਨ ਵਿੱਚ ਬੁੱਤ ਵੀ ਸੁਰੱਖਿਅਤ ਨਹੀਂ ਹਨ। ਛੱਤੀਸਗੜ੍ਹ ਦੀ ਰਾਜਧਾਨੀ ਰਾਏਪੁਰ ਵਿੱਚ ਸ਼ਹੀਦ ਭਗਤ ਸਿੰਘ ਦੇ ਚੌਰਾਹੇ ਵਿੱਚ ਲੱਗੇ ਆਦਮ-ਕੱਦ ਬੁੱਤ ਦਾ ਸਿਰ ਕਲਮ ਕਰਨ ਤੋਂ ਬਾਅਦ ਛਿੜਿਆ ਵਾਦ-ਵਿਵਾਦ ਠੰਢਾ ਨਹੀਂ ਹੋ ਰਿਹਾ। ਉੱਥੋਂ ਦੀਆਂ ਕੁਝ ਸਿੱਖ ਜਥੇਬੰਦੀਆਂ ਦੀ ਮੰਗ ਹੈ ਕਿ ਸਰਦਾਰ ਭਗਤ ਸਿੰਘ ‘ਸਰਦਾਰ’ ਦਿਸਣਾ ਚਾਹੀਦਾ ਹੈ। ਰਾਏਪੁਰ ਦੀ ਨਗਰ ਨਿਗਮ ਨੂੰ ਇਹ ਮਨਜ਼ੂਰ ਨਹੀਂ ਹੈ। ਸਿੱਖ ਜਥੇਬੰਦੀਆਂ ਇਸ ਗੱਲ ’ਤੇ ਅੜੀਆਂ ਹੋਈਆਂ ਹਨ ਕਿ ਜੇ ਹੈਟ ਵਾਲਾ ਬੁੱਤ ਦੁਬਾਰਾ ਲਗਾਇਆ ਗਿਆ ਤਾਂ ਉਸ ਦਾ ਵਿਰੋਧ ਕੀਤਾ ਜਾਵੇਗਾ। ਭਾਵ, ਭਗਤ ਸਿੰਘ ਦੇ ਬੁੱਤ ਦਾ ਸਿਰ ਦੁਬਾਰਾ ਕਲਮ ਹੋ ਸਕਦਾ ਹੈ। ‘ਮੈਂ ਨਾਸਤਿਕ ਕਿਉਂ ਹਾਂ’ ਵਾਲਾ ਭਗਤ ਸਿੰਘ ਆਪਣਾ ਸੀਸ ਭੇਟ ਕਰ ਕੇ ਚੌਂਕਾਂ-ਚੌਰਾਹਿਆਂ ਵਿੱਚ ਖੜ੍ਹਨ ਦੇ ਕਾਬਲ ਹੋਇਆ ਹੈ। ਉਹ ਅਮਰ ਸ਼ਹੀਦਾਂ ਦੀ ਕਤਾਰ ਵਿੱਚ ਖੜ੍ਹਾ ਹੈ ਜੋ ਲੋਕਾਂ ਦੇ ਦਿਲਾਂ ਵਿੱਚ ਵਸਦੇ ਹਨ। ਰਾਏਪੁਰ ਵਿੱਚ ਹੋ ਰਿਹਾ ਤਮਾਸ਼ਾ ਹਿਰਦੇਵੇਦਕ ਹੈ। ਇਸਲਾਮਿਕ ਦੇਸ਼ਾਂ ਵਿੱਚ ਸੰਗਮਾਰ (ਪੱਥਰ ਮਾਰ-ਮਾਰ ਕੇ ਮਾਰ ਦੇਣਾ) ਆਮ ਵਰਤਾਰਾ ਹੈ। ਪੱਥਰ ਦੇ ਬੁੱਤਾਂ ਨੂੰ ਸੰਗਮਾਰ ਕਰਨਾ ਅਜਬ ਵਰਤਾਰਾ ਹੈ। ਜਦੋਂ ਕੁਝ ਲੋਕਾਂ ਨੇ ਸ਼ਹੀਦ ਭਗਤ ਸਿੰਘ ਦੇ ਬੁੱਤ ਦਾ ਸਿਰ ਕੱਟ ਲਿਆ ਸੀ ਤਾਂ ਨਗਰ ਨਿਗਮ ਨੇ ਕੁਝ ਦਿਨਾਂ ਬਾਅਦ ਹੈਟ ਵਾਲਾ ਸਿਰ ਧੜ ’ਤੇ ਫਿਰ ਜੜ ਦਿੱਤਾ। ਇੱਕੀ ਜੁਲਾਈ ਦੀ ਰਾਤ ਨੂੰ ਭਗਤ ਸਿੰਘ ਦੇ ਬੁੱਤ ਦਾ ਸਿਰ ਫਿਰ ਗਾਇਬ ਹੋ ਗਿਆ। ਇਸ ਘਟਨਾ ਤੋਂ ਬਾਅਦ ਸਥਾਨਕ ਸਿੱਖ ਸੰਗਠਨਾਂ ਨੇ ਉੱਥੇ ਪਗੜੀ ਵਾਲਾ ਭਗਤ ਸਿੰਘ ਸਥਾਪਿਤ ਕਰ ਦਿੱਤਾ। ‘ਧਰਮ-ਨਿਰਪੱਖ’ ਕਾਂਗਰਸ ਪਾਰਟੀ ਦੇ ਕਬਜ਼ੇ ਵਾਲੀ ਨਗਰ ਨਿਗਮ ਨੇ ਭਗਤ ਸਿੰਘ ‘ਸਰਦਾਰ’ ਨੂੰ ਕੱਪੜੇ ਨਾਲ ਢੱਕ ਦਿੱਤਾ। ਨਗਰ ਨਿਗਮ ਨੇ ਹੁਣ ਫ਼ੈਸਲਾ ਕੀਤਾ ਹੈ ਕਿ ਉਹ ਹੈਟ ਵਾਲੇ ਭਗਤ ਸਿੰਘ ਨੂੰ ਚੌਂਕ ਦਾ ਮੁੜ ਸ਼ਿੰਗਾਰ ਬਣਾਵੇਗੀ ਤੇ ਜਿਨ੍ਹਾਂ ਨੇ ਬੁੱਤ ਦਾ ਸਿਰ ਵੱਢਿਆ ਸੀ, ਉਨ੍ਹਾਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰਨ ਲਈ ਸਰਕਾਰ ਨੂੰ ਲਿਖੇਗੀ। ‘ਸਰਫ਼ਰੋਸ਼ੀ ਕੀ ਤਮੰਨਾ’ ਰੱਖਣ ਵਾਲੇ ਭਗਤ ਸਿੰਘ ਨੇ ਆਪਣੇ ਵਤਨ ਨੂੰ ਆਜ਼ਾਦ ਕਰਵਾਉਣ ਲਈ ਬ੍ਰਿਟਿਸ਼ ਸਰਕਾਰ ਨੂੰ ਵੰਗਾਰਿਆ ਸੀ। ਉਸ ਨੂੰ ਰਾਤੋ-ਰਾਤ ਸਾਥੀਆਂ ਸਮੇਤ ਫਾਂਸੀ ਦਿੱਤੀ ਗਈ ਸੀ ਤਾਂ ਜੋ ਉਸ ਦੇ ਨਾਮਲੇਵਾ ਭੜਕ ਨਾ ਜਾਣ। ਅੱਜ ਜਿਨ੍ਹਾਂ ਸ਼ਹੀਦਾਂ ਦੀ ਕੁਰਬਾਨੀ ਸਦਕਾ ਦੇਸ਼ ਆਜ਼ਾਦ ਹੋਇਆ ਹੈ, ਆਜ਼ਾਦ ਦੇਸ਼ ਦੀ ਆਜ਼ਾਦ ਫ਼ਿਜ਼ਾ ਵਿੱਚ ਉਸ ਦਾ ਸਿਰ ਕਲਮ ਹੋ ਰਿਹਾ ਹੈ। ਇਹ ਆਪਣੀ ਕਿਸਮ ਦਾ ਇਤਿਹਾਸ ਰਚਿਆ ਜਾ ਰਿਹਾ ਹੈ। ਅੱਜ ਉਸ ਦਾ ਰਾਏਪੁਰ ਦੇ ਸ਼ਹੀਦ ਭਗਤ ਸਿੰਘ ਚੌਂਕ ਵਿੱਚ ਖੜ੍ਹਾ ਬੁੱਤ ਰਾਮ ਪ੍ਰਸਾਦ ਬਿਸਮਿਲ ਦੀ ਜੁਝਾਰੂ ਕਵਿਤਾ ਦਾ ਗਾਇਣ ਕਰ ਰਿਹਾ ਜਾਪਦਾ ਹੈ:

**ਸਰਫਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ**
**ਦੇਖਨਾ ਹੈ ਜ਼ੋਰ ਕਿਤਨਾ ਬਾਜ਼ੂ-ਏ-ਕਾਤਿਲ ਮੇਂ ਹੈ**

ਬੁੱਤ ਬੋਲਦੇ ਹੀ ਨਹੀਂ ਸਗੋਂ ਦਿਲ ਫੋਲਦੇ ਵੀ ਹਨ। ਭਾਈ ਵੀਰ ਸਿੰਘ ਨੇ ਵੀ ਲਿਖਿਆ ਹੈ - ਮਾਰ ਪਈ ਜਦ ਮਾਰਤੰਡ ਨੂੰ ਪੱਥਰ ਰੋ ਕੁਰਲਾਣੇ੩। ਤਾਲਿਬਾਨ ਵੱਲੋਂ ਅਹਿੰਸਾ ਦੇ ਪੁਜਾਰੀ ਮਹਾਤਮਾ ਬੁੱਧ ਦੇ ਬੁੱਤ ਤੋੜਨ ਤੋਂ ਬਾਅਦ ਹਿੰਸਾ ਦਾ ਦੌਰ ਅੱਜ ਤਕ ਨਹੀਂ ਰੁਕਿਆ। ਸਰਦਾਰ ਭਗਤ ਸਿੰਘ ਵਰਗੇ ਜਾਗੇ ਹੋਏ ਬੰਦੇ ਘੱਟ ਪੈਦਾ ਹੁੰਦੇ ਹਨ ਜੋ ਪ੍ਰਚਲਿਤ ਸਿਸਟਮ ਨੂੰ ਤੋੜਨ ਲਈ



ਜਦੋਜਹਿਦ ਕਰਦੇ ਰਹਿੰਦੇ ਹਨ। ਭਗਤ ਸਿੰਘ ਵਰਗੇ ਸਿਰਫ਼ ਇੱਕ ਇਨਸਾਨ ਨਹੀਂ ਸਗੋਂ ਵਰਤਾਰਾ ਹੁੰਦੇ ਹਨ ਜਿਨ੍ਹਾਂ ਨੇ ਵੇਲੇ ਦੀਆਂ ਹਕੂਮਤਾਂ ਨਾਲ ਟਕਰਾਉਣਾ ਹੁੰਦਾ ਹੈ। ਸਿਰਾਂ ਵਾਲੇ ਹੀ ਸੀਸ ਭੇਟ ਕਰ ਸਕਦੇ ਹਨ। ਜਿਨ੍ਹਾਂ ਦੇ ਧੜਾਂ ’ਤੇ ਸਿਰ ਹੀ ਨਹੀਂ ਹੁੰਦਾ, ਉਨ੍ਹਾਂ ਨੇ ਕੁਰਬਾਨੀ ਦਾ ਸਬਕ ਨਹੀਂ ਪੜ੍ਹਿਆ ਹੁੰਦਾ। ਹਰਿਭਜਨ ਸਿੰਘ ਦੀਆਂ ਸਤਰਾਂ ਹਨ:

**ਸੀਸ ਅਰਪਣ ਦਾ ਸਦਾ ਵੇਲਾ ਹੈ**
**ਪਹਿਲਾਂ ਆਪਣੇ ਧੜ ’ਤੇ ਸੀਸ ਪੈਦਾ ਕਰ**

ਵਿਡੰਬਣਾ ਇਹ ਹੈ ਕਿ ਜਿਨ੍ਹਾਂ ਦੇ ਆਪਣੇ ਧੜ ’ਤੇ ਸਿਰ ਨਹੀਂ, ਉਹ ਹੁਣ ਸ਼ਹੀਦਾਂ ਦੇ ਸੀਸ ਨੂੰ ਆਪੋ-ਆਪਣੀ ਪਛਾਣ ਦੇ ਰਹੇ ਹਨ।

ਸਰਦਾਰ ਭਗਤ ਸਿੰਘ ਕਿਸੇ ਵੀ ਰੂਪ ਵਿੱਚ ਹੋਵੇ, ਉਹ ਹਮੇਸ਼ਾਂ ਸ਼ਹੀਦਾਂ ਦਾ ਸਰਦਾਰ ਰਹੇਗਾ। ਫ਼ਿਰਕੇ ਅਤੇ ਫ਼ਿਰਕਾਪ੍ਰਸਤਾਂ ਦੀਆਂ ਵਲਗਣਾਂ ਉਸ ਦੀ ਆਭਾ ਨੂੰ ਮੱਧਮ ਨਹੀਂ ਕਰ ਸਕਦੀਆਂ। ਫ਼ਿਰਕਾਪ੍ਰਸਤਾਂ ਦੀ ਭੀੜ ਵਿੱਚ ਦਰਅਸਲ ਬੰਦਾ ਗਵਾਚ ਗਿਆ ਹੈ:

**ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਦੀ ਭੀੜ ਵਿੱਚ**
**ਰੱਬ ਇਹ ਢੂੰਡ ਰਿਹਾ ਹੈ ਕਿ ਮੇਰਾ ਬੰਦਾ**



**ਕਿਧਰ ਗਿਆ** (ਪਾਤਰ)

ਫ਼ਿਰਕਾਪ੍ਰਸਤਾਂ ਕੋਲ ਨਜ਼ਰ ਹੁੰਦੀ ਹੈ, ਨਜ਼ਰੀਆ ਨਹੀਂ। ਸ਼ਹੀਦ ਫ਼ਿਰਕਿਆਂ ਦੀ ਕੈਦ ਵਿੱਚ ਨਹੀਂ ਰਹਿੰਦੇ। ਸਿਰ ਲੈਣ ਵਾਲਿਆਂ ਨਾਲੋਂ ਸਿਰ ਦੇਣ ਵਾਲਿਆਂ ਦਾ ਨਾਂ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਜਾਂਦਾ ਹੈ। ਕਾਲੀਆਂ ਬੋਲੀਆਂ ਰਾਤਾਂ ਵਿੱਚ ਘਾਤ ਲਾ ਕੇ ਬੈਠਣ ਵਾਲੀਆਂ ਕਾਲੀਆਂ ਬਿੱਲੀਆਂ ਦਾ ਨਾਮ ਕਾਲੇ ਅੱਖਰਾਂ ਵਿੱਚ ਲਿਖਿਆ ਜਾਂਦਾ ਹੈ। ਇਨਸਾਨੀਅਤ ਬਾਰੇ ਨਿਦਾ ਫ਼ਾਜ਼ਲੀ ਦੇ ਚੰਦ ਸ਼ਿਅਰ ਹਾਜ਼ਰ ਹਨ:

**ਇਨਸਾਨ ਮੇਂ ਹੈਵਾਨ ਯਹਾਂ ਭੀ ਹੈ ਵਹਾਂ ਭੀ**
**ਅੱਲਾਹ ਨਿਗਹਬਾਨ ਯਹਾਂ ਭੀ ਹੈ ਵਹਾਂ ਭੀ**
**ਖ਼ੂੰ-ਖਾਰ ਦਰਿੰਦੋਂ ਕੇ ਫ਼ਕਤ ਨਾਮ ਅਲਗ ਹੈਂ**
**ਹਰ ਸ਼ਹਰ ਬੀਆਬਾਨ ਯਹਾਂ ਭੀ ਹੈ ਵਹਾਂ ਭੀ**
**ਹਿੰਦੂ ਭੀ ਸੁਕੂੰ ਸੇ ਹੈ ਮੁਸਲਮਾਂ ਭੀ ਸੁਕੂੰ ਸੇ**
**ਇਨਸਾਨ ਪ੍ਰੇਸ਼ਾਨ ਯਹਾਂ ਭੀ ਹੈ ਵਹਾਂ ਭੀ**

## ਫ਼ਾਸ਼ੀਵਾਦ ਦੇ ਰੁਝਾਨ ਖ਼ਿਲਾਫ਼ ਵਿਗਿਆਨਕ ਚੇਤਨਾਂ ਦੇ ਪਸਾਰ ਦਾ ਸੱਦਾ

➤ ਦੇਸ਼ ਭਗਤ ਹਾਲ ’ਚ ਡਾ. ਦਾਭੋਲਕਰ ਨੂੰ ਸਮਰਪਿਤ ਸੈਮੀਨਾਰ




ਜਲੰਧਰ : ਅਜੋਕੇ ਵਿਗਿਆਨਕ ਯੁਗ ਵਿੱਚ ਫ਼ਾਸ਼ੀਵਾਦ ਦਾ ਵਧ ਰਿਹਾ ਬੋਲਬਾਲਾ ਇੱਕ ਗੰਭੀਰ ਚਿੰਤਾ ਜਨਕ ਰੁਝਾਨ ਹੈ ਜਿਸ ਦੇ ਖਿਲਾਫ਼ ਵਿਗਿਆਨਕ ਚੇਤਨਾ ਦੇ ਪਸਾਰ ਨਾਲ ਸਮਾਜ ਨੂੰ ਸੁਖਾਵੇਂ ਰੁਖ ਤੋਰਨ ਲਈ ਯਤਨਸ਼ੀਲ ਲੋਕਾਂ ਨੂੰ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਅੱਜ ਉੱਘੇ ਚਿੰਤਕ ਪ੍ਰੋ. ਅਪੂਰਵਾਨੰਦ ਨੇ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਵਿਖੇ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਵੱਲੋਂ ਕੌਮੀ ਤਰਕਸ਼ੀਲ ਲਹਿਰ ਦੇ ਆਗੂ ਡਾ. ਨਾਰੇਂਦਰ ਦਾਭ੍ਹੋਲਕਰ ਦੀ ਯਾਦ ਨੂੰ ਸਮਰਪਿਤ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਆਖਿਆ ਕਿ ਦੇਸ਼ ਭਰ ਵਿੱਚ ਲੋਕਾਂ ਦੀ ਸੋਚ ਨੂੰ ਧਰਮ ਦੀ ਆੜ ’ਚ ਸੋਚਣ, ਸਮਝਣ ਤੋਂ ਅਸਮਰਥ ਬਣਾਉਣ ਲਈ ਸੋਚੀ ਸਮਝੀ ਸਾਜਿਸ਼ ਤਹਿਤ ਕੂੜ ਪ੍ਰਚਾਰ ਕੀਤਾ ਜਾ ਰਿਹਾ ਹੈ। ਜਿਸ ਨੂੰ ਅੰਧਵਿਸ਼ਵਾਸਾਂ ਦਾ ਪਸਾਰ ਕਰਨ ਵਿੱਚ ਜੁਟੇ ਡੇਰੇ, ਅਖੌਤੀ ਬਾਬੇ ਤੇ ਤਾਂਤਰਿਕ ਸਾਜ਼ਗਾਰ ਮਾਹੌਲ ਦੇ ਰਹੇ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਦੇਸ਼ ਭਰ ਵਿੱਚ ਸੱਤਾ ਦੀ ਸ਼ਹਿ ਤੇ ਫ਼ਾਸ਼ੀਵਾਦ ਨੂੰ ਉਭਾਰਿਆ ਜਾ ਰਿਹਾ ਹੈ ਜਿਹੜਾ ਮਨੁੱਖ ਦੇ ਜਮਹੂਰੀ ਹੱਕਾਂ ਤੇ ਸਿੱਧਾ ਹਮਲਾ ਹੈ। ਸੈਮੀਨਾਰ ਨੂੰ ਸੰਬੋਧਨ ਕਰਦਿਆਂ ਤਰਕਸ਼ੀਲ ਚਿੰਤਕ ਹੇਮ ਰਾਜ ਸਟੈਨੋ ਨੇ ਆਖਿਆ ਕਿ ਹਿੰਦੂਤਵੀ ਫ਼ਾਸ਼ੀਵਾਦੀ ਤਾਕਤਾਂ ਪਿਛਲੇ ਲੰਮੇ ਸਮੇਂ ਤੋਂ ਮਨੁੱਖ ਦੇ ਜੀਣ-ਥੀਣ ਦੇ ਹੱਕ ਨੂੰ ਖੋਹਣ ਲਈ ਯਤਨਸ਼ੀਲ ਹਨ। ਉਨ੍ਹਾਂ ਆਖਿਆ ਕਿ ਦੇਸ਼ ਭਰ ਵਿੱਚ ਹੱਕ ਸੱਚ ਤੇ ਬਰਾਬਰੀ ਦੀ ਆਵਾਜ਼ ਬੁਲੰਦ ਕਰਨ ਵਾਲੀਆਂ ਮਾਨਵਵਾਦੀ ਤਾਕਤਾਂ ਨੂੰ ਫ਼ਾਸ਼ੀਵਾਦੀ ਢੰਗ ਤਰੀਕਿਆਂ ਨਾਲ ਰੋਕਿਆ ਜਾ ਰਿਹਾ ਹੈ। ਡਾ. ਨਰੇਂਦਰ ਦਾਭੋਲਕਰ ਦਾ ਕਤਲ ਅਜਿਹੇ ਹੀ ਯਤਨਾਂ ਦਾ ਸਿੱਟਾ ਹੈ। ਸਮਾਰੋਹ ’ਚ ਬੋਲਦਿਆਂ ਸੁਸਾਇਟੀ ਦੇ ਸੂਬਾਈ ਜਥੇਬੰਦਕ ਮੁਖੀ ਰਾਜਿੰਦਰ ਭਦੌੜ ਤੇ ਕੌਮਾਂਤਰੀ ਮਾਮਲਿਆਂ ਦੇ ਮੁਖੀ ਬਲਵਿੰਦਰ ਬਰਨਾਲਾ ਤੇ ਸਾਹਿਤ ਵਿਭਾਗ ਦੇ ਮੁਖੀ ਭੂਰਾ ਸਿੰਘ ਨੇ ਆਖਿਆ ਕਿ ਸੁਸਾਇਟੀ ਚਿੰਤਨ ਤੇ ਚੇਤਨਾ ਦੀ ਲਹਿਰ ਨਾਲ ਲੋਕਾਂਈ ਨੂੰ ਜਾਗਰੂਕ ਕਰਕੇ ਚੰਗੇਰੇ ਸਮਾਜ ਦੀ ਸਥਾਪਨਾ ਲਈ ਯਤਨਸ਼ੀਲ ਹੈ। ਤਰਕਸ਼ੀਲ ਆਗੂਆਂ ਨੇ ਕਿਹਾ ਕਿ ਮੂਲਵਾਦੀ ਤਾਕਤਾਂ ਨੂੰ ਵਿਗਿਆਨਕ ਚੇਤਨਾ ਦੇ ਪ੍ਰਚਾਰ ਪਸਾਰ ਨਾਲ ਹੀ ਮਾਤ ਦਿੱਤੀ ਜਾ ਸਕਦੀ ਹੈ। ਰਾਜ ਭਰ ਤੋਂ ਪੁੱਜੇ ਤਰਕਸ਼ੀਲਾਂ, ਬੁੱਧੀਜੀਵੀਆਂ ਤੇ ਅਗਾਂਹਵਧੂ ਲੋਕਾਂ ਨਾਲ ਭਰੇ ਪੰਡਾਲ ’ਚ ਅੰਧਵਿਸ਼ਵਾਸਾਂ ਖਿਲਾਫ਼ ਕਾਨੂੰਨ ਬਣਾਉਣ, ਡਾ. ਦਾਭ੍ਹੋਲਕਰ ਦੇ ਕਾਤਲਾਂ ਨੂੰ ਗ੍ਰਿਫ਼ਤਾਰ ਕਰਕੇ ਸਜ਼ਾਵਾਂ ਦੇਣ ਤੇ ਪੰਜਾਬ ਸਰਕਾਰ ਵੱਲੋਂ ਪਾਸ ਕੀਤੇ ਜਾਇਦਾਦ ਤੇ ਭੰਨਤੋੜ ਰੋਕੂ ਐਕਟ ਰੱਦ ਕਰਨ ਦੇ ਮਤੇ ਪਾਸ ਕੀਤੇ ਗਏ। ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਦੇਸ਼ ਭਗਤ ਯਾਦਗਾਰ ਹਾਲ ਕਮੇਟੀ ਦੀ ਸਕੱਤਰ ਸ਼੍ਰੀਮਤੀ ਰਘਬੀਰ ਕੌਰ, ਗੁਰਮੀਤ ਸਿੰਘ, ਅਮੋਲਕ ਸਿੰਘ, ਮੰਗਤ ਰਾਮ ਪਾਸਲਾ, ਬਲਵੀਰ ਚੰਦ ਲੌਂਗੋਵਾਲ, ਸੁਖਵਿੰਦਰ ਬਾਗ਼ਪੁਰ, ਸੁਖਦੇਵ ਫ਼ਗਵਾੜਾ, ਚੰਨਣ ਵਾਂਦਰ ਅਤੇ ਗੁਰਚਰਨ ਨੂਰਪੁਰ ਆਦਿ ਤਰਕਸ਼ੀਲ ਆਗੂ ਹਾਜ਼ਰ ਸਨ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਰਾਮ ਸਵਰਨ ਲੱਖੇਵਾਲੀ ਨੇ ਨਿਭਾਈ। ਸੈਮੀਨਾਰ ’ਚ ਗਿਆਨ ਪੀਠ ਐਵਾਰਡ ਜੇਤੂ ਕੰਨੜ ਲੇਖਕ ਪੀ.ਆਰ.ਆਨੰਤ ਮੂਰਤੀ ਦੇ ਦੇਹਾਂਤ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।

ਪਾਸ਼ ਉਸ ਸਾਹਿਤਕ ਰੁਝਾਨ ਦਾ ਪ੍ਰਮੁੱਖ ਕਵੀ ਸੀ, ਜਿਸ ਨੂੰ ਜੁਝਾਰ ਧਾਰਾ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਉਹ ਇਕ ਵਿਸ਼ੇਸ਼ ਵਿਦਰੋਹੀ ਸੁਰ ਅਤੇ ਨਵੇਂ ਕਾਵਿਕ ਮੁਹਾਵਰੇ ਦਾ ਜਨਮਦਾਤਾ ਸੀ। ਦੇਸ਼ ਦੀ ਪ੍ਰਾਪਤ ਰਾਜਨੀਤਕ, ਸਮਾਜਿਕ ਅਵਸਥਾ ਦੇ ਅਮਾਨਵੀ ਸਰੂਪ ਅਤੇ ਉਸਦੀਆਂ ਕਦਰਾਂ ਕੀਮਤਾਂ ਵਿਰੁੱਧ ਭਰਵਾਂ ਰੋਹ ਅਤੇ ਵਿਦਰੋਹ ਪਾਸ਼ ਦੀ ਕਵਿਤਾ ਦੇ ਪਛਾਣਚਿੰਨ੍ਹ ਹਨ। 1970ਵਿਆਂ ਦੀ ਪੰਜਾਬੀ ਕਵਿਤਾ ਦੀ ਇਕ ਪੂਰੀ ਪੀੜ੍ਹੀ ਉਪਰ ਪਾਸ਼ ਦਾ ਅਮਿੱਟ ਅਤੇ ਵਿਆਪਕ ਪ੍ਰਭਾਵ ਪਿਆ। ਜੁਝਾਰ ਧਾਰਾ ਦੀ ਇਹ ਕਵਿਤਾ, ਬਿਨਾ ਸ਼ੱਕ ਉਸ ਸਮੇਂ ਦੇ ਰਾਜਨੀਤਕ ਦ੍ਰਿਸ਼ ਉਤੇ ਭਾਰੂ ਨਕਸਲਵਾਦ ਲਹਿਰ ਦਾ ਸਾਹਿਤਕ ਪ੍ਰਗਟਾਵਾ ਸੀ। ਪਾਸ਼ ਇਸ ਧਾਰਾ ਦਾ ਪ੍ਰਮੁੱਖ ਕਵੀ ਹੀ ਨਹੀਂ ਸਗੋਂ ਮੋਢੀ ਕਵੀ ਸੀ। 9 ਸਤੰਬਰ ਨੂੰ ਪਾਸ਼ ਦੇ ਜਨਮ ਦਿਨ ਤੇ ਉਸ ਨੂੰ ਯਾਦ ਕਰਦਿਆਂ, ਪੇਸ਼ ਨੇ ਉਸਦੀਆਂ ਕੁਝ ਕਵਿਤਾਵਾਂ – ਸੰਪਾਦਕ ਮੰਡਲ



## ਸੱਚ

ਤੁਸਾਂ ਦੇ ਮੰਨਣ ਜਾਂ ਨਾ ਮੰਨਣ ਵਿਚ,
ਸੱਚ ਨੂੰ ਕੋਈ ਫ਼ਰਕ ਨਹੀਂ ਪੈਂਦਾ।
ਇਨ੍ਹਾਂ ਦੁਖਦੇ ਅੰਗਾਂ ਤੇ ਸੱਚ ਨੇ ਇਕ ਜੂਨ ਭੋਗੀ ਹੈ।
ਤੇ ਹਰ ਸੱਚ ਜੂਨ ਭੋਗਣ ਬਾਅਦ,
ਯੁੱਗ ਵਿਚ ਬਦਲ ਜਾਂਦਾ ਹੈ,
ਤੇ ਇਹ ਯੁੱਗ ਹੁਣ ਖੇਤਾਂ ਤੇ ਮਿੱਲਾਂ ਵਿਚ ਹੀ ਨਹੀਂ,
ਫੌਜਾਂ ਦੀਆਂ ਕਤਾਰਾਂ ਵਿਚ ਵਿਚਰ ਰਿਹਾ ਹੈ।
ਕੱਲ੍ਹ ਜਦ ਇਹ ਯੁੱਗ,
ਲਾਲ ਕਿਲ੍ਹੇ ਉਪਰ ਸਿੱਟਿਆਂ ਦਾ ਤਾਜ ਪਹਿਨੀ,
ਸਮੇਂ ਦੀ ਸਲਾਮੀ ਲਏਗਾ,
ਤਾਂ ਤੁਸਾਂ ਨੂੰ ਸੱਚ ਦੇ ਅਸਲ ਅਰਥ ਸਮਝ ਆਵਣਗੇ।
ਹੁਣ ਸਾਡੀ ਉੱਪਦਰੀ ਜ਼ਾਤ ਨੂੰ,
ਇਸ ਯੁੱਗ ਦੀ ਫ਼ਿਤਰਤ ਤਾਂ ਭਾਵੇਂ ਆਖ ਸਕਦੇ ਹੋ;
ਇਹ ਕਹਿ ਛੱਡਣਾ,
ਕਿ ਝੁੱਗੀਆਂ 'ਚ ਪਸਰਿਆ ਸੱਚ,
ਕੋਈ ਸ਼ੈਅ ਨਹੀ!
ਕੇਡਾ ਕੁ ਸੱਚ ਹੈ?
ਤੁਸਾਂ ਦੇ ਮੰਨਣ ਜਾਂ ਨਾ ਮੰਨਣ ਵਿਚ,
ਸੱਚ ਨੂੰ ਕੋਈ ਫ਼ਰਕ ਨਹੀਂ ਪੈਂਦਾ।

## ਖੁੱਲ੍ਹੀ ਚਿੱਠੀ

ਮਸ਼ੂਕਾਂ ਨੂੰ ਖ਼ਤ ਲਿਖਣ ਵਾਲਿਓ।
ਜੇ ਤੁਹਾਡੀ ਕਲਮ ਦੀ ਨੋਕ ਬਾਂਝ ਹੈ
ਤਾਂ ਕਾਗਜ਼ਾਂ ਦਾ ਗਰਭਪਾਤ ਨਾ ਕਰੋ।
ਤਾਰਿਆਂ ਵੱਲ ਤੱਕ ਕੇ ਕ੍ਰਾਂਤੀ ਲਿਆਉਣ ਦੀ
ਨਸੀਹਤ ਦੇਣ ਵਾਲਿਓ।
ਕ੍ਰਾਂਤੀ, ਜਦ ਆਈ ਤਾਂ
ਤੁਹਾਨੂੰ ਵੀ ਤਾਰੇ ਦਿਖਾ ਦਏਗੀ।
ਬੰਦੂਕਾਂ ਵਾਲਿਓ!
ਜਾਂ ਤਾਂ ਬੰਦੂਕ ਦਾ ਮੂੰਹ ਦੁਸ਼ਮਣ ਵੱਲ ਕਰ ਦਿਓ
ਤੇ ਜਾਂ ਆਪਣੇ ਆਪ ਵੱਲ
ਕ੍ਰਾਂਤੀ ਕੋਈ ਦਾਅਵਤ ਨਹੀਂ ਨੁਮਾਇਸ਼ ਨਹੀਂ
ਮੈਦਾਨ ਵਿਚ ਵਗਦਾ ਦਰਿਆ ਨਹੀਂ
ਵਰਗਾਂ ਦਾ, ਰੁਚੀਆਂ ਦਾ ਦਰਿੰਦਰਾਨਾ ਭਿੜਨਾ ਹੈ
ਮਾਰਨਾ ਹੈ, ਮਰਨਾ ਹੈ
ਤੇ ਮੌਤ ਨੂੰ ਖਤਮ ਕਰਨਾ ਹੈ।
ਅੱਜ ਵਾਰਸ਼ ਸ਼ਾਹ ਦੀ ਲਾਸ਼
ਕੰਡਿਆਲੀ ਥੋਹਰ ਬਣ ਕੇ
ਸਮਾਜ ਦੇ ਪਿੰਡੇ 'ਤੇ ਉੱਗ ਆਈ ਹੈ-
ਉਸ ਨੂੰ ਕਹੋ ਕਿ
ਇਹ ਯੁੱਗ ਵਾਰਸ ਦਾ ਯੁੱਗ ਨਹੀਂ
ਵੀਅਤਨਾਮ ਦਾ ਯੁੱਗ ਹੈ
ਹਰ ਖੇੜੇ ਵਿਚ ਹੱਕਾਂ ਦੇ ਸੰਗਰਾਮ ਦਾ ਯੁੱਗ ਹੈ।

## ਉਡਦਿਆਂ ਬਾਜ਼ਾਂ ਮਗਰ

ਉਡ ਗਏ ਹਨ ਬਾਜ਼ ਚੁੰਝਾਂ 'ਚ ਲੈ ਕੇ
ਸਾਡੀ ਚੈਨ ਦਾ ਇਕ ਪਲ ਬਿਤਾ ਸਕਣ ਦੀ ਖਾਹਿਸ਼
ਦੋਸਤੋ ਹੁਣ ਚੱਲਿਆ ਜਾਵੇ
ਉਡਦਿਆਂ ਬਾਜ਼ਾਂ ਮਗਰ...

ਏਥੇ ਤਾਂ ਪਤਾ ਨਹੀਂ ਕਦੋਂ ਆ ਧਮਕਣ
ਲਾਲ-ਪਗੜੀਆਂ ਵਾਲੇ ਆਲੋਚਕ
ਤੇ ਸ਼ੁਰੂ ਕਰ ਦੇਣ
ਕਵਿਤਾ ਦੀ ਦਾਦ ਦੇਣੀ
ਏਸ ਤੋਂ ਪਹਿਲਾਂ
ਕਿ ਪਸਰ ਜਾਏ ਥਾਣੇ ਦੀ ਨਿੱਤ ਫ਼ੈਲਦੀ ਇਮਾਰਤ
ਤੁਹਾਡੇ ਪਿੰਡ, ਤੁਹਾਡੇ ਟੱਬਰ ਤੀਕ
ਤੇ ਨੱਥੀ ਹੋ ਜਾਏ
ਸਵੈਮਾਣ ਦਾ ਕੰਬਦਾ ਹੋਇਆ ਵਰਕਾ
ਉਸ ਕਿਰਚ-ਮੂੰਹੇ ਮੁਨਸ਼ੀ ਦੇ ਰੋਜ਼ਨਾਮਚੇ ਵਿਚ-
ਦੋਸਤੋ ਹੁਣ ਚੱਲਿਆ ਜਾਵੇ
ਉਡਦਿਆਂ ਬਾਜ਼ਾਂ ਮਗਰ....

ਇਹ ਤਾਂ ਸਾਰੀ ਉਮਰ ਨਹੀਂ ਲੱਥਣਾ,
ਭੈਣਾਂ ਦੇ ਵਿਆਹਾਂ ਉਤੇ ਚੁੱਕਿਆ ਕਰਜ਼ਾ,
ਪੈਲੀਆਂ ਵਿਚ ਛਿੜਕੇ ਹੋਏ ਲਹੂ ਦਾ
ਹਰ ਕਤਰਾ ਵੀ ਇਕੱਠਾ ਕਰਕੇ
ਏਨਾ ਰੰਗ ਨਹੀਂ ਬਣਨਾ,
ਕਿ ਚਿਤਰ ਲਵਾਂਗੇ, ਇਕ ਸ਼ਾਂਤ
ਮੁਸਕਰਾਉਂਦੇ ਹੋਏ ਜਣੇ ਦਾ ਚਿਹਰਾ
ਅਤੇ ਹੋਰ
ਕਿ ਜ਼ਿੰਦਗੀ ਦੀਆਂ ਪੂਰੀਆਂ ਰਾਤਾਂ ਵੀ ਗਿਣੀ ਚੱਲੀਏ
ਤਾਰਿਆਂ ਦੀ ਗਿਣਤੀ ਨਹੀਂ ਹੋਣੀ
ਕਿਉਂਕਿ ਹੋ ਨਹੀਂ ਸਕਣਾ ਇਹ ਸਭ
ਫਿਰ ਦੋਸਤੋ, ਹੁਣ ਚਲਿਆ ਜਾਵੇ
ਉਡਦਿਆਂ ਬਾਜ਼ਾਂ ਮਗਰੋ...

ਜੇ ਤੁਸੀਂ ਮਾਣੀ ਹੋਵੇ
ਗੰਡ 'ਚ ਜੰਮਦੇ ਤੱਤੇ ਗੁੜ ਦੀ ਮਹਿਕ
ਅਤੇ ਤੱਕਿਆ ਹੋਵੇ
ਸੁਹਾਗੀ ਹੋਈ ਵੱਤਰ ਭੋਂ ਦਾ
ਚੰਨ ਦੀ ਚਾਨਣੀ 'ਚ ਚਮਕਣਾ
ਤਾਂ ਤੁਸੀਂ ਸਭ ਜ਼ਰੂਰ ਕੋਈ ਚਾਰਾ ਕਰੋ
ਹਾਬੜੀ ਹੋਈ ਵੋਟ ਦੀ ਉਸ ਪਰਚੀ ਦਾ
ਜੋ ਲਾਲਾਂ ਸੁੱਟ ਰਹੀ ਹੈ
ਸਾਡਿਆਂ ਖੂਹਾਂ ਦੀ ਹਰਿਆਵਲ 'ਤੇ
ਜਿਨ੍ਹਾਂ ਨੇ ਤੱਕੀਆਂ ਹਨ
ਕੋਠਿਆਂ 'ਤੇ ਸੁੱਕਦੀਆਂ ਸੁਨਹਿਰੀ ਛੱਲੀਆਂ
ਤੇ ਨਹੀਂ ਤੱਕੇ
ਮੰਡੀ 'ਚ ਸੁੱਕਦੇ ਭਾਅ
ਉਹ ਕਦੇ ਨਹੀਂ ਸਮਝ ਸਕਣ ਲੱਗੇ
ਕਿ ਕਿਵੇਂ ਦੁਸ਼ਮਣੀ ਹੈ-
ਦਿੱਲੀ ਦੀ ਉਸ ਹੁਕਮਰਾਨ ਔਰਤ ਦੀ
ਉਸ ਪੈਰੋਂ ਨੰਗੀ ਪਿੰਡ ਦੀ ਸੋਹਣੀ ਕੁੜੀ ਨਾਲ।
ਸੁਰੰਗ ਵਰਗੀ ਜ਼ਿੰਦਗੀ ਵਿਚ ਤੁਰਦੇ ਹੋਏ
ਜਦ ਪਰਤ ਆਉਂਦੀ ਹੈ
ਆਪਣੀ ਆਵਾਜ਼ ਮੁੜ ਆਪਣੇ ਹੀ ਪਾਸ
ਤੇ ਅੱਖਾਂ 'ਚ ਰੜਕਦੇ ਰਹਿੰਦੇ
ਬੁੱਢੇ ਬਲਦ ਦੇ ਉੱਚੜੇ ਹੋਏ ਕੰਨ੍ਹੇ ਵਰਗੇ ਸੁਫ਼ਨੇ
ਜਦ ਚਿਮਟ ਜਾਵੇ ਗਲੀਆਂ ਦਾ ਚਿੱਕੜ
ਉਮਰ ਦੇ ਸਭ ਤੋਂ ਹੁਸੀਨ ਵਰ੍ਹਿਆਂ 'ਤੇ
ਤਾਂ ਕਰਨ ਨੂੰ ਬੱਸ ਏਹੋ ਬਚਦਾ ਹੈ
ਕਿ ਚੱਲਿਆ ਜਾਵੇ
ਉਡਦਿਆਂ ਬਾਜ਼ਾਂ ਮਗਰ....

## ਅਸੀਂ ਲੜਾਂਗੇ ਸਾਥੀ

ਅਸੀਂ ਲੜਾਂਗੇ ਸਾਥੀ, ਉਦਾਸ ਮੌਸਮ ਲਈ
ਅਸੀਂ ਲੜਾਂਗੇ, ਸਾਥੀ ਗੁਲਾਮ ਸੱਧਰਾਂ ਲਈ
ਅਸੀਂ ਚੁਣਾਂਗੇ ਸਾਥੀ ਜ਼ਿੰਦਗੀ ਦੇ ਟੁਕੜੇ

ਹਥੌੜਾ ਹੁਣ ਵੀ ਚਲਦਾ ਹੈ, ਉਦਾਸ ਅਹਿਰਨ 'ਤੇ
ਸਿਆੜ ਹੁਣ ਵੀ ਵਗਦੇ ਨੇ, ਚੀਕਣੀ ਧਰਤੀ 'ਤੇ
ਇਹ ਕੰਮ ਸਾਡਾ ਨਹੀਂ ਬਣਦਾ ਸਵਾਲ ਨੱਚਦਾ ਹੈ
ਸਵਾਲ ਦੇ ਮੋਢਾਂ 'ਤੇ ਚੜ੍ਹ ਕੇ
ਅਸੀਂ ਲੜਾਂਗੇ ਸਾਥੀ
ਕਤਲ ਹੋਏ ਜਜ਼ਬਿਆਂ ਦੀ ਕਸਮ ਖਾ ਕੇ
ਬੁਝੀਆਂ ਹੋਈਆਂ ਨਜ਼ਰਾਂ ਦੀ ਕਸਮ ਖਾ ਕੇ
ਹੱਥਾਂ 'ਤੇ ਪਏ ਰੱਟਣਾਂ ਦੀ ਕਸਮ ਖਾ ਕੇ
ਅਸੀਂ ਲੜਾਂਗੇ ਸਾਥੀ

ਅਸੀਂ ਲੜਾਂਗੇ ਤਦ ਤਕ
ਕਿ ਵੀਰੂ ਬੱਕਰੀਆਂ ਵਾਲਾ ਜਦੋਂ ਤੱਕ
ਬੱਕਰੀਆਂ ਦਾ ਮੂਤ ਪੀਂਦਾ ਹੈ
ਖਿੜੇ ਹੋਏ ਸਰ੍ਹੋਂ ਦੇ ਫੁੱਲਾਂ ਨੂੰ
ਜਦੋਂ ਤੱਕ ਵਾਹੁਣ ਵਾਲੇ ਆਪ ਨਹੀਂ ਸੁੰਘਦੇ
ਕਿ ਸੁੱਜੀਆਂ ਅੱਖੀਆਂ ਵਾਲੀ
ਪਿੰਡ ਦੀ ਅਧਿਆਪਕਾ ਦਾ ਪਤੀ ਜਦੋਂ ਤੱਕ
ਜੰਗ 'ਚੋਂ ਪਰਤ ਨਹੀਂ ਆਉਂਦਾ
ਜਦੋਂ ਤੱਕ ਪੁਲਿਸ ਦੇ ਸਿਪਾਹੀ
ਆਪਣੇ ਹੀ ਭਰਾਵਾਂ ਦਾ ਗਲਾ ਘੁੱਟਣ 'ਤੇ ਬਾਧਕ ਹਨ
ਕਿ ਬਾਬੂ ਦਫ਼ਤਰਾਂ ਵਾਲੇ
ਜਦੋਂ ਤੱਕ ਲਹੂ ਦੇ ਨਾਲ ਹਰਫ਼ ਪਾਉਂਦੇ ਹਨ....
ਅਸੀਂ ਲੜਾਂਗੇ ਜਦ ਤੱਕ
ਦੁਨੀਆ 'ਚ ਲੜਨ ਦੀ ਲੋੜ ਬਾਕੀ ਹੈ...

ਜਦੋਂ ਬੰਦੂਕ ਨਾ ਹੋਈ, ਉਦੋਂ ਤਲਵਾਰ ਹੋਵੇਗੀ
ਜਦੋਂ ਤਲਵਾਰ ਨਾ ਹੋਈ, ਲੜਨ ਦੀ ਲਗਨ ਹੋਵੇਗੀ
ਲੜਨ ਦੀ ਜਾਚ ਨਾ ਹੋਈ, ਲੜਨ ਦੀ ਲੋੜ ਹੋਵੇਗੀ।
ਤੇ ਅਸੀਂ ਲੜਾਂਗੇ ਸਾਥੀ...
ਅਸੀਂ ਲੜਾਂਗੇ
ਕਿ ਲੜਨ ਬਾਝੋਂ ਕੁਝ ਵੀ ਨਹੀਂ ਮਿਲਦਾ
ਅਸੀਂ ਲੜਾਂਗੇ
ਕਿ ਹਾਲੇ ਤੱਕ ਲੜੇ ਕਿਉਂ ਨਹੀਂ
ਅਸੀਂ ਲੜਾਂਗੇ
ਆਪਨੀ ਸਜ਼ਾ ਕਬੂਲਣ ਲਈ
ਲੜ ਕੇ ਮਰ ਚੁੱਕਿਆਂ ਦੀ ਯਾਦ ਜ਼ਿੰਦਾ ਰੱਖਣ ਲਈ
ਅਸੀਂ ਲੜਾਂਗੇ ਸਾਥੀ...

## ਦਰੋਣਾਚਾਰੀਆ ਦੇ ਨਾਂ

ਮੇਰੇ ਗੁਰਦੇਵ! ਜੇ ਓਦੋਂ ਹੀ ਤੁਸੀਂ ਇਕ ਭੀਲ ਬੱਚਾ ਸਮਝ ਕੇ
ਮੇਰਾ ਅੰਗੂਠਾ ਕੱਟ ਦਿੰਦੇ
ਤਾਂ ਕਹਾਣੀ ਹੋਰ ਸੀ....

ਪਰ ਐਨ. ਸੀ. ਸੀ. ਵਿਚ
ਤੁਸਾਂ ਬੰਦੂਕ ਚੁੱਕਣ ਦਾ ਨੁਕਤਾ ਤਾਂ ਆਪ ਦੱਸਿਆ ਸੀ
ਕਿ ਆਪਣੇ ਦੇਸ਼ ਦੇ ਉਤੇ
ਜਦੋਂ ਕੋਈ ਭੀੜ ਬਣ ਜਾਵੇ
ਤਾਂ ਕੀਕਣ ਟਾਰਗਿਟ ਦੁਸ਼ਮਣ ਨੂੰ ਧਾਰ ਕੇ
ਤੇ ਘੋੜਾ ਨੱਪ ਦੇਣਾ ਹੈ-

ਹੁਣ ਜਦੋਂ ਦੇਸ਼ ਉਤੇ ਭੀੜ ਆਈ ਹੈ
ਮੇਰੇ ਗੁਰਦੇਵ!
ਆਪੂੰ ਹੀ ਤੁਸੀਂ ਦਰਯੋਧਨਾਂ ਸੰਗ ਜਾ ਖਲੋਤੇ ਹੋ
ਪਰ ਹੁਣ ਤੁਹਾਡਾ ਚੱਕਰ-ਵਯੂਹ
ਕਿਧਰੇ ਵੀ ਕਾਰਗਰ ਨਹੀਂ ਹੋਣਾ
ਤੇ ਪਹਿਲੇ ਵਾਰ ਅੰਦਰ ਹੀ
ਹਰ ਘਣਚੱਕਰ ਦਾ
ਚੁਰਾਸੀ-ਚੱਕਰ ਕੱਟਿਆ ਜਾਵੇਗਾ
ਹਾਂ, ਜੇ ਬਾਲ ਉਮਰੇ ਹੀ, ਤੁਸੀਂ ਇਕ ਭੀਲ ਬੱਚਾ ਸਮਝ ਕੇ
ਮੇਰਾ ਅੰਗੂਠਾ ਕੱਟ ਦਿੰਦੇ ਤਾਂ ਕਹਾਣੀ ਹੋਰ ਸੀ....

## ਗੀਤ

ਪੈਰਾਂ ਦੀਏ ਮਿੱਟੀਏ, ਪਹਾੜ ਬਣ ਜਾਈਂ
ਕੱਖਾਂ ਦੀਏ ਕੁੱਲੀਏ ਮੀਨਾਰ ਬਣ ਜਾਈਂ
ਆਪਨੀ ਕਮਾਈ ਸਾਂਭ ਰੱਖ ਨੀ
ਕਿਰਤੀ ਦੀਏ ਕੁੱਲੀਏ....
ਲੱਖ ਲੱਖ ਦਾ ਏ ਤੇਰਾ ਕੱਖ ਨੀ
ਕਿਰਤੀ ਦੀਏ ਕੁੱਲੀਏ

ਜੁੱਗਾਂ ਦੀ ਉਸਾਰੀ ਤੇਰੇ ਕੱਖਾਂ ਵਿਚ ਖੋਲ੍ਹਦੀ
ਸਦੀਆਂ ਤੋਂ ਆਈ ਏਂ ਗੁਲਾਮੀਆਂ ਨੂੰ ਝੇਲਦੀ
ਹੋ ਜਾ ਹੁਸ਼ਿਆਰ, ਬਾਹਰ ਆਈ ਏ ਬਹਾਰ
ਹੁਣ ਮੇਲਾ ਅੰਬਰਾਂ ਦੇ ਨਾਲ ਅੱਖ ਨੀ
ਕਿਰਤੀ ਦੀਏ ਕੁੱਲੀਏ...

ਉਠ ਤੇਰੇ ਵਾਰਸਾਂ ਦਾ ਆ ਗਿਆ ਜ਼ਮਾਨਾ ਨੀ
ਪੌਣਾਂ ਵਿਚ ਗੂੰਜਿਆ ਅਜ਼ਾਦੀ ਦਾ ਤਰਾਨਾ ਨੀ
ਲੋਕਾਂ ਚੁੱਕੇ ਹਥਿਆਰ, ਅੱਜ ਬੰਨ੍ਹ ਕੇ ਕਤਾਰ
ਲੈਣੀ ਵੈਰੀਆਂ ਦੀ ਧਾੜ ਉਨ੍ਹਾਂ ਡੱਕ ਨੀ
ਕਿਰਤੀ ਦੀਏ ਕੁੱਲੀਏ....

ਕਈ ਤੇਰੇ ਵਾਰਸਾਂ ਨੇ ਦਿੱਤੀ ਜਿੰਦ ਵਾਰ ਨੀ
ਜਿਹੜੇ ਰਾਹੇ ਗਿਆ ਸੀ ਸਰਾਭਾ ਕਰਤਾਰ ਨੀ
ਓਹੀਓ ਫੜ ਲਿਆ ਰਾਹ, ਸਾਰੀ ਦੁਨੀਆ ਗਵਾਹ
ਕੋਈ ਹਾਕਮਾਂ ਤੋਂ ਪੁੱਛ ਲਏ ਬੇਸ਼ੱਕ ਨੀ
ਕਿਰਤੀ ਦੀਏ ਕੁੱਲੀਏ....

ਕੱਲ੍ਹ ਬਾਬਾ ਬੁੱਢਾ ਇਕ ਮਾਰਿਆ ਪੁਲਿਸ ਨੇ
ਹਿੱਕ ਵਿਚ ਗੋਲੀ ਖਾਧੀ ਬਾਬੂ ਤੇ ਦਲੀਪ ਨੇ
ਪੂਰੀ ਕੀਤੀ ਏ ਰਸਮ ਦਇਆ ਸਿੰਘ ਦੀ ਕਸਮ
ਗੱਲ ਰਹੀ ਨਾ ਹਕੂਮਤਾਂ ਦੇ ਵੱਸ ਨੀ
ਕਿਰਤੀ ਦਈਏ ਕੁੱਲੀਏ...

ਜੁੱਗਾਂ ਤੱਕ ਰਹਿਣੇ ਏਹੋ ਸਾਕੇ ਮਸ਼ਹੂਰ ਨੀ
ਲਿਖੇ ਇਤਿਹਾਸ ਜਿਹੜੇ ਪਿੰਡ ਦਦਾਹੂਰ ਨੀ
ਬਾਜਾਂ ਵਾਲੇ ਦੀ ਕਟਾਰ, ਅੱਜ ਰਹੀ ਲਲਕਾਰ
ਉਹਨੇ ਵੱਢ ਵੱਢ ਦੇਣੇ ਵੈਰੀ ਰੱਖ ਨੀ
ਕਿਰਤੀ ਦੀਏ ਕੁੱਲੀਏ....

ਝੁੱਗੀਏ ਨੀ ਹੁਣ ਪਾਸਬਾਨ ਤੇਰੇ ਜਾਗ ਪਏ
ਜਾਗੇ ਤੇਰੇ ਖੇਤ ਤੇ ਕਿਸਾਨ ਤੇਰੇ ਜਾਗ ਪਏ
ਖੋਲ੍ਹੀ ਅੱਖ ਮਜ਼ਦੂਰ, ਹਾਲੀ ਜਾਣਾ ਬੜੀ ਦੂਰ
ਉਹਨੇ ਖੋਹਣਾ ਅਜੇ ਜਾਬਰਾਂ ਤੋਂ ਹੱਕ ਨੀ
ਕਿਰਤੀ ਦੀਏ ਕੁੱਲੀਏ...

ਪੈਰਾਂ ਦੀਏ ਮਿੱਟੀਏ ਪਹਾੜ ਬਣ ਜਾਈਂ
ਕੱਖਾਂ ਦੀਏ ਕੁੱਲੀ ਮੀਨਾਰ ਬਣ ਜਾਈਂ
ਆਪਨੀ ਕਮਾਈ ਸਾਂਭ ਰੱਖ ਨੀ
ਕਿਰਤੀ ਦੀਏ ਕੁੱਲੀਏ...
ਲੱਖ ਲੱਖ ਦਾ ਏ ਤੇਰਾ ਕੱਖ ਨੀ
ਕਿਰਤੀ ਦੀਏ ਕੁੱਲੀਏ...

## ਇਨਕਾਰ

ਮੇਰੇ ਤੋਂ ਆਸ ਨ ਕਰਿਓ ਕਿ ਮੈਂ ਖੇਤਾਂ ਦਾ ਪੁੱਤ ਹੋ ਕੇ
ਤੁਹਾਡੇ ਚਗਲੇ ਹੋਏ ਸਵਾਦਾਂ ਦੀ ਗੱਲ ਕਰਾਂਗਾ
ਜਿਨ੍ਹਾਂ ਦੇ ਹੜ੍ਹ 'ਚ ਰੁੜ੍ਹ ਜਾਂਦੀ ਹੈ
ਸਾਡੇ ਬੱਚਿਆਂ ਦੀ ਤੋਤਲੀ ਕਵਿਤਾ
ਤੇ ਸਾਡੀਆਂ ਧੀਆਂ ਦਾ ਕੰਜਕ ਜਿਹਾ ਹਾਸਾ

ਮੈਂ ਤਾਂ ਜਦ ਵੀ ਕੀਤੀ-ਖਾਦ ਦੇ ਘਾਟੇ
ਕਿਸੇ ਗਰੀਬੜੀ ਦੀ ਹਿੱਕ ਵਾਂਗੂ ਪਿਚਕ ਗਏ
ਗੰਨਿਆਂ ਦੀ ਗੱਲ ਹੀ ਕਰਾਂਗਾ
ਮੈਂ ਦਲਾਨ ਦੇ ਖੂੰਜੇ 'ਚ ਪਈ ਸੌਣੀ ਦੀ ਫਸਲ

ਤੇ ਦਲਾਨ ਦੇ ਬੂਹੇ 'ਤੇ ਖੜੇ
ਸਿਆਲ ਦੀ ਹੀ ਗੱਲ ਕਰਾਂਗਾ।
ਮੇਰੇ ਤੋਂ ਆਸ ਨ ਕਰਿਓ ਕਿ
ਮੈਂ ਸਰਦੀ ਦੀ ਰੁੱਤ ਖਿੜਣ ਵਾਲੇ
ਫੁੱਲਾਂ ਦੀਆਂ ਕਿਸਮਾਂ ਦੇ ਨਾਂ 'ਤੇ
ਪਿੰਡ ਦੀਆਂ ਕੁੜੀਆਂ ਦੇ ਨਾਂ ਕੁਨਾ ਧਰਾਂਗਾ

ਮੈਂ ਬੈਂਕ ਦੇ ਸੈਕਟਰੀ ਦੀ ਖਚਰੀਆਂ ਮੁੱਛਾਂ
ਸਰਪੰਚ ਦੀ ਥਾਣੇ ਤੱਕ ਲੰਮੀ ਪੂਛ ਦੀ
ਤੇ ਉਸ ਪੂਰੇ ਚਿੜੀਆਂ ਘਰ ਦੀ
ਜੋ ਮੈਂ ਆਪਣੀ ਹਿੱਕ ਉੱਤੇ ਪਾਲ ਰੱਖਿਆ ਹੈ
ਜਾਂ ਉਸ ਅਜਾਇਬ ਘਰ ਦੀ
ਜੋ ਮੈਂ ਆਪਣੀ ਹਿੱਕ ਅੰਦਰ ਸਾਂਭ ਰੱਖਿਆ ਹੈ
ਜਾਂ ਏਦਾਂ ਦੀ ਹੀ ਕੋਈ ਕਰੜ ਬਰੜੀ ਗੱਲ ਕਰਾਂਗਾ
ਮੇਰੇ ਲਈ ਦਿਲ ਤਾਂ ਬੱਸ ਇਕ ਪਾਨ ਦੇ ਪੱਤੇ ਵਰਗਾ ਲੋਥੜਾ ਹੈ
ਮੇਰੇ ਲਈ ਹੁਸਨ ਕੋਈ ਮੱਕੀ ਦੀ ਲੂਣ
ਭੁੱਕੀ ਹੋਈ ਰੋਟੀ ਜਿਹੀ ਲੱਜ਼ਤ ਹੈ
ਮੇਰੇ ਲਈ ਜ਼ਿੰਦਗੀ ਘਰ ਦੀ ਸ਼ਰਾਬ ਵਾਂਗ
ਲੁਕ ਲੁਕ ਪੀਣ ਦੀ ਕੋਈ ਸੈਅ ਹੈ
ਮੇਰੇ ਤੋਂ ਆਸ ਨਾ ਕਰਿਓ ਕਿ ਮੈਂ ਖ਼ਰਗੋਸ਼ ਵਾਂਗ
ਰੋਹੀਆਂ ਦੀ ਕੂਲੀ ਮਹਿਕ ਨੂੰ ਪੋਲੇ ਜਹੇ ਸੁੰਘਾ
ਮੈਂ ਹਰ ਕਾਸੇ ਨੂੰ ਜੋਤਾ ਲੱਗੇ ਹੋਏ ਬਲਦਾਂ ਦੇ ਵਾਂਗ
ਖੁਰਲੀ ਉੱਤੇ ਸਿੱਧਾ ਹੋ ਕੇ ਟੱਕਰਿਆ ਹਾਂ

ਮੈਂ ਜੱਟਾਂ ਦੇ ਸਾਧ ਹੋਵਣ ਤੋਂ ਉਰ੍ਹਾਂ ਦਾ ਸਫ਼ਰ ਹਾਂ
ਮੈਂ ਬੁੱਢੇ ਮੋਚੀ ਦੀ ਗੁੰਮੀ ਹੋਈ ਐਂਖਾਂ ਦੀ ਲੋਅ ਹਾਂ
ਮੈਂ ਟੁੰਡੇ ਹੌਲਦਾਰ ਦੇ ਸੱਜੇ ਹੱਥ ਦੀ ਯਾਦ ਹਾਂ ਕੇਵਲ
ਮੈਂ ਪਿੰਡੇ ਵਕਤ ਦੇ, ਚੱਪਾ ਸਦੀ ਦਾ ਦਾਗ਼ ਹਾਂ ਕੇਵਲ
ਤੇ ਮੇਰੀ ਕਲਪਨਾ, ਉਸ ਲੁਹਾਰ ਦੇ ਥਾਂ ਥਾਂ ਤੋਂ ਲੂਸੇ ਮਾਸ ਵਰਗੀ ਹੈ
ਜੋ ਬੇਰਹਿਮ ਅਸਮਾਨ ਤੇ ਖਿਝਿਆ ਰਹੇ, ਇਕ ਹਵਾ ਦੇ ਬੁੱਲ੍ਹੇ ਲਈ
ਜੀਹਦੇ ਹੱਥ ਵਿਚਲਾ ਚਊ ਦਾ ਫਾਲਾ
ਕਦੀ ਤਲਵਾਰ ਬਣ ਜਾਵੇ, ਕਦੀ ਬੱਸ ਪੱਠਿਆਂ ਦੀ ਪੰਡ ਰਹਿ ਜਾਵੇ
ਮੈਂ ਹੁਣੇ ਤੁਹਾਡੇ ਲਈ ਕਿਸੇ ਹਰਮੋਨੀਅਮ ਦਾ ਪੱਖਾ ਨਹੀਂ ਹੋ ਸਕਦਾ
ਮੈਂ ਭਾਂਡੇ ਮਾਂਜਦੀ ਸ਼ੀਰੀ ਦੀਆਂ ਉਂਗਲਾਂ 'ਚੋਂ ਸਿੰਮਦਾ ਰਾਗ ਹਾਂ ਕੇਵਲ
ਮੇਰੇ ਕੋਲ ਸੂਰਜ ਦੀ ਉਸ ਸੁਪਨ ਸੀਮਾ ਤੋਂ ਉਰ੍ਹੇ
ਹਾਲਾਂ ਕਰਨ ਨੂੰ ਬਹੁਤ ਗੱਲਾਂ ਹਨ
ਅਜੇ ਮੈਂ ਧਰਤ ਤੇ ਛਾਈ
ਕਿਸੇ ਸੀਰੀ ਦੇ ਕਾਲੇ-ਸ਼ਾਹ ਬੁੱਲ੍ਹਾਂ ਜਹੀ
ਰਾਤ ਦੀ ਹੀ ਗੱਲ ਕਰਾਂਗਾ
ਉਸ ਇਤਿਹਾਸ ਦੀ
ਜੋ ਮੇਰੇ ਬਾਪ ਦੇ ਧੁੱਪ ਨਾਲ ਲੂਸੇ ਮੌਰਾਂ ਉੱਤੇ ਉੱਕਰਿਆ ਹੈ
ਜਾਂ ਆਪਣੀ ਮਾਂ ਦੇ ਪੈਰੀ ਪਾਟੀਆਂ ਬਿਆਈਆਂ ਦੇ
ਭੂਗੋਲ ਦੀ ਹੀ ਗੱਲ ਕਰਾਂਗਾ
ਮੇਰੇ ਤੋਂ ਆਸ ਨਾ ਕਰਿਓ ਕਿ ਮੈਂ ਖੇਤਾਂ ਦਾ ਪੁੱਤ ਹੋ ਕੇ
ਤੁਹਾਡੇ ਚਗਲੇ ਹੋਏ ਸਵਾਦਾਂ ਦੀ ਕੋਈ ਗੱਲ ਕਰਾਂਗਾ
ਜਿਨ੍ਹਾਂ ਦੇ ਹੜ੍ਹ 'ਚ ਰੁੜ੍ਹ ਜਾਂਦੀ ਹੈ ਸਾਡੇ ਬੱਚਿਆਂ ਦੀ ਤੋਤਲੀ ਕਵਿਤਾ
ਤੇ ਸਾਡੀਆਂ ਧੀਆਂ ਦਾ ਕੰਜਕ ਜਿਹਾ ਹਾਸਾ

## ਚਿੜੀਆਂ ਦਾ ਚੰਬਾ

ਚਿੜੀਆਂ ਦਾ ਚੰਬਾ ਉੱਡ ਕੇ ਕਿਤੇ ਨਹੀਂ ਜਾਵੇਗਾ
ਐਥੇ ਹੀ ਕਿਤੇ ਉਰੇ ਪਰੇ ਬੰਨ੍ਹਿਆਂ ਤੋਂ ਘਾਹ ਖੋਤੇਗਾ,
ਰੁੱਖੀਆਂ ਮਿੱਸੀਆਂ ਰੋਟੀਆਂ ਢੋਇਆ ਕਰੇਗਾ
ਤੇ ਮੈਲੀਆਂ ਚੁੰਨੀਆਂ ਭਿਉਂ ਕੇ
ਲੋਆਂ ਨਾਲ ਲੂਸੇ ਚਿਹਰਿਆਂ ਤੇ ਫੇਰੇਗਾ।

ਚਿੜੀਆਂ ਦਾ ਚੰਬਾ ਉੱਡ ਕੇ ਕਿਤੇ ਨਹੀਂ ਜਾਵੇਗਾ
ਐਥੇ ਹੀ ਕਿਤੇ ਉਰੇ ਪਰੇ ਲੁਕ ਕੇ
ਕਲਮ ਕੱਲਿਆਂ ਰੋਇਆ ਕਰੇਗਾ
ਸਰਾਪੇ ਜੋਬਨਾਂ ਦੇ ਮਰਸੀਏ ਗਾਇਆ ਕਰੇਗਾ।

ਚਿੜੀਆਂ ਦੇ ਚੰਬੇ ਨੂੰ ਭੋਰਾ ਵੀ ਖ਼ਬਰ ਨਾ ਹੋਵੇਗੀ
ਅਚਾਨਕ ਕਿਤਿਉਂ ਲੋਹੇ ਦੀਆਂ ਚੁੰਝਾਂ ਦਾ ਜਾਲ
ਉਸ ਜੋਗੇ ਆਸਮਾਨ ਉੱਤੇ ਵਿਛ ਜਾਵੇਗਾ
ਅਤੇ ਲੰਮੀ ਉਡਾਰੀ ਦਾ ਉਹਦਾ ਸੁਫ਼ਨਾ
ਉਹਦੇ ਹਰਨੋਟਿਆਂ ਨੈਣਾਂ ਤੋਂ ਭੈਅ ਖਾਵੇਗਾ।

ਚਿੜੀਆਂ ਦਾ ਚੰਬਾ ਮੁਫ਼ਤ ਹੀ ਪ੍ਰੇਸ਼ਾਨ ਹੁੰਦਾ ਹੈ
ਬਾਬਲ ਤਾਂ ਡੋਲੇ ਨੂੰ ਤੋਰ ਕੇ
ਉੱਖੜੇ ਬੂਹੇ ਨੂੰ ਇੱਟਾਂ ਲਵਾਏਗਾ
ਤੇ ਗੁੱਡੀਆਂ ਪਾੜ ਕੇ
ਪਸੀਨੇ ਨਾਲ ਗਲੇ ਹੋਏ ਕੁੜਤੇ ਉੱਤੇ ਟਾਕੀ ਸੰਵਾਏਗਾ
ਜਦੋਂ ਉਹ ਆਪ ਹੀ ਗਲੋਟਿਆਂ ਜਿਉਂ ਕੁੱਤਿਆ ਜਾਵੇਗਾ
ਚਿੜੀਆਂ ਦੇ ਚੰਬੇ ਨੂੰ ਮੋਹ ਚਰਖੇ ਦਾ ਉੱਕਾ ਨਹੀਂ ਸਤਾਏਗਾ।

ਚਿੜੀਆਂ ਦਾ ਚੰਬਾ ਉੱਡ ਕੇ
ਕਿਸੇ ਵੀ ਦੇਸ ਨਹੀਂ ਜਾਏਗਾ
ਸਾਰੀ ਉਮਰ ਕੰਡ ਚਰ੍ਹੀਆਂ ਦੀ ਹੰਢਾਏਗਾ
ਤੇ ਚਿੱਟੇ ਚਾਦਰੇ 'ਤੇ ਲੱਗਿਆ
ਉਹਦੀ ਮਾਹਵਾਰੀ ਦਾ ਖ਼ੂਨ ਉਸ ਦਾ ਮੂੰਹ ਚਿੜਾਏਗਾ।

# ਗੁਰਬਚਨ ਬਰਾੜ ਹੋਣਗੇ ਕੈਲਗਰੀ ਤੋਂ ਅਗਾਂਹਵਧੂ ਪੇਪਰ 'ਸਰੋਕਾਰਾਂ ਦੀ ਅਵਾਜ਼'ਦੇ ਪ੍ਰਤੀਨਿਧ

-ਬਲਜਿੰਦਰ ਸੰਘਾ-



ਇਕ ਸਦੀ ਤੋਂ ਲੰਬਾ ਸਫ਼ਰ ਤਹਿ ਕਰ ਚੁੱਕਾ ਕੈਨੇਡਾ ਦਾ ਪੰਜਾਬੀ ਮੀਡੀਆ ਕੈਨੇਡਾ ਵਿਚ ਆਪਣਾ ਇੱਕ ਮੁੱਲਵਾਨ ਸਥਾਨ ਰੱਖਦਾ ਹੈ। ਕੈਨੇਡਾ ਦੇ ਉਨਟਾਰੀਓ ਸੂਬੇ ਦੇ ਸ਼ਹਿਰ ਬਰੈਪਟਨ ਤੋਂ ਨਿਕਲਣ ਵਾਲੇ ਅਖ਼ਬਾਰ ਸਰੋਕਾਰਾਂ ਦੀ ਅਵਾਜ਼ ਦਾ ਆਪਣੀ ਅਗਾਂਹਵਧੂ ਸੋਚ ਕਰਕੇ ਇਕ ਵਿਸ਼ੇਸ਼ ਸਥਾਨ ਹੈ। ਇਸ ਅਖ਼ਬਾਰ ਵੱਲੋਂ ਕੈਲਗਰੀ ਸ਼ਹਿਰ ਤੋਂ ਗੁਰਬਚਨ ਬਰਾੜ ਨੂੰ ਆਪਣੇ ਸੰਪਾਦਕੀ ਬੋਰਡ ਦਾ ਮੈਂਬਰ ਚੁਣਿਆ ਗਿਆ ਹੈ ਅਤੇ ਇਸਦੇ ਨਾਲ-ਨਾਲ ਅਖ਼ਬਾਰ ਦੇ ਸਾਹਿਤਕ ਪੰਨੇ ਵੀ ਉਹਨਾਂ ਦੀ ਦੇਖ-ਰੇਖ ਹੇਠ ਹੋਣਗੇ। ਗੁਰਬਚਨ ਬਰਾੜ ਜੀ ਕੈਲਗਰੀ ਦੀ ਅਗਾਂਹਵਧੂ ਸਾਹਿਤ ਅਤੇ ਕਲਾ ਨਾਲ ਸਬੰਧ ਰੱਖਣ ਵਾਲੀ ਸ਼ਖ਼ਸੀਅਤ ਹਨ ਅਤੇ ਪੰਜਾਬ ਤੋਂ ਪਿੰਡ ਲੰਡੇ ਜਿਲ੍ਹਾ ਮੋਗਾ ਨਾਲ ਸਬੰਧਤ ਹਨ। ਉਹ ਪੁਲਿਟੀਕਲ ਸਾਇੰਸ ਵਿਚ ਐਮ. ਏ. ਕਰਨ ਤੋਂ ਬਾਅਦ ਲੰਬਾ ਸਮਾਂ ਪੰਜਾਬ ਵਿਚ ਅਧਿਆਪਨ ਦੇ ਕਿੱਤੇ ਨਾਲ ਜੁੜੇ ਰਹੇ ਅਤੇ ਤਿੰਨ ਦਹਾਕੇ ਪਹਿਲਾ ਫਰੀਦਕੋਟ ਨੂੰ ਆਪਣੀ ਪੱਕੀ ਰਿਹਾਇਸ਼ ਬਣਾ ਲਿਆ। ਪੰਜਾਬ ਵਿਚ ਰਹਿੰਦਿਆਂ ਕਈ ਸਾਲ ਲਗਾਤਾਰ ਆਲ ਇੰਡੀਆ ਰੇਡੀਓ ਦੇ ਜਲੰਧਰ ਤੋਂ ਅਨਾਊਂਸਰ ਰਹੇ। ਤਕਰੀਬਨ ਅੱਠ ਕੁ ਸਾਲ ਤੋਂ ਪਰਿਵਾਰ ਸਮੇਤ ਕੈਨੇਡਾ ਦੇ ਸ਼ਹਿਰ ਕੈਲਗਰੀ ਸ਼ਿਫਟ ਹੋਣ ਤੇ ਉਹਨਾਂ ਆਪਣੀ ਸਾਹਿਤਕ,ਸਮਾਜਿਕ ਅਤੇ ਮੀਡੀਆ ਨਾਲ ਸਬੰਧਤ ਗਤੀਵਿਧੀਆਂ ਨੂੰ ਇੱਥੋਂ ਦੇ ਡਾਲਰ ਸੰਸਾਰ ਵਿਚ ਰੁਲਣ ਨਹੀਂ ਦਿੱਤਾ ਅਤੇ ਆਪਣੀਆਂ ਅਗਾਂਹਵਧੂ ਗਤੀਵਿਧੀਆਂ ਕਰਕੇ ਸਾਲ 2011 ਵਿਚ ਪੰਜਾਬੀ ਲਿਖਾਰੀ ਸਭਾ ਕੈਲਗਰੀ ਦੇ ਪ੍ਰਧਾਨ ਚੁਣੇ ਗਏ ਅਤੇ ਸਭਾ ਵੱਲੋਂ ਕੈਲਗਰੀ ਵਿਚ ਕਰਵਾਈ ਗਈ ਅਲਬਰਟਾ ਦੀ ਪਹਿਲੀ ਵਿਸ਼ਵ ਕਾਨਫਰੰਸ ਵਿਚ ਵਿਸ਼ੇਸ਼ ਭੂਮਿਕਾ ਨਿਭਾਈ। ਅੱਜਕੱਲ੍ਹ ਇਸ ਸਭਾ ਦੇ ਕਾਰਜਕਾਰੀ ਮੈਂਬਰ ਹੋਣ ਦੇ ਨਾਲ ਹੋਰ ਬਹੁਤ ਸਾਰੀਆਂ ਸਰਗਰਮ ਸੰਸਥਾਵਾਂ ਦੇ ਨਾਲ-ਨਲ ਪੰਜਾਬੀ ਮੀਡੀਆ ਕਲੱਬ ਕੈਲਗਰੀ ਦੇ ਵੀ ਸਰਗਰਮ ਮੈਂਬਰ ਹਨ ਅਤੇ ਰੈਡ.ਐਫ. ਐਮ. ਦੀ ਕੈਲਗਰੀ ਟੀਮ ਵਿਚ ਖ਼ਬਰ ਅਨਾਊਂਸਰ ਦੇ ਤੌਰ ਤੇ ਸੇਵਾ ਨਿਭਾ ਰਹੇ ਹਨ। ਉਹਨਾਂ ਦੇ ਸਰੋਕਾਰਾਂ ਦੀ ਅਵਾਜ਼ ਜਿਹੇ ਅਖ਼ਬਾਰ ਨਾਲ ਨਾਲ ਜੁੜਨ ਤੇ ਜਿੱਥੇ ਅਖ਼ਬਾਰ ਦੀ ਪ੍ਰਬੰਧਕੀ ਟੀਮ ਮਾਣ ਮਹਿਸੂਰ ਕਰ ਰਹੀ ਹੈ ਉੱਥੇ ਉਹ ਪੰਜਾਬੀ ਮੀਡੀਏ ਦੇ ਵਿਦੇਸ਼ ਵਿਚ ਗ੍ਰਾਫ ਹੋਰ ਉੱਚਾ ਕਰਨ ਵਿਚ ਵੀ ਸਹਾਈ ਹੋਣਗੇ ਅਤੇ ਇਸ ਅਖ਼ਬਾਰ ਦੇ ਸਾਹਿਤਕ ਪੰਨਿਆਂ ਦੇ ਪ੍ਰਤੀਨਿਧ ਹੋਣ ਕਰਕੇ ਪੰਜਾਬੀ ਸਾਹਿਤ ਦੀ ਬੁਲੰਦੀ ਲਈ ਵੀ ਉਸਾਰੂ ਯਤਨ ਕਰਨਗੇ। ਇਸ ਮੁਕਾਮ ਲਈ ਪੰਜਾਬੀ ਲਿਖਾਰੀ ਸਭਾ ਕੈਲਗਰੀ ਦੇ ਪ੍ਰਧਾਨ ਹਰੀਪਾਲ,ਜਨਰਲ ਸਕੱਤਰ ਸੁਖਪਾਲ ਪਰਮਾਰ ਅਤੇ ਹੋਰ ਸੰਸਥਾਵਾਂ ਵੱਲੋਂ ਉਹਨਾਂ ਨੂੰ ਵਿਸ਼ੇਸ਼ ਵਧਾਈ ਦਿੱਤੀ ਗਈ।

## ਬੇਕਸੂਰਾਂ ਦੇ ਸਿਵਿਆਂ ਦੇ ਨਾਲ/- ਦਲਬੀਰ ਬੀਰ ਔਲਖ

ਕਸਮ ਲਿਖਦਾ ਹਾਂ ਕਿ ਮੈਂ ਮਰ ਜਾਵਾਂ
ਧਰਤੀ ਤੇ ਫਿਰ ਮੁੜ ਨਾ ਆਵਾਂ।
ਠੇਕੇਦਾਰੀ ਸਿਸਟਮ ਦੇ ਵਿਚ ਆਮ ਲੋਕ ਕੁਹਲਾਉਂਦੇ ਨੇ।
ਬੇਕਸੂਰਾਂ ਦੇ ਸਿਵਿਆਂ ਦੇ ਨਾਲ ਰਾਤਾਂ ਨੂੰ ਰੁਸਨਾਉਂਦੇ ਨੇ।

ਪਵਨ, ਪਾਣੀ ਧਰਤ ਨੂੰ ਖਾਗੇ, ਹੋਰ ਕੀ ਰਹਿ ਗਿਆ ਬਾਕੀ।
ਅੱਜ ਓਹੀ ਲੋਕ ਦੁਸ਼ਮਣ ਬਣਗੇ, ਕੱਲ੍ਹ ਜੋ ਸੀਗੇ ਸਾਕੀ।
ਅੱਗੇ ਹੋ ਕੇ ਹੱਥ ਮਿਲਾਉਂਦੇ, ਪਿੱਛੇ ਛੁਰਾ ਖੁਭਾਉਂਦੇ ਨੇ।
ਬੇਕਸੂਰਾਂ ਦੇ ਸਿਵਿਆਂ ਦੇ ਨਾਲ ਰਾਤਾਂ ਨੂੰ ਰੁਸਨਾਉਂਦੇ ਨੇ।

ਝੂਠਿਆਂ ਲਈ ਗਵਾਈ ਏਥੇ, ਸੱਚ ਨੂੰ ਲਗਦੀ ਫਾਂਸੀ,
ਬੇਢੰਗ ਦਾ ਏਥੇ ਰੌਲਾ ਰੱਪਾ, ਤਿੱਤਰ ਹੋਗੇ ਪੰਛੀ।
ਫਸ ਜਾਵੇ ਕੋਈ ਛੋਟਾ-ਮੋਟਾ, ਬੁੱਚੜ ਜਾਲ ਵਿਛਾਉਂਦੇ ਨੇ
ਬੇਕਸੂਰਾਂ ਦੇ ਸਿਵਿਆਂ.....

ਬਾਪੂ, ਧੀ ਦੀ ਇੱਜ਼ਤ ਲੁੱਟੇ, ਇਸ ਤੋਂ ਗੱਲ ਕੀ ਮਾੜੀ
ਕਿਸਾਨ ਦੇ ਪੱਲੇ ਕੱਖ ਦੀ ਵੱਚਦਾ, ਸਾਉਣੀ ਹੋ ਜਾ ਹਾੜੀ।
ਦਲਬੀਰ ਉਹ ਏਵੇਂ ਬਲਦ ਰੇਹੜੀਆਂ, ਖਾਲੀ ਫਿਰਨ ਭਜਾਉਂਦੇ ਨੇ,
ਬੇਕਸੂਰਾਂ ਦੇ ਵਿਸਿਆਂ ਦੇ ਨਾਲ ਰਾਤਾਂ ਨੂੰ ਰੁਸਨਾਉਂਦੇ ਨੇ।

95010-13036

## ਤਰਤੀਬ/-ਸਰਬਜੀਤ ਕੌਰ ਜੱਸ

ਮੈਂ ਚਾਹੁੰਦੀ ਹਾਂ
ਸਭ ਕੁਝ ਤਰਤੀਬਵਾਰ ਚੱਲਦਾ ਰਹੇ
ਜਿਵੇਂ ਲਿਖੀਆਂ ਹੁੰਦੀਆਂ ਨੇ
ਇਤਿਹਾਸ ਦੀ ਕਿਤਾਬ 'ਤੇ
ਲੜੀਵਾਰ ਘਟਨਾਵਾਂ
ਜਿਵੇਂ ਲਾਇਬ੍ਰੇਰੀ ਦੀ ਅਲਮਾਰੀ 'ਚ
ਚਿਣੀਆਂ ਹੁੰਦੀਆਂ ਨੇ
ਸਾਹਿਤਕ ਕਿਤਾਬਾਂ
ਜਿਵੇਂ ਹੁੰਦੀ ਹੈ ਵਰਣਮਾਲਾ
ਮੈਂ ਚਾਹੁੰਦੀ ਹਾਂ
ਕੁਝ ਵੀ ਭੁਲਾਵੇਂ ਅੱਖਰਾਂ ਜਿਹਾ ਨਾ ਹੋਵੇ
ਫੇਰਿਆ ਨਾ ਜਾਵੇ
ਉੱਗਦੇ ਸੂਰਜ ਦੀ ਲਾਲੀ 'ਤੇ
ਰਾਤ ਦਾ ਪੋਚਾ
ਲਟਕਾਇਆ ਨਾ ਜਾਵੇ
ਝੂਠ ਦੀ ਸੂਲੀ 'ਤੇ ਸੱਚ ਦਾ ਪੁਜਾਰੀ
ਗਾਇਆ ਨਾ ਜਾਵੇ
ਖ਼ੁਸ਼ੀਆਂ ਦੇ ਰਾਹਵਾਂ 'ਚ ਸੋਗੀ ਗੀਤ
ਜਿਵੇਂ ਸੂਰਜ ਦੁਆਲੇ ਧਰਤੀ ਦੀ ਗਤੀ
ਜਿਵੇਂ ਚੰਦ, ਤਾਰੇ ਤੇ ਗ੍ਰਹਿ
ਜਿਵੇਂ ਸੰਤੁਲਨ ਵਿਚ ਚੱਲ ਰਿਹੈ
ਸਾਰਾ ਬ੍ਰਹਿਮੰਡ
ਮੈਂ ਚਾਹੁੰਦੀ ਹਾਂ
ਇਸੇ ਤਰ੍ਹਾਂ ਸਭ ਕੁਝ ਚੱਲਦਾ ਰਹੇ
ਨਹੀਂ ਚਾਹੁੰਦੀ
ਵਿਗਾੜ ਦੇਵੇ ਮਨੁੱਖੀ
ਜ਼ਿੰਦਗੀਆਂ ਦਾ ਸੰਤੁਲਨ
ਸਾਡੇ ਅੰਦਰਲੀ ਮਨੁੱਖ ਹੋਣ ਦੀ ਹਉਮੈ
ਤੇ ਬੇਤਰਤੀਬ ਹੋ ਧਕੇਲੇ ਜਾਈਏ
ਕਦੀ ਸਦੀਆਂ ਪਿਛੇ
ਤੇ ਰਚ ਜਾਈਏ
ਬਾਂਦਰ-ਨੁਮਾ ਮਨੁੱਖਾਂ ਦੀ ਜਾਤ ਵਿਚ
ਇਹ ਜੋ ਨਿੱਤ ਦਿਨ ਆਉਂਦੇ ਹਨ
ਮਨੁੱਖਤਾ ਦਾ ਘਾਣ ਕਰਨ
ਸਾਡੇ ਵਿਵਹਾਰ ਵਿਚ ਪਸ਼ੂ ਤੇ
ਵਹਿਸ਼ੀ ਪ੍ਰਵਿਰਤੀਆਂ ਦੇ
ਜਵਾਰਭਾਟੇ, ਭੂਚਾਲ ਤੇ ਤੂਫ਼ਾਨ
ਰੋਜ਼ ਲਟਕਾਇਆ ਜਾਂਦਾ ਹੈ
ਪਵਿੱਤਰ ਰਿਸ਼ਤਿਆਂ ਨੂੰ
ਬੇਹਯਾਈ ਦੀ ਸੂਲੀ ਉੱਤੇ
ਕਿੰਨਾ ਭਿਆਨਕ ਹੋ ਗਿਐ
ਮਨੁੱਖੀ ਚਿਹਰਾ
ਉਹ ਮਨੁੱਖ ਜੋ ਡਰਦਾ ਸੀ
ਜੰਗਲੀ ਜਾਨਵਰ ਦੀ ਦਹਿਸ਼ਤ ਤੋਂ
ਅੱਜ ਤ੍ਰਭਕ ਜਾਂਦਾ ਹੈ
ਆਪਣੀ ਹੀ ਸ਼ਕਲ ਸ਼ੀਸ਼ੇ 'ਚ ਦੇਖ
ਬਣਾਇਆ ਜਾਂਦਾ ਹੈ
ਆਪਣ ਹੀ ਧੀ ਨੂੰ ਬਿਸਤਰ ਦਾ ਸ਼ਿੰਗਾਰ
ਚਲਾਏ ਜਾਂਦੇ ਨੇ
ਮਨੁੱਖੀ ਕੁੱਖ 'ਚ ਪਲ ਰਹੇ ਜੀਵ 'ਤੇ
ਮਨੁੱਖ ਵਲੋਂ ਹੀ ਹਥਿਆਰ
ਅਸੀਂ ਮਨੁੱਖ ਨਹੀਂ
ਚੂਹੇ ਹਾਂ
ਚੌਰਾਹੇ 'ਚ ਤੜਪਦੀ ਲਾਸ਼ ਨੂੰ ਛੱਡ
ਲੁਕ ਜਾਂਦੇ ਹਾਂ
ਘਰਾਂ ਦੀਆਂ ਖੁੱਡਾਂ 'ਚ
ਸਿਖ਼ਰ ਦੁਪਹਿਰੇ ਹੋ ਰਿਹਾ ਲੰਮਾ
ਦਹਿਸ਼ਤ ਦਾ ਪਰਛਾਵਾਂ
ਕਾਲੀਆਂ ਰਾਤਾਂ 'ਚ ਜਾਗ ਰਿਹਾ
ਕੋਰਾ ਚਿੱਟਾ ਝੂਠ
ਸੀਤਲ ਸਵੇਰ ਨੂੰ ਬਾਲ ਰਿਹਾ
ਤਲਖ਼ੀਆਂ ਦੀ ਅੱਗ ਦਾ ਗੋਲਾ
ਸੁਆਰਥ ਦੇ ਦਰਿਆ 'ਚ ਖੁਰਦਾ ਜਾ ਰਿਹਾ
ਵਿਸ਼ਵਾਸ ਦਾ ਘੜਾ
ਘੜੀ 'ਚ ਕੈਦ ਹੋ ਗਿਆ
ਸਾਡੇ ਜੀਵਨ ਦਾ ਇਕ ਇਕ ਪਲ
ਮਾਯੂਸੀਆਂ 'ਚ ਗੁਆਚ ਗਈ
ਜ਼ਿੰਦਗੀ ਦੀ ਹਰ ਖ਼ੁਸ਼ੀ
ਮਨੁੱਖਤਾ ਦੇ ਕੰਨਾਂ 'ਚ ਘਰ ਕਰ ਗਿਐ
ਸਿੱਕਿਆਂ ਦੀ ਖਣਕਣਾਹਟ ਦਾ ਸ਼ੋਰ
ਬਣ ਗਈ ਭੂਚਾਲ ਤੇ
ਜਵਾਰ ਭਾਟਿਆਂ ਦਾ ਸ਼ਿਕਾਰ
ਸਪਾਟ ਦੌੜਦੀ ਜੀਵਨ-ਧਾਰਾ
ਪਿਆਰ ਦੇ ਅੰਮ੍ਰਿਤ 'ਚ ਘੁਲ ਗਿਐ
ਨਫ਼ਰਤ ਦਾ ਜ਼ਹਿਰ
ਸਾਨੂੰ ਹੀ ਕਰ ਰਹੀ ਹੈ ਗਰਕ
ਸਾਡੇ ਅੰਦਰਲੀ ਉੱਥਲ-ਪੁੱਥਲ
ਸਾਬਤ-ਸਬੂਤੇ ਇਨਸਾਨ ਨੂੰ ਖਾ ਗਈ
ਮਨੁੱਖੀ ਰਿਸ਼ਤਿਆਂ ਦੀ ਟੁੱਟ-ਭੱਜ
ਬਣ ਗਈ ਇਕ ਚੱਕਰਵਿਊ
ਜੀਵਨ ਦੀ ਟੁੱਟੀ ਤਰਤੀਬ
ਬਣ ਗਏ ਹਾਂ ਅਸੀਂ
ਪਰਕਾਰ 'ਚ ਪਾਈ ਪੈਂਸਿਲ ਵਰਗੇ
ਜੋ ਅਸਮਰਥ ਹੈ
ਲੰਮੀ ਰੇਖਾ ਖਿੱਚਣ ਤੋਂ
ਮੈਂ ਚਾਹੁੰਦੀ ਹਾਂ
ਖਿੱਚੀ ਜਾਵੇ
ਬੇਤਰਤੀਬ ਤੋਂ ਤਰਤੀਬ ਤੱਕ ਲੰਮੀ ਰੇਖਾ
ਤੇ ਫਿਰ ਸਭ ਕੁਝ ਤਰਤੀਬਵਾਰ ਚੱਲਣ ਲੱਗੇ
ਘਟਨਾਵਾਂ, ਸਾਹਿਤਕ ਕਿਤਾਬਾਂ
ਤੇ ਵਰਣਮਾਲਾ ਵਾਂਗ।

95014-85511

ਪੁਸਤਕ ਰਿਵਿਊ

# ਵਿੱਦਿਆ ਤੇ ਵਿੱਦਿਅਕ ਪ੍ਰਬੰਧ ਪ੍ਰਤੀ ਫਿਕਰਮੰਦ ਹਰ ਸ਼ਖ਼ਸ਼ ਦੇ ਪੜ੍ਹਨਯੋਗ ਦਸਤਾਵੇਜ਼

ਬੀਤੇ ਦੋ ਵਰ੍ਹਿਆਂ ਤੋਂ ਦੇਸ਼ ਦੇ ਲਗਭਗ 20 ਸੂਬਿਆਂ ਦੀਆਂ ਅਗਾਂਹਵਧੂ ਸ਼ਕਤੀਆਂ ਤੇ ਵਿਦਿਅਕ ਮਾਹਿਰਾਂ ਦੇ ਸਹਿਯੋਗ ਨਾਲ ਦੇਸ਼ ਪੱਧਰ ’ਤੇ ‘ਆਲ ਇੰਡੀਆਂ ਫੋਰਮ ਫਾਰ ਰਾਇਟ ਟੂ ਐਜੂਕੇਸ਼ਨ’, ਬਰਾਬਰ, ਮੁਫ਼ਤ, ਜਮਹੂਰੀ, ਵਿਗਿਆਨਕ ਤੇ ਮਿਆਰੀ ਸਿੱਖਿਆ ਹਾਸਲ ਕਰਨ ਦੀ ਲੜਾਈ ਲੜ ਰਿਹਾ ਹੈ। ਇਸ ਫੋਰਮ ਨੇ ਜੁਲਾਈ 2012 ’ਚ ਚੇਨੱਈ ਤੋਂ ਸਿੱਖਿਆ ਖੇਤਰ ਨੂੰ ਨਵਉਦਾਰਵਾਰੀ ਤੇ ਹੋਰ ਸੌੜੇ ਹਮਲਿਆਂ ਤੋਂ ਬਚਾਉਣ ਲਈ ‘ਚੇਨੱਈ ਐਲਾਨਨਾਮਾ’ ਜਾਰੀ ਕਰਕੇ ਇਕ ਦੇਸ਼ ਵਿਆਪੀ ਸੰਘਰਸ਼ ਦਾ ਬਿਗਲ ਵਜਾਇਆ ਹੋਇਆ ਹੈ। ਫੋਰਮ ਵੱਲੋਂ ਲਗਾਤਾਰ ਸਮੁੱਚੇ ਭਾਰਤ ਦੇ ਸਿੱਖਿਆ ਸ਼ਾਸ਼ਤਰੀਆਂ, ਅਗਾਂਹਵਧੂ ਅਧਿਆਪਕਾਂ, ਸੂਝਵਾਨ ਵਿਦਿਆਰਥੀਆਂ, ਚੇਤੰਨ ਮਾਪਿਆਂ, ਲੋਕਪੱਖੀ ਲੇਖਕਾਂ ਤੇ ਹੋਰ ਅਗਾਂਹਵਧੂ ਲੋਕਾਂ ਦੀ ਵਿਸ਼ਾਲ ਲਾਮਬੰਦੀ ਕੀਤੀ ਜਾ ਰਹੀ ਹੈ। ਇਸ ਲਾਮਬੰਦੀ ਦੌਰਾਨ ਗੁਣਾਤਮਕ ਤੇ ਬਰਾਬਰ ਵਿਦਿਅਕ ਵਿਵਸਥਾ ਦੀ ਉਸਾਰੀ ਲਈ ਵਿਦਿਅਕ ਵਰਕਸ਼ਾਪਾਂ, ਮੀਟਿੰਗਾਂ, ਰੈਲੀਆਂ, ਵਿਚਾਰ-ਗੋਸ਼ਟੀਆਂ, ਸੈਮੀਨਾਰ ਆਦਿ ਦੇ ਨਾਲ-ਨਾਲ ਸਿੱਖਿਆ ਖੇਤਰ ਸਬੰਧੀ ਮਹੱਤਵਪੂਰਨ ਲਿਖਤਾਂ ਵਾਲੇ ਪੈਂਫਲਿਟ, ਕਿਤਾਬਚੇ, ਲੀਫਲੈੱਟ ਆਦਿ ਵੀ ਪ੍ਰਕਾਸ਼ਿਤ ਕੀਤੇ ਜਾ ਰਹੇ ਹਨ। ਫੋਰਮ ਦਾ ਟੀਚਾ ਹੈ ਕਿ ਸਮਾਨ ਤੇ ਗੁਣਾਤਮਕ ਸਿੱਖਿਆ ਵਿਵਸਥਾ ਲਈ ਸੰਘਰਸ਼ ਨੂੰ ਹੋਰ ਤੇਜ਼ ਕਰਦਿਆਂ ਸਾਲ 2014 ਦੇ ਅਖੀਰ ਤੱਕ ਸਮੁੱਚੇ ਭਾਰਤ ਅੰਦਰ ਵਿਸ਼ਾਲ ਸਿੱਖਿਆ ਯਾਤਰਾ ਕੱਢੀ ਜਾਵੇ। ਇਹ ਵਿਸ਼ਾਲ ਕਾਫਲਾ ਜਿਸ ਵੀ ਸੂਬੇ ਵਿੱਚੋਂ ਗੁਜਰੇਗਾ, ਉੱਥੇ ਇਸਦੇ ਕੇਂਦਰੀ ਕਮੇਟੀ ਮੈਂਬਰ ਵਿਦਿਅਕ ਵਰਕਸ਼ਾਪਾਂ ਤੇ ਸੈਮੀਨਾਰ ਅਯੋਜਿਤ ਕਰਨਗੇ। ਵਿੱਦਿਆ ਅਤੇ ਵਿਦਿਅਕ ਪ੍ਰਬੰਧ ’ਤੇ ਚਾਨਣਾ ਪਾਉਂਦਾ ਇਕ ਨਾਟਕ ਜੋ ਪੰਜਾਬ ਦੀ ਇਕ ਨਾਮਵਰ ਨਾਟਕ ਟੀਮ ਵੱਲੋਂ ਤਿਆਰ ਕੀਤਾ ਜਾ ਰਿਹਾ ਹੈ, ਉਸਦਾ ਵੱਖ-ਵੱਖ ਭਸ਼ਾਵਾਂ ਵਿੱਚ ਉਲੱਥਾ ਕਰਕੇ ਸਮੁੱਚੇ ਭਾਰਤ ’ਚ ਉਸਦਾ ਮੰਚਨ ਕੀਤਾ ਜਾਵੇਗਾ।

ਇਸ ਵੱਡੇ ਜ਼ਰੂਰੀ ਕਾਜ਼ ਦੇ ਅੰਗ ਵਜੋਂ ਬੀਤੀ 13 ਜੁਲਾਈ ਨੂੰ ਮੁਲਾਂਪੁਰ ਵਿਖੇ ‘ਸਿੱਖਿਆ ਉੱਪਰ ਬਜ਼ਾਰੀਕਰਨ/ਵਪਾਰੀਕਰਨ ਦਾ ਹਮਲਾ ਤੇ ਸਮਾਨ ਸਕੂਲ ਵਿਵਸਥਾ ਦੇ ਨਿਰਮਾਣ ਦੀ ਲੜਾਈ’ ਵਿਸ਼ੇ ਤੇ ਸੈਮੀਨਾਰ ਕੀਤਾ ਗਿਆ। ਸੈਮੀਨਾਰ ਨੂੰ ਫੋਰਮ ਦੇ ਪ੍ਰੀਜ਼ੀਡੀਅਮ ਮੈਂਬਰਾਂ ਨੇ ਸੰਬੋਧਿਤ ਕੀਤਾ। ਇਸ ਸੈਮੀਨਾਰ ਦੌਰਾਨ ਇਨਕਲਾਬੀ ਨੌਜਵਾਨ-ਵਿਦਿਆਰਥੀ ਮੰਚ ਵੱਲੋਂ ਜਾਰੀ ਕੀਤਾ ਕਿਤਾਬਚਾ ‘ਸਿੱਖਿਆ ‘ਚ ਪੀ.ਪੀ.ਪੀ. ਪਬਲਿਕ ਪ੍ਰਾਇਵੇਟ ਹਿੱਸੇਦਾਰੀ ਜਾਂ ਨਵਉਦਾਰਵਾਦੀ ਲੁੱਟ ਅਤੇ ਚੇਨੱਈ ਐਲਾਨਨਾਮਾ’ ਰਿਲੀਜ਼ ਕੀਤਾ ਗਿਆ। ਇਸ ਕਿਤਾਬਚੇ ‘ਚ ਫੋਰਮ ਦੇ ਕੌਮੀ ਪ੍ਰਧਾਨ ਤੇ ਪ੍ਰਸਿੱਧ ਚਿੰਤਕ, ਸਿੱਖਿਆ ਸ਼ਾਸਤਰੀ ਡਾ. ਅਨਿਲ ਸਦਗੋਪਾਲ ਨਾਲ ਸ਼੍ਰੀ ਦੀਪੇਂਦਰ ਬਘੇਲ ਅਤੇ ਸੁਸ਼੍ਰੀ ਸ਼ਸ਼ੀ ਮੋਰੀਆ ਵੱਲੋਂ ਕੀਤੀ ਗਈ ਇੰਟਰਵਿਊ ਅਤੇ ਫੋਰਮ ਵੱਲੋਂ ਜਾਰੀ ‘ਚੇਨੱਈ ਐਲਾਨਨਾਮਾ’ ਦਾ ਕੰਵਲਜੀਤ ਖੰਨਾ ਤੇ ਹਰਕੇਸ਼ ਚੌਧਰੀ ਵੱਲੋਂ ਕੀਤਾ ਪੰਜਾਬੀ ਅਨੁਵਾਦ ਦਿੱਤਾ ਗਿਆ ਹੈ। ਕਿਤਾਬਚੇ ਦੇ ਪ੍ਰਕਾਸ਼ਕ ਫੋਰਮ ਦੇ ਪ੍ਰੀਜ਼ੀਡੀਅਮ ਮੈਂਬਰ ਕੰਵਲਜੀਤ ਖੰਨਾ ਤੇ ‘ਇਨਕਲਾਬੀ ਨੌਜਵਾਨ’ ਦੇ ਸੰਪਾਦਕ ਮਨਦੀਪ ਹਨ। ਕਿਤਾਬਚੇ ਦੀ ਸ਼ੁਰੂਆਤੀ ਪ੍ਰਸਤਾਵਨਾ ’ਚ ਅਦਾਰਾ ‘ਇਨਕਲਾਬੀ ਨੌਜਵਾਨ’ ਵੱਲੋਂ ਸਿੱਖਿਆ ਖੇਤਰ ’ਤੇ ਹੋ ਰਹੇ ਨਵਉਦਾਰਵਾਦੀ ਹਮਲਿਆਂ ਖਿਲਾਫ ਇਕਜੁੱਟ ਹੋਣ ਦੀ ਲੋੜ ਅਤੇ ਇਕਜੁੱਟ ਹੋਣ ਦਾ ਸੱਦਾ ਦਿੱਤਾ ਗਿਆ ਹੈ। ਕਿਤਾਬਚੇ ਦੇ ਪਹਿਲੇ ਭਾਗ ’ਚ ਸ਼ਾਮਲ ਡਾ. ਅਨਿਲ ਸਦਗੋਪਾਲ ਨਾਲ ਇੰਟਰਵਿਊ (ਜੋ ਕਿ 78 ਸਫਿਆਂ ਦੇ ਅੱਠ ਖੰਡਾਂ ’ਚ ਦਰਜ ਹੈ) ਹਰ ਇਨਸਾਨ ਦੀਆਂ ਅੱਖਾਂ ਖੋਲ੍ਹ ਦੇਣ ਵਾਲੇ ਗਿਆਨ ਨਾਲ ਭਰੀ ਹੋਈ ਹੈ। ਲੱਗਭੱਗ 20 ਪੁਸਤਕਾਂ ਦੇ ਦੀਰਘ ਅਧਿਐਨ ਤੇ ਹਵਾਲਿਆਂ ਨਾਲ ਸਵਾਲਾਂ ਦੇ ਦਿੱਤੇ ਜਵਾਬ ਥੋੜ੍ਹੇ ਲਫਜ਼ਾਂ ’ਚ ਬਹੁਤ ਕੁਝ ਕਹਿ ਰਹੇ ਹਨ। ਇੰਟਰਵਿਊ ਦੇ ਪਹਿਲੇ ਖੰਡ ’ਚ ‘ਪੀਪੀਪੀ ਦੇ ਰਾਜਨੀਤਿਕ ਅਰਥਸ਼ਾਸ਼ਤਰ’ ਨੂੰ ਸਾਮਰਾਜਵਾਦੀ




ਵਿੱਤੀ ਪੂੰਜੀ ਤੇ ਉਸਦੇ ਏਕਾਧਿਕਾਰ ਸੰਗਠਨਾਂ ਦੀ ਮੁਕਾਬਲੇਬਾਜ਼ੀ ਤੇ ਲੋਟੂ ਹਿੱਤਾਂ ਤਹਿਤ ਸਿੱਖਿਆ ਖੇਤਰ ਦੇ ਹੁੰਦੇ ਉਜਾੜੇ ਬਾਰੇ ਵਿਸਥਾਰਤ ਜਾਣਕਾਰੀ ਦਿੱਤੀ ਗਈ ਹੈ। ਦੂਜੇ ਭਾਗ ’ਚ ‘ਪੀਪੀਪੀ ਤੇ ਸਿੱਖਿਆ ਦੇ ਬਦਲਦੇ ਰਿਸ਼ਤੇ-ਇਤਿਹਾਸ ਦੇ ਆਇਨੇ ’ਚ 1835 ਤੋਂ ਮੈਕਾਲੇ ਵੱਲੋਂ ਲਿਆਂਦੀ ਵਿਦਿਅਕ ਨੀਤੀ ਤੋਂ ਲੈ ਕੇ ਹੁਣ ਤੱਕ ਦੀਆਂ ਸਿੱਖਿਆ ਨੀਤੀਆਂ ’ਤੇ ਝਾਤ ਪੁਆਈ ਗਈ ਹੈ। ਖੰਡ ਤਿੰਨ ‘ਸਿੱਖਿਆ ’ਚ ਧਨ ਦੀ ਕਮੀ : ਦੀ ਨਵਉਦਾਰਵਾਦੀ ਮਿੱਥ’ ਦੇ ਝੂਠ ਤੋਂ ਪਰਦਾ ਲਾਹੁਣ ਵਾਲੇ ਤੱਥਾਂ ਤੋਂ ਜਾਣੂ ਕਰਵਾਉਂਦਾ ਹੈ। ਇਸੇ ਤਰ੍ਹਾਂ ਇੰਟਰਵਿਊ ਦੇ ਚੌਥੇ ਹਿੱਸੇ ’ਚ ‘ਵਿੱਦਿਆ ਦੇ ਉਦੇਸ਼ਾਂ, ਕਦਰਾਂ-ਕੀਮਤਾਂ ਤੇ ਪੜ੍ਹਾਈ ਉੱਤੇ ਬਾਜ਼ਾਰ ਦੇ ਹਮਲੇ’ ਸਬੰਧੀ ਜਾਣਕਾਰੀ ਸ਼ਾਮਲ ਕਰਦੇ ਹੋਏ ਸਿੱਖਿਆ ਦੇ ਲਗਾਤਾਰ ਡਿੱਗ ਰਹੇ ਮਿਆਰ, ਘੱਟ ਰਹੀ ਗੁਣਵੱਤਾ, ਵਿੱਦਿਆ ਦੇ ਬਾਜ਼ਾਰੀਕਰਨ ਆਦਿ ਬਾਰੇ ਵਧੀਆ ਉਲੇਖ ਕੀਤਾ ਹੋਇਆ ਹੈ। ਪੰਜਵਾਂ ਖੰਡ ‘ਵਾਊਚਰ ਸਕੂਲ; ਸੰਵਿਧਾਨਕ ਜਵਾਬਦੇਹੀ ਦਾ ਬਾਜ਼ਾਰੀਕਰਨ’ ਸਿਰਲੇਖ ਹੇਠ ਵਾਊਚਰ ਸਕੂਲ ਦੀ ਕੌਮਾਂਤਰੀ ਪ੍ਰਣਾਲੀ ਨੂੰ ਨਕਲਚੀ ਢੰਗ ਨਾਲ ਭਾਰਤ ’ਚ ਲਾਗੂ ਕਰਨ ਦੇ ਘਾਤਕ ਸਿੱਟਿਆਂ ਨੂੰ ਉਦਾਹਰਣਾਂ ਸਾਹਿਤ ਪੇਸ਼ ਕਰਦਾ ਹੈ। ਕਾਰਪੋਰੇਟ ਪੂੰਜੀ ਕਿਵੇਂ ਪਬਲਿਕ ਪ੍ਰਾਈਵੇਟ ਸਾਂਝੇਦਾਰੀ ਦੇ ਨਾਂ ਹੇਠ ਸਿੱਖਿਆ ਖੇਤਰ ਉੱਤੇ ਕੁੰਡਲੀ ਮਾਰੀ ਬੈਠੀ ਹੈ ਤੇ ਇਸਦੇ ਕੀ ਖਤਰੇ ਸਾਹਮਣੇ ਆ ਰਹੇ ਹਨ, ਇਸਦਾ ਵਰਣਨ ਛੇਵੇਂ ਭਾਗ ਵਿੱਚ ਕੀਤਾ ਗਿਆ ਹੈ। ਇੰਟਰਵਿਊ ਦੇ ਸੱਤਵੇਂ ਖੰਡ ’ਚ ਨਵਉਦਾਰਵਾਦੀ ਨੀਤੀਆਂ ਸਬੰਧੀ ਫੈਲਾਏ ਜਾਂਦੇ ਭਰਮ ਤੇ ਉਸ ਵਿੱਚ ਉਲਝੇ ਬੁੱਧੀਜੀਵੀਆਂ ਦੁਆਰਾ ਇਸਦੇ ਪੱਖ ’ਚ ਦਿੱਤੇ ਜਾਂਦੇ ਤਰਕਾਂ ਦਾ ਚੰਗਾ ਤੇ ਬਾਦਲੀਲ ਪਰਦਾਫਾਸ਼ ਕੀਤਾ ਹੋਇਆ ਹੈ। ਇਸਦੇ ਆਖਰੀ ਅੱਠਵੇਂ ਖੰਡ ’ਚ ਸਿੱਖਿਆ ਦੇ ਬੁਨਿਆਦੀ ਹੱਕ ਦੀ ਲੜਾਈ ਨੂੰ ਜਲ-ਜੰਗਲ-ਜ਼ਮੀਨ ਤੇ ਰੁਜ਼ਗਾਰ ਦੀ ਲੜਾਈ ਨਾਲ ਸੁਮੇਲਕੇ ਸੰਘਰਸ਼ ਕਰਨ ਦੀ ਲੋੜ ਨੂੰ ਸਹੀ ਦ੍ਰਿਸ਼ਟੀਕੋਣ ਤੋਂ ਉਭਾਰਿਆ ਗਿਆ ਹੈ। ਕੁਲ ਮਿਲਾਕੇ ਇੰਟਰਵਿਊ ਦੇ ਸਾਰੇ ਭਾਗ ਵੱਖ-ਵੱਖ ਵਿਸ਼ਿਆਂ ਬਾਰੇ ਚੰਗੀ ਜਾਣਕਾਰੀ ਤੇ ਸੇਧ ਦੇਣ ਵਾਲੇ ਹਨ।

ਇਸ ਕਿਤਾਬਚੇ ਦੇ ਦੂਜੇ ਭਾਗ ਅੰਦਰ ਸਿੱਖਿਆ ਦਾ ਬਾਜ਼ਾਰੀਕਰਨ ਖਤਮ ਕਰਨ ਅਤੇ ਇਕਸਾਰ ਸਕੂਲ ਵਿਵਸਥਾ ਦਾ ਨਿਰਮਾਣ ਕਰਨ ਲਈ ਚੇਨੱਈ ਵਿਚ 30 ਜੂਨ ਤੋਂ 1 ਜੁਲਾਈ 2012 ਨੂੰ ‘ਸਰਬ ਭਾਰਤੀ ਸਿੱਖਿਆ ਅਧਿਕਾਰ ਮੰਚ’ ਵੱਲੋਂ ਸੰਮੇਲਨ ਕਰਕੇ ਪਾਸ ਕੀਤੇ ‘ਚੇਨੱਈ ਐਲਾਨਨਾਮਾ’ ਦਾ ਪ੍ਰਿਤਪਾਲ ਵੱਲੋਂ ਕੀਤਾ ਪੰਜਾਬੀ ਰੁਪਾਂਤਰਣ ਸ਼ਾਮਲ ਹੈ। ਇਹ ਐਲਾਨਨਾਮਾ ਸਿੱਖਿਆ ਖੇਤਰ ਉਪਰ ਹੋ ਰਹੇ ਵੱਖ-ਵੱਖ ਭਾਂਤ ਦੇ ਹਮਲਿਆਂ ਅਤੇ ਇਸਦੇ ਖਿਲਾਫ ਚਲਾਈ ਜਾਣ ਵਾਲੀ ਜੱਦੋਜਹਿਦ ਦੀ ਸਮਝ ਦੇਣ ਦਾ ਸੰਖੇਪ, ਗੁੰਦਵਾਂ ਤੇ ਗਿਆਨ ਭਰਪੂਰ ਸਾਰ-ਤੱਤ ਹੈ। ਮੌਜੂਦਾ ਸਮਾਜਿਕ, ਆਰਥਿਕ ਤੇ ਸਿਆਸੀ ਪ੍ਰਬੰਧ ਨਾਲ ਜੋੜਕੇ ਸਿੱਖਿਆ ਖੇਤਰ ਦਾ ਇਤਿਹਾਸ, ਵਰਤਮਾਨ ਤੇ ਭਵਿੱਖ ਨਕਸ਼ਾ ਬਾਖੂਬੀ ਪੇਸ਼ ਕੀਤਾ ਗਿਆ ਹੈ। ਇਸ ਕਿਤਾਬਚੇ ’ਚ ਸਿੱਖਿਆ ਖੇਤਰ ਉਪਰ ਹੋ ਰਹੇ ਹੱਲਿਆਂ ਦੀ ਸਿਰਫ ਵਿਆਖਿਆ ਹੀ ਨਹੀਂ ਬਲਕਿ ਇਸ ਖਿਲਾਫ ਸੰਘਰਸ਼ ਕਰਨ ਦੀ ਠੋਸ ਕਾਰਜਯੋਜਨਾ ਦਾ ਖਾਕਾ ਵੀ ਦਿੱਤਾ ਗਿਆ ਹੈ। ਕਿਤਾਬਚੇ ਅੰਦਰ ਬਰਾਬਰ, ਮੁਫਤ, ਵਿਗਿਆਨਕ ਤੇ ਮਿਆਰੀ ਸਿੱਖਿਆ ਦੇ ਉਦੇਸ਼ਾਂ ਨੂੰ ਹਾਸਲ ਕਰਨ ਲਈ ਸੰਘਰਸ਼ ਕਰਨ ਦਾ ਬੇਖੌਫ਼; ਐਲਾਨ ਕੀਤਾ ਗਿਆ ਹੈ। ਐਲਾਨਨਾਮੇ ਦੇ ਅਖੀਰ ’ਤੇ ਨਿਡਰਤਾ ਅਤੇ ਵਿਸ਼ਵਾਸ਼ ਭਰਿਆ ਐਲਾਨ ਹੈ ਕਿ : “ਬਿਨਾ ਕਿਸੇ ਸ਼ੱਕ ਤੋਂ, ਵਿੱਤੀ ਪੂੰਜੀ ਅਤੇ ਗਲੋਬਲ ਬਾਜ਼ਾਰ ਦੀਆਂ ਨਵ-ਉਦਾਰਵਾਦੀ ਸ਼ਕਤੀਆਂ ਦੇ ਵਿਰੁੱਧ ਅਸੀਂ ਲਾਮਬੰਦ ਹਾਂ। ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਕੋਈ ਤਾਨਾਸ਼ਾਹੀ ਸ਼ਕਤੀ, ਚਾਹੇ ਉਹ ਕਿੰਨੀ ਵੀ ਤਾਕਤਵਰ ਕਿਉਂ ਨਾ ਹੋਵੇ, ਲੋਕਾਂ ਦੀ ਇੱਛਾ ਨੂੰ ਅੱਖੋਂ ਓਹਲੇ ਕਰਕੇ ਜ਼ਿਆਦਾ ਦੇਰ ਤੀਕ ਕਾਇਮ ਨਹੀਂ ਰਹਿ ਸਕਦੀ। ਅੱਜ, ਲੋਕ ਸਰਕਾਰ ਦੁਆਰਾ ਦੋ ਦਹਾਕਿਆਂ ਤੋਂ ਕੀਤੇ ਜਾ ਰਹੇ ਕੂੜ ਪ੍ਰਚਾਰ, ਜਿਸ ਵਿੱਚ ‘ਸਭ ਲਈ ਸਿੱਖਿਆ’, ਸਿੱਖਿਆ ਗਾਰੰਟੀ’, ‘ਸਰਵ ਸਿੱਖਿਆ ਅਭਿਆਨ’ ਅਤੇ ਹੁਣ ‘ਸਿੱਖਿਆ ਅਧਿਕਾਰ ਕਾਨੂੰਨ’, ਸੂਚਨਾ ਅਧਿਕਾਰ ਕਾਨੂੰਨ’, ਭੋਜਨ ਦਾ ਅਧਿਕਾਰ’ ਜਾਂ ‘ਸੰਮਿਲਤ ਵਿਕਾਸ’ ਆਦਿ ਤੋਂ ਅੱਕ ਅਤੇ ਥੱਕ ਚੁੱਕੇ ਹਨ। ਉਹ ਛੇਤੀ ਹੀ ਇਸ ਗੱਲ ਨੂੰ ਮਹਿਸੂਸ ਕਰਨਗੇ ਕਿ ਇਹ ਅਨੇਕਤਾ ਨੂੰ ਸ਼ਾਮਿਲ ਕਰਨ ਲਈ ਨਾ ਤਾਂ ਅਧਿਕਾਰ ਹੀ ਹਨ ਅਤੇ ਨਾ ਹੀ ਗਾਰੰਟੀਆਂ, ਸਗੋਂ ਅਸਲ ਵਿੱਚ ਇਹਨਾਂ ਦਾ ਅਰਥ ਜੋ ਕੁੱਝ ਥੋੜ੍ਹੇ ਜਿਹੇ ਅਧਿਕਾਰ ਪਹਿਲਾਂ ਹੀ ਲੋਕਾਂ ਨੂੰ ਮਿਲੇ ਹੋਏ ਹਨ ਉਹਨਾਂ ਨੂੰ ਖੋਹਣਾ ਨਹੀਂ ਤਾਂ ਉਹਨਾਂ ਨੂੰ ਵੀ ਨਾ ਦੇਣਾ ਹੈ। ਇੱਕ ਯੁੱਧਨੀਤੀ ਦੇ ਤੌਰ ’ਤੇ ਅਸੀਂ ਲੋਕਾਂ ਤੀਕ ਪਹੁੰਚ ਬਣਾਉਣੀ ਜਾਰੀ ਰੱਖਾਂਗੇ, ਉਨ੍ਹਾਂ ਤੋਂ ਸਿੱਖਾਂਗੇ ਅਤੇ ਬਦਲੇ ਵਿੱਚ ਉਨ੍ਹਾਂ ਨੂੰ ਸਿੱਖਿਅਤ ਕਰਾਂਗੇ ਅਤੇ ਉਨ੍ਹਾਂ ਨੂੰ ਬਹੁਤ ਸਾਰੇ ਘੋਲਾਂ ਵਿੱਚ ਸ਼ਾਮਿਲ ਕਰਾਂਗੇ ਜੋ ਨਵ-ਉਦਾਰਵਾਦੀ ਕਾਨੂੰਨਾਂ ਅਤੇ ਪ੍ਰੋਗਰਾਮਾਂ ਨੂੰ ਠੱਲ੍ਹ ਪਾਉਣ ਵਿੱਚ ਜ਼ਰੂਰ ਹੀ ਕਾਮਯਾਬ ਹੋਣਗੇ। ਫਿਰ ਵੀ, ਅਸੀਂ ਆਪਣੀ ਕ੍ਰਾਂਤੀਕਾਰੀ ਸਮਰੱਥਾ ਨੂੰ ਭਾਂਪਦੇ ਹੋਏ, ਅਸੀਂ ਸਮਾਨਤਾ ਤੇ ਅਧਾਰਿਤ ਅਸਲ ਸਿੱਖਿਆ ਅਧਿਕਾਰ ਅਤੇ ਇੱਕ ਲੋਕਤੰਤਰਿਕ ਸਿੱਖਿਆ ਪ੍ਰਣਾਲੀ ਨੂੰ ਪ੍ਰਾਪਤ ਕਰਨ ਤੀਕ ਆਪਣਾ ਸੰਘਰਸ਼ ਜਾਰੀ ਰੱਖਾਂਗੇ, ਜਿਸਦਾ ਖ਼ੁਦ-ਬ-ਖ਼ੁਦ ਅਰਥ ਨਵ-ਉਦਾਰਵਾਦੀ ਪ੍ਰਣਾਲੀ ਦੀ ਹਾਰ ਹੋਵੇਗਾ। ਲੜਨ ਵਾਲੇ ਲੋਕਾਂ ਦੀ ਜਿੱਤ ਲਾਜ਼ਮੀ ਹੈ!”

ਕਿਤਾਬਚੇ ’ਚ ਕੁਝ ਤਰੁੱਟੀਆਂ ਵੀ ਰੜਕਦੀਆਂ ਹਨ। ਪਹਿਲੀ, ਇਸਦੀ ਤਰਤੀਬ ਦਰੁਸਤ ਨਹੀਂ। ‘ਚੇਨੱਈ ਐਲਾਨਨਾਮਾ’ ਫੋਰਮ ਦਾ ਮੁੱਖ ਪ੍ਰੋਗਰਾਮ ਹੋਣ ਕਰਕੇ ਉਸਦੀ ਮਹੱਤਤਾ ਇਹ ਬਣਦੀ ਹੈ ਕਿ ਉਸਨੂੰ ਸ਼ੁਰੂ ’ਚ ਦਿੱਤਾ ਜਾਣਾ ਚਾਹੀਦਾ ਸੀ। ਦੂਸਰਾ, ਮਹੱਤਵਪੂਰਨ ਕਿਰਤ ਹੋਣ ਕਰਕੇ ਇਹ ਵੱਡੇ ਹਿੱਸੇ ਦੇ ਹੱਥਾਂ ਤੱਕ ਪਹੁੰਚਣੀ ਚਾਹੀਦੀ ਹੈ। ਪਰ ਇਸਦੀ ਕੀਮਤ ਜਿਆਦਾ ਹੋਣ ਕਰਕੇ ਵਿਦਿਆਰਥੀ ਵਰਗ ਵੱਲੋਂ ਇਸਨੂੰ ਹਾਸਲ ਕਰਨ ‘ਚ ਮੁਸ਼ਕਲ ਵੀ ਪੈਦਾ ਹੋ ਸਕਦੀ ਹੈ। ਤੀਸਰਾ, ਅਨੁਵਾਦ ਸਮੇਂ ਹਿੰਦੀ ਅਤੇ ਅੰਗਰੇਜ਼ੀ ਦੇ ਬਹੁਤੇ ਸ਼ਬਦ ਕਾਹਲ ਜਾਂ ਬੇਧਿਆਨੀ ’ਚੋਂ ਜਿਉਂ ਦੇ ਤਿਉਂ ਦੇ ਦਿੱਤੇ ਗਏ, ਜਿਸਦੇ ਸੌਖੇ, ਢੁਕਵੇਂ ਤੇ ਲੈਅਬੱਧ ਸ਼ਬਦਾਰਥ ਦਿੱਤੇ ਜਾ ਸਕਦੇ ਸਨ।

ਕੁਲ ਮਿਲਾਕੇ ਅੱਜ ਜਦੋਂ ਆਰ.ਐਸ.ਐਸ. ਦੇ ਪਰਖੇ-ਪ੍ਰਤਿਆਏ ਨੁਮਾਇੰਦੇ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਦੁਆਰਾ ਸਿੱਖਿਆ ਦੇ ਭਗਵੇਂਕਰਨ ਤੇ ਉਸਦੇ ਵਪਾਰੀਕਰਨ ਦੇ ਫੈਸਲੇ ਲਏ ਜਾ ਰਹੇ ਹਨ ਤਾਂ ਇਹ ਕਿਤਾਬਚਾ ਆਪ ਪੜ੍ਹਨਯੋਗ ਤੇ ਹੋਰਨਾਂ ਨੂੰ (ਖਾਸਕਰ ਅਧਿਆਪਕ ਵਰਗ ਨੂੰ) ਪੜ੍ਹਾਉਣਾ ਹੋਰ ਵੱਧ ਜ਼ਰੂਰੀ ਹੈ।

-ਗੁਰਮੀਤ ਸੁਖਪੁਰਾ
98784-22089
ਜਿਲ੍ਹਾ ਪ੍ਰੱਸ ਸਕੱਤਰ ਡੀਟੀਐਫ, ਬਰਨਾਲਾ

## ਸਿਆਸਤ/- ਜੀਤੀ ਗਿੱਲ

ਇਹ ਸਿਆਸਤ ਖੇਡ ਆਮੀਰਾਂ ਦੀ,
ਨਾ ਰਾਝਿਆਂ ਦੀ ਨਾ ਹੀਰਾਂ ਦੀ
ਕੋਈ ਸੋਹਣੀ ਕਦਰ ਨਾ ਪਾਉਂਦੀ ਏ
ਮਹੀਵਾਲ ਦੇ ਪਟ ਚੀਰਾਂ ਦੀ,
ਲੋਕੀ ਗਾਣੇ ਸੁਣ ਰੂਹਾਂ ਰਾਜੀ ਕਰਦੇ,
ਵਿਰਲੇ ਕਦਰ ਹੀ ਪਾਉਦੇ
ਨੂਰਪੁਰੀ ਸ਼ਿਵ ਦੀਆਂ ਤਸਵੀਰਾਂ ਦੀ,
ਇਕੱਲੀ ਤੇਈ ਮਾਰਚ ਨੂੰ ਹੀ ਕਿਓ ਸਜਦੀ ਏ
ਸਮਾਧ ਭਗਤ ਸਿੰਘ ਜੇਹੇ ਸੂਰਬੀਰਾਂ ਦੀ,
ਇਹ ਸਿਆਸਤ ਖੇਡ ਅਮੀਰਾਂ ਦੀ
ਇਹ ਦੁਨੀਆਂ ਖੇਡ ਅਮੀਰਾਂ ਦੀ

ਬੰਨ੍ਹ ਗੋਲ ਪਗਾਂ ਦਾੜੇ ਰੱਖ ਲੰਮੇ ਸਿੰਘ ਨਹੀ ਬਣਦੇ
ਕਈ ਧਰਮ ਸਥਾਨਾਂ ਤੇ ਰਹਿੰਦੇ ਲੁੱਟਦੇ ਪਤ ਸ਼ਰੀਰਾਂ ਦੀ,
ਜਦੋਂ ਦੇ ਅਣਜਾਣ ਨਿਸ਼ਾਨੇਬਾਜਾਂ ਦੇ ਹਥ ਆਗੇ ਓਦੋ ਤੋਂ
ਅਣਖ ਮਾਰਕੇ ਰਖਤੀ ਗੋਬਿੰਦ ਤੇਰੇ ਤਿਖਿਆਂ ਤੀਰਾਂ ਦੀ,
ਤੂੰ ਦਿਤੀਆਂ ਸੀ ਕਿਹੜੇ ਕੰਮਾਂ ਨੂੰ,
ਜਾਣ ਵਰਤੀ ਕਿਹੜੇ ਕੰਮਾਂ ਨੂੰ
ਚਮਕ ਮਧਮ ਪਾ ਦਿੱਤੀ ਤੇਰੀਆਂ ਸ਼ਮਸ਼ੀਰਾਂ ਦੀ
ਇਹ ਸਿਆਸਤ ਖੇਡ ਆਮੀਰਾਂ ਦੀ
ਇਹ ਦੁਨੀਆਂ ਖੇਡ ਅਮੀਰਾਂ ਦੀ

ਕੌਣ ਸਵਾਰੇ ਦੇਸ਼ ਮੇਰੇ ਦੀਆਂ ਉਲਝੀਆਂ ਜੁਲਫਾਂ ਨੂੰ
ਲਗੀ ਦੌੜ ਹੈ ਬਣਾਉਣ ਲਈ ਵੱਧ ਜਾਂਗੀਰਾਂ ਦੀ,
ਘਪਲੇ ਘੁਟਾਲੇ ਕਰਕੇ ਕਹਿਣ ਟੋਹਰ ਬਣਦੀ
ਧਰਤੀ ਪਾ ਦਿੱਤੀ ਗਹਿਣੇ ਗੁਰੂਆਂ ਪੀਰਾਂ ਦੀ,
ਓਹ ਚੜੇ ਫਾਂਸੀ ਹਸਕੇ ਇਹ ਜਮਾਨਤਾਂ ਤੋਂ ਆਉਣ ਹਸਕੇ
ਲੋਕ ਅਜੇ ਵੀ ਇਜਤ ਕਰਦੇ ਕਈ ਐਹੋ ਜੇਹੇ ਕਤੀੜਾ ਦੀ
ਇਹ ਸਿਆਸਤ ਖੇਡ ਆਮੀਰਾਂ ਦੀ
ਇਹ ਦੁਨੀਆਂ ਖੇਡ ਅਮੀਰਾਂ ਦੀ

ਓਹ ਆਰਾਮ ਕਰਨ ਖੁਦਕੁਸ਼ੀਆਂ ਕਿਸਾਨ ਕਰਨ
ਮੈਂ ਰੋਇਆ ਨਹੀ ਅਖ ਭਰੀ ਸੀ ਡੁਲਗੀ ਨੀਰਾਂ ਦੀ,
ਕਿਉਂਕਿ ਰੌਣ ਵੀ ਨਹੀ ਦਿੰਦੇ ਕੁਟਦੇ ਪਾਣੀ ਪਾ ਪਾਕੇ
ਮਟਕਾ ਚੌਕ ‘ਚੌ ਕੋਈ ਨੀ ਸੁਣਦਾ ਮਾਂ ਮਟੀਹਰਾਂ ਦੀ,
ਇਨਸਾਫ ਨਹੀਂ ਮਿਲਿਆ ਹੁਣ ਤੱਕ ਹਾਏ ਰੂਹਾਂ ਭਟਕਦੀਆਂ
ਵਿੱਚ ਚੁਰਾਸੀ ਵਗੀ ਹਨੇਰੀ ਸੀ ਜਦੋ ਆਖੀਰਾਂ ਦੀ,
ਇਹ ਸਿਆਸਤ ਖੇਡ ਆਮੀਰਾਂ ਦੀ
ਇਹ ਦੁਨੀਆਂ ਖੇਡ ਅਮੀਰਾਂ ਦੀ

ਕਰਕੇ ਮੁੱਠੀ ਵਿਚ ਪੰਜਾਬ ਕਹਿਣ ਰਾਜ ਨੀ ਸੇਵਾ ਏ
ਕਰਾਮਾਤ ਸਾਰੀ ਹਥਾਂ ਦੀਆਂ ਚਾਰ ਲਕੀਰਾਂ ਦੀ,
ਬੈਠਕੇ ਗੋਲ ਮੇਜ ਕੁਰਸੀਆਂ ਤੇ ਨਿਤ ਮੁੜ ਜਾਂਦੀ
ਕਰਦੀ ਕੁੱਝ ਨੀ ਅੰਦਰ ਬੈਠੀ ਜੋ ਡਾਰ ਵਜੀਰਾਂ ਦੀ,
ਇਨ੍ਹਾਂ ਦੀਆਂ ਕੁਤਿਆਂ ਦੇ ਨਾਂਵਾਂ ਤੇ ਕੰਪਨੀਆਂ ਚਲਦੀਆਂ
ਸਾਡੇ ਸਿਰ ਅਜੇ ਤੱਕ ਛਤ ਕਾਨਿਆਂ ਸ਼ਤੀਰਾਂ ਦੀ,
ਇਹ ਦੁਨੀਆਂ ਖੇਡ ਅਮੀਰਾਂ ਦੀ
ਇਹ ਸਿਆਸਤ ਖੇਡ ਆਮੀਰਾਂ ਦੀ

ਚੜ੍ਹ ਉੱਚੀਆਂ ਥਾਂਵਾਂ ਤੇ ਜਿਨ੍ਹਾਂ ਨੇ ਹਕ ਮੰਗੇ
ਆਪ ਨਹੀ ਆਏ ਥਲੇ ਆਈ ਰਾਖ ਹੀ ਬਸ ਸ਼ਰੀਰਾਂ ਦੀ,
ਤੂੰ ਆ ਨਾਨਕਾ ਜਾਂ ਭੇਜ ਕੋਈ ਮਾਂਗ ਸਜਾਂ ਜਾਵੇ
ਸਾਡੀਆਂ ਜੁਲਮ ਦੇ ਹਥੋ ਰੰਡੀਆਂ ਹੋਈਆਂ ਤਕਦੀਰਾਂ ਦੀ,
ਪਤਾ ਥੋਨੂੰ ਵੀ ਤੇ ਪਤਾ ਮੈਨੂੰ ਵੀ ਹਸ਼ਰ ਹੈ ਕੀ ਹੋਣਾ
ਆਇਆ ਬਾਂਦਰ ਹਥ ਪਟੋਲਾ ‘ਜੀਤੀ’
ਹੋਣਾ ਅੰਤ ਲੀਰਾਂ ਲੀਰਾਂ ਜੀ
ਇਹ ਦੁਨੀਆਂ ਖੇਡ ਅਮੀਰਾਂ ਦੀ
ਇਹ ਸਿਆਸਤ ਖੇਡ ਆਮੀਰਾਂ ਦੀ

905 867 7398



Vicky Dillion, a resident of ward 10 in Brampton has resided in the area for the last 15 years. He hopes to represent two of the fastest growing wards in the city of Brampton, Wards 9 and 10. He was elected as City Councillor in 2006 municipal elections, and was re-elected in 2010. He participates on a number of committees: He is the vice-chair of both the Community Services and Planning Design & Development Committee; He is on the Board of Directors for the Brampton Library; He sits on the Taxi Cab Advisory Committee, Information Technology Advisory Committee, Brampton Seniors Council, Brampton Fire Grievance Committee, and Humber Watershed Alliance; He also participates in sports related committees, including: Brampton Sports Hall of Fame, Brampton Sports Alliance and the Brampton Cricket Advisory Committee.

For his dedication and community work, the Peel Multicultural Council presented Vicky with a volunteer Appreciation Aware. He also received the President Scouts Award, and in 2012, the prestigious Queen Elizabeth II Diamond Jubilee Medal. During his terms, he fostered positive working partnerships with all levels of governments; improved regional and local road systems, opened new Gore Meadows Community Centre and Library, and added new sports fields. He has focused on safety and security for citizens of Brampton, and active living & celebration of diversity and cultures. His work on the City's Environmental Master Plan and the Brampton Growth plan has contributed greatly toward the protection of the City's natural resources, including woodlots, marshes, and wetlands. Dillion hopes for re-election during the coming elections so that he can continue to work for his city.

## ਸਰੋਕਾਰਾਂ ਦੀ ਆਵਾਜ਼ ਨੂੰ ਲੋੜ ਹੈ

ਕੈਨੇਡਾ ਤੋਂ ਛਪਣ ਵਾਲੇ ਮਹੀਨਾਵਾਰ ਅਖ਼ਬਾਰ 'ਸਰੋਕਾਰਾਂ ਦੀ ਆਵਾਜ਼' ਨੂੰ ਵੱਖ-ਵੱਖ ਥਾਵਾਂ ਤੋਂ ਬਿਜਨਿਸ ਪ੍ਰਤੀਨਿਧਾਂ ਦੀ ਲੋੜ ਹੈ। ਚਾਹਵਾਨ ਤੁਰੰਤ ਸੰਪਰਕ ਕਰਨ

HARBANS SINGH
416-817-7142
Email: ppapmg@gmail.com
Website: www.ppapmg.com


Tri-City
Professional Realty Inc. Brokerage
"Aiming Straight with Honesty and Integrity"
Since 1987 on Full Time Basis
Dri: 416-254-7573, Off.: 905-793-5777
Email : pdosanjh2005@yahoo.com



Paul Dosanjh
Sales Representative

UPPAL TRAVEL
A Name You Can Trust.



Complete Worldwide Travel, Visa, Passport & Citizen Photo Services
Tel: 905-676-8200
Email: uppaltravel@hotmail.com
2857 Derry Rd. E. Mississauga, ON L4T 1A6
Fax: 905-672-784
Avtar Uppal
PRESIDENT

FIVE STAR
INSURANCE BROKERS LIMITED
Put our 5 star service to work for you



Our Services:
- Auto & Home Insurance
- Truck Insurance
- Business Insurance
- Commercial Insurance
- Medical Insurance
- Health Insurance
- Marine Insurance
- Manufacturers Insurance
- Professional Office Insurance
- Restaurant Insurance
- Contractors Insurance
- Life Insurance
- Disability Insurance

& we will handle all your specialty needs quickly and efficiently

FI[redacted]TAR INSURANCE BROKERS LIMITED
[redacted]Ensuring Proper Insurance Coverage"
Bram[redacted]
350 Rut[redacted]uth,
Building #2, [redacted]te #310,
Brampton, ON L6W 3M2
We will Compare 15 Insurance Company Rates Instantly.
Save 51%
(with qualified discounts)
Tel: 905-459-0555
Toll Free : 1-877-847-6263
Fax: 1-888-562-5094
Get Quotes Online and Buy Insurance Online
Email: dave@fivestarinsurance.ca
Website: www.fivestarinsurance.ca
Brampton, 270 Orenda Road #200, ON L6T 4X6

GALAXY Freightline inc.
Hiring Drivers/Owners/Operators
We Offer:
*Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time
We Require:
*2 Years Experience
* Clean Current Abstract
* Ability to Cross Border
* Positive, Professional Attitude
For:
*GTA
* ON-QC
* ON-MB-AB-BC
* USA
TEL: 1-877-251-5299
FAX: 416-644-8882
EMAIL: dispatch@galaxyfreightline.com
www.galaxyfreightline.com
*1580 Britannia Road East *Mississauga *ON *L4W 1J2

# ਕਲਮਾਂ ਅਤੇ ਕਲਮਕਾਰਾਂ ਵਿਚ ਜਾਤੀਵਾਦ ਦਾ ਰੁਝਾਨ ਬੇਹੱਦ ਖਤਰਨਾਕ ਤੇ ਮੰਦਭਾਗਾ

**ਸੰਜੀਵਨ ਸਿੰਘ**




ਕਲਮਾਂ ਅਤੇ ਕਲਮਕਾਰਾਂ ਜਿਨ੍ਹਾਂ ਨੇ ਸਮਾਜ ਦੀ ਅਗਵਾਈ ਕਰਨੀ ਹੁੰਦੀ ਹੈ, ਜਿਨ੍ਹਾਂ ਨੇ ਮਨੁੱਖ ਦਾ ਰਾਹ ਰੁਸ਼ਨਾਉਣਾ ਹੁੰਦਾ ਹੈ, ਜਿਨ੍ਹਾਂ ਨੇ ਲੋਕਾਈ ਦੀ ਬਾਤ ਪਾਉਣੀ ਹੁੰਦੀ ਹੈ, ਵਿਚ ਜਾਤੀਵਾਦ ਦਾ ਰੁਝਾਨ ਬੇਹੱਦ ਖਤਰਨਾਕ ਅਤੇ ਮੰਦਭਾਗਾ ਹੈ। ਪੰਜਾਬੀ ਸਾਹਿਤ ਸਭਾ ਮੁਹਾਲੀ ਦੀ ਸਰਾਓ ਹੋਟਲ ਫੇਜ਼-10 ਵਿਖੇ ਹੋਈ ਸਾਹਿਤਕ ਇੱਕਤਰਤਾ ਦੌਰਾਨ 'ਸਾਹਿਤ ਵਿਚ ਜਾਤੀਵਾਦ ਦੀ ਪ੍ਰਸੰਗਕਤਾ'ਬਾਰੇ ਵਿਚਾਰ-ਚਰਚਾ ਦੌਰਾਨ ਇਹ ਵਿਚਾਰ ਮੁੱਖ ਰੂਪ ਵਿਚ ਉਭਰ ਕੇ ਸਾਹਮਣੇ ਆਏ।

ਪੰਜਾਬੀ ਲੇਖਕਾ ਤਾਰਨ ਗੁਜਰਾਲ ਦੀ ਪ੍ਰਧਾਨਗੀ ਹੇਠ ਹੋਈ ਸਾਹਿਤਕ ਇੱਕਤਰਤਾ ਦੌਰਾਨ 'ਸਾਹਿਤ ਵਿਚ ਜਾਤੀਵਾਦ ਦੀ ਪ੍ਰਸੰਗਕਤਾ'ਬਾਰੇ ਪ੍ਰਸਿੱਧ ਵਿਦਵਾਨ ਅਤੇ ਚਿੰਤਕ ਡਾ. ਰਣਜੀਤ ਬਾਜਵਾ, ਸਾਬਕਾ ਉਪ ਚੇਅਰਮੈਨ, ਪੰਜਾਬ ਸਕੂਲ ਸਿਖਿਆ ਬੋਰਡ ਨੇ ਆਪਣੇ ਮੁਖ ਭਾਸ਼ਣ ਵਿਚ ਕਿ ਸਾਹਿਤ ਵਿਚ ਜੱਟਵਾਦ ਤੋਂ ਦਲਿਤਵਾਦ ਭਾਰੂ ਹੋ ਰਿਹਾ ਹੈ। ਕੌਮੀ ਅਤੇ ਕੌਮਾਂਤਰੀ ਪੁਰਸਕਾਰ ਵੀ ਜਾਤੀਵਾਦ ਦੇ ਪ੍ਰਭਾਵ ਤੋਂ ਮੁਕਤ ਨਹੀਂ ਹਨ। ਭਾਰਤੀ ਸਮਾਜ ਵਿਚ ਜਾਤੀਵਾਦ ਦਾ ਸਿਲਸਿਲਾ ਸਦੀਆਂ ਪੁਰਾਣਾ ਹੈ। ਲੇਖਕ ਦੀ ਲਿਖਤ ਵਲ ਧਿਆਨ ਦੇਣਾ ਚਾਹੀਦਾ ਹੈ ਨਾ ਕਿ ਉਸ ਦੀ ਜਾਤ ਬਾਰੇ। ਸਾਹਿਤ ਸਭਾ ਦੇ ਜਨਰਲ ਸਕੱਤਰ ਡਾ. ਸਵੈਰਾਜ ਸੰਧੂ ਨੇ ਮੰਚ ਸੰਚਾਲਨ ਕਰਦੇ ਆਪਣੇ ਵਿਚਾਰ ਪ੍ਰਗਟ ਕਰਦੇ ਕਿਹਾ ਕਿ ਜਾਤੀਵਾਦ ਦਾ ਬੜਾਵਾ ਆਪਣੇ ਸਮਿਆਂ ਦੇ ਪ੍ਰਸਿੱਧ ਅਤੇ ਚਰਚਿਤ ਕਲਮਕਾਰਾਂ ਨੇ ਗੱਜ-ਵੱਜ ਕੇ ਕੀਤਾ। ਪਹਿਲਾਂ ਜੱਟਵਾਦ ਭਾਰੂ ਸੀ। ਪੰਜਾਬੀ ਦੇ ਪ੍ਰਸਿੱਧ ਕਲਮਕਾਰ ਜਿਸ ਨੇ ਆਪਣੇ ਨਾਵਲਾਂ ਰਾਹੀਂ ਲੋਕ ਲਹਿਰਾਂ ਨੂੰ ਅਸਰਅੰਦਾਜ਼ ਕੀਤਾ ਅਤੇ ਵਿਛੜ ਚੁੱਕੇ ਪੰਜਾਬੀ ਦੇ ਪ੍ਰਸਿੱਧ ਆਲੋਚਕ, ਪੰਜਾਬੀ ਲੇਖਕ ਅਤੇ ਨਾਟਕਕਾਰ ਕੇਵਲ ਜੱਟਾਂ ਨੂੰ ਹੀ ਲੇਖਕ ਮੰਨਦੇ। ਪਹਿਲੀ ਵਾਰ ਮਿਲਣ ਵਾਲੇ ਹਰ ਲੇਖਕ ਨੂੰ ਪਹਿਲਾਂ ਉਸ ਦੀ ਜਾਤ ਪੁੱਛਦੇ ਜੇ ਗ਼ੈਰ ਜੱਟ ਹੁੰਦਾ ਤਾਂ ਉਸ ਨੂੰ ਕਲਮ ਛੱਡ ਆਪਣਾ ਕਿੱਤਾ ਅਪਣਾਉਣ ਦਾ ਮਸ਼ਵਰਾ ਦਿੰਦੇ।

ਡਾ. ਨਿਰਮਲ ਬਾਸੀ ਨੇ ਬਹਿਸ ਦਾ ਆਗਾਜ਼ ਕਰਦੇ ਕਿਹਾ ਕਿ ਇਹ ਬੜਾ ਗੰਭੀਰ ਮਸਲਾ ਹੈ। ਭਾਰਤੀ ਸਮਾਜ ਪਹਿਲਾਂ ਹੀ ਜਾਤਾਂ ਅਤੇ ਜਮਾਤਾਂ ਵਿਚ ਵੰਡਿਆ ਹੋਇਆ ਹੈ। ਸਾਹਿਤਕਾਰਾਂ ਨੂੰ ਇਸ ਕਿਸਮ ਦੇ ਵਾਦਾਂ ਤੋਂ ਪਰਹੇਜ਼ ਹੀ ਕਰਨਾ ਚਾਹੀਦਾ ਹੈ। ਕਵਿਤਰੀ ਅਤੇ ਕਹਾਣੀਕਾਰਾਂ ਸੁਰਜੀਤ ਕੌਰ ਬੈਂਸ ਨੇ ਕਿਹਾ ਕਿ ਜਦੋਂ ਤੱਕ ਬੁਨਿਆਦੀ ਵੰਡਾਂ ਬੰਦ ਨਹੀਂ ਕਰਾਂਗੇ ਸਾਹਿਤ ਵਿਚ ਜਾਤੀਵਾਦ ਆਵੇਗਾ ਹੀ ਆਵੇਗਾ। ਸਾਹਿਤ ਵਿਚ ਜਾਤੀਵਾਦ ਦੇ ਖਾਤਮੇ ਲਈ ਪਹਿਲਾਂ ਸਾਨੂੰ ਆਪਣੇ ਸਿਰਾਂ 'ਤੇ ਲੱਗੀਆਂ ਉਚੀਆਂ ਜਾਤਾਂ-ਗੌਤਾਂ ਦੀ ਕਲਗੀਆਂ ਲਾਹੁਣੀਆਂ ਪੈਣਗੀਆਂ।

ਨਾਟਕਕਾਰ ਸੰਜੀਵਨ ਨੇ ਕਿਹਾ ਕਿ ਸਾਹਿਤ ਵਿਚ ਜਾਤੀਵਾਦ ਦਾ ਮਸਲਾ ਬਹੁਤ ਜਟਿਲ ਅਤੇ ਪੇਚੀਦਾ ਹੈ। ਮੇਰੇ ਹਾਲੇ ਤੱਕ ਇਹ ਸਮਝ ਨਹੀਂ ਸਕਿਆ ਸਾਹਿਤ ਵਿਚ ਦਲਿਤਵਾਦ ਨੂੰ ਉਭਰਾਨ ਵਾਲੇ ਮਿੱਤਰਾਂ ਦਾ ਇਸ ਤੋਂ ਭਾਵ ਕੀ ਹੈ, ਜਿਹੜਾਂ ਲੇਖਕ ਦਲਿਤਾਂ ਬਾਰੇ ਲਿਖਦਾ ਹੈ, ਉਹ ਦਲਿਤ ਲੇਖਕ ਹੈ ਜਾਂ ਜਿਹੜਾ ਦਲਿਤ ਭਾਈਚਾਰੇ ਨਾਲ ਸਬੰਧਤ ਹੈ, ਉਹ ਦਲਿਤ ਲੇਖਕ ਹੈ। ਜੇ ਦਲਿਤਾਂ ਦੀ ਬਾਤ ਪਾਉਣ ਵਾਲੇ ਲੇਖਕ ਨੂੰ ਦਲਿਤ ਲੇਖਕ ਕਹਿ ਰਹੇ ਹਨ ਤਾਂ ਬਾਬੇ ਨਾਨਕ ਤੋਂ ਵੱਡਾ ਕਿਹੜਾ ਦਲਿਤ ਲੇਖਕ ਹੋ ਸਕਦਾ ਹੈ। ਜਿਨ੍ਹਾਂ ਦਲਿਤਾਂ ਦੇ ਹੱਕ ਵਿਚ ਬੇਖੌਫ਼ ਕਲਮ ਚਲਾਈ।

ਪੰਜਾਬੀ ਲੇਖਕ ਰਿਪੁਦਮਨ ਸਿੰਘ ਰੂਪ ਨੇ ਕਿਹਾ ਕਿ ਭਾਰਤੀ ਸਮਾਜ ਵਿਚ ਜਾਤੀਵਾਦ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਅਤੇ ਮਜ਼ਬੂਤ ਹਨ। ਦਲਿਤ ਉਹ ਹੈ ਜੋ ਆਪਣੀ ਸੋਚ ਅਤੇ ਕੰਮ ਵਿਚ ਗਿਰਿਆ ਹੋਇਆ ਹੈ। ਮੂਲ ਰੂਪ ਵਿਚ ਆਰਥਿਕਤਾ ਹੀ ਜਾਤੀਵਾਦ ਦੀ ਜੜ ਹੈ। ਡਾ. ਸੁਰਿੰਦਰ ਗਿੱਲ ਨੇ ਕਿਹਾ ਕਿ ਸਾਹਿਤ ਵਿਚ ਜਾਤੀਵਾਦ ਇਸ ਲਈ ਹੈ ਕਿਉਂਕਿ ਸਮਾਜ ਵਿਚ ਜਾਤੀਵਾਦ ਦੀ ਪਕੜ ਅਤੇ ਜਕੜ ਬੇਹੱਦ ਮਜਬੂਤ ਹੈ। ਐਵੋਕੇਟ ਪਰਮਿੰਦਰ ਗਿੱਲ ਨੇ ਕਿਹਾ ਕਿ ਲੇਖਕਾਂ, ਬੁੱਧੀਜੀਵੀਆਂ, ਵਿਦਵਾਨਾਂ, ਚਿੰਤਕਾਂ ਜਿਨ੍ਹਾਂ ਸਮਾਜ ਦੀ ਅਗਵਾਈ ਕਰਨੀ ਹੁੰਦੀ ਹੈ ਘੱਟੋ-ਘੱਟ ਉਨ੍ਹਾਂ ਵਿਚ ਜਾਤੀਵਾਦ ਪੈਦਾ ਹੋਣਾ ਚਿੰਤਾਜਨਕ ਹੈ। ਸਾਹਿਤਕ ਇਕੱਤਰਤਾ ਦੇ ਦੂਸਰੇ ਦੌਰ ਵਿਚ ਸਾਵਣ ਦੀ ਬਾਤ ਪਾਉਂਦੀ ਸ਼ਾਇਰੀ ਪੰਜਾਬੀ ਗਾਇਕ ਕੁਲਬੀਰ ਸੈਣੀ ਨੇ ਮਨ ਮੇਰਾ ਕਿੰਝ ਮੈਲਾਂ ਪਾਵੇ, ਮੇਰਾ ਸਾਵਣ ਸੱਕਾ ਲੱਗਿਆ, ਗੀਤਕਾਰ ਭੁਪਿੰਦਰ ਮਟੋਰੀਆਂ ਨੇ ਸਾਉਣ ਦਾ ਮਹੀਨਾਂ ਬਾਗੀ ਬੋਲਦੇ ਨੇ ਮੋਰ, ਸੁਰਜੀਤ ਬੈਂਸ ਨੇ ਕਣੀਆਂ ਚੌੜੇ ਪੱਤਿਆਂ, ਨਿੱਕੀਆਂ ਬਾਹਵਾਂ ਪੱਕੇ ਫਰਸ਼ਾਂ ਉਪਰ ਡਿਗਦੀਆਂਹਾਜ਼ਰੀਨ ਨਾਲ ਸਾਂਝੀਆਂ ਕੀਤੀਆਂ। ਤਾਰਨ ਗੁਜਰਾਲ ਨੇ ਆਪਣੀ ਕਵਿਤਾ ਮਾਏ ਨੀ ਇਹ ਕਿਹਾ ਸਾਵਣ ਆਇਆਸੁਣਾਈ ਅਤੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਸਾਹਿਤ ਵਿਚ ਜਾਤੀਵਾਦ ਵਰਗੇ ਅਹਿਮ ਅਤੇ ਗੰਭੀਰ ਮਸਲੇ ਉਪਰ ਚਿੰਤਾ ਵਿਅਕਤ ਕਰਦੇ ਕਿਹਾ ਕਿ ਇਹ ਗਹਿਰੀ ਚਿੰਤਾ ਦਾ ਮਸਲਾ ਹੈ। ਪੰਜਾਬੀ ਸਾਹਿਤ ਸਭਾ ਮੁਹਾਲੀ ਵੱਲੋਂ ਅਜਿਹੇ ਸੂਖਮ ਵਿਸ਼ੇ ਉਪਰ ਗੱਲਬਾਤ ਕਰਕੇ ਸਾਹਿਤ ਪ੍ਰਤੀ ਆਪਣੀ ਗੰਭੀਰਤਾ ਦਾ ਸਬੂਤ ਦਿੱਤਾ ਹੈ। ਸਾਹਿਤ ਵਿਚ ਜਾਤੀਵਾਦ ਬਾਰੇ ਚਰਚਾ ਹੋਰ ਵੀ ਸਾਹਿਤਕ ਸੰਸਥਾਵਾਂ ਵੱਲੋਂ ਕਰਵਾਈ ਜਾਣੀ ਚਾਹੀਦੀ ਹੈ।




S. Mehanga Singh Saraf

M.S. Int. Jewellers Inc.

22Kt./24kt. Gold Jewellery

CASH FOR GOD

CASH FOR DIAMOND

& CASH FOR PLATINUM

DIAMONDS



14K, 18K Yellow & White Gold, Platinum Jewellery

905-6771-9934

2985 DREW RD, UNIT #116, MISSISSAUGA

Commitment to Excellent Services

Punjab Insurance Inc

Punjab Insurance Inc

Your Insurance Advisor

Super Visa Insurance

Disability Insurance | Life Insurance| Critical Illness Insurance|

Mortgage Insurance Segregated Funds| RRSP & TFSA | RESP|

Email : dharbans@hotmail.com www.numberoneinsurance.ca



Harbans Singh

416-817-7142